੧ ਓ ਸਤਿਗੁਰ ਪ੍ਰਸਾਦਿ ॥

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥

ਤਵਾਰੀਖ਼ ਸ੍ਰੀ ਅੰਮ੍ਰਿਤਸਰ

ਜਿਸ ਵਿਚ

ਅੰਮ੍ਰਿਤਸਰ ਸ਼ਹਿਰ ਦਾ ਪੁਰਾਤਨ ਵੇਰਵੇ ਸਹਿਤ ਸੰਪੂਰਨ ਇਤਿਹਾਸ

—: ਕ੍ਰਿਤ :—

ਪ੍ਰਸਿੱਧ ਇਤਿਹਾਸਕਾਰ

ਸ੍ਰੀਮਾਨ ਪੰਥ ਰਤਨ ਬਾਬੂ ਗਿਆਨ ਸਿੰਘ ਜੀ ਗਿਆਨੀ

ਪ੍ਰਕਾਸ਼ਕ : ਕੇਂਦਰੀ ਸਿੰਘ ਸਭਾ ਕਮੇਟੀ, ਸ੍ਰੀ ਅੰਮ੍ਰਿਤਸਰ

੧ ਓ ਸਤਿਗੁਰ ਪ੍ਰਸਾਦਿ ॥

ਡਿਠੇ ਸਭੇ ਥਾਵ ਨਹੀ ਤੁਧੁ ਜੇਹਿਆ ॥

* ਤਵਾਰੀਖ਼ ਸ੍ਰੀ ਅੰਮ੍ਰਿਤਸਰ *

ਜਿਸ ਵਿਚ

ਅੰਮ੍ਰਿਤਸਰ ਸ਼ਹਿਰ ਦਾ ਪੁਰਾਤਨ ਵੇਰਵੇ ਸਾਹਿਤ ਸੰਪੂਰਨ ਇਤਿਹਾਸ

-: ਕ੍ਰਿਤ :-

ਪ੍ਰਸਿੱਧ ਇਤਿਹਾਸਕਾਰ

ਸ੍ਰੀਮਾਨ ਪੰਥ ਰਤਨ ਬਾਬਾ ਗਜਾਨ ਸਿੰਘ ਜੀ ਗਜਾਨੀ

ਪ੍ਰਕਾਸ਼ਕ : ਕੇਂਦਰੀ ਸਿੰਘ ਸਭਾ ਕਮੇਟੀ ਸ੍ਰੀ ਅੰਮ੍ਰਿਤਸਰ

ਜਿਲਦ ਸਮੇਤ : ਪੰਜ ਰੁਪਏ

ਬਿਨਾ ਜਿਲਦ : ਸਾਢੇ ਤਿੰਨ ਰੁਪਏ

ਸੰਪਾਦਤ ਐਡੀਸ਼ਨ ਪਹਿਲੀ ਵਾਰ

ਪ੍ਰਭਜੋਤ ਪ੍ਰਿੰਟਿੰਗ ਪ੍ਰੈਸ ਅੰਮ੍ਰਿਤਸਰ ਵਿਚ ਸ੍ਰਦਾਰ ਦਲੀਪ ਸਿੰਘ
ਪ੍ਰਿੰਟਰ ਦੇ ਯਤਨ ਨਾਲ ਛਪੀ

ਤਤਕਰਾ

ਭੂਮਿਕਾ

ਆਪਣੇ ਸਮੇਂ ਤੱਕ ਦੇ ਸਿੱਖਾਂ ਦੇ ਸਾਰੇ ਇਤਿਹਾਸ ਨੂੰ ਕਲਮ-ਬੰਦ ਕਰਨ ਵਾਲੇ, ਗਿਆਨੀ ਗਿਆਨ ਸਿੰਘ ਜੀ ਲਿਖਤ, ਤਵਾਰੀਖ ਅੰਮ੍ਰਿਤਸਰ ਇਕ ਦੁਰਲੱਭ ਤੇ ਕੀਮਤੀ ਪੁਸਤਕ ਹੈ।

ਪੰਥ ਰਤਨ ਗਿਆਨੀ ਜੀ ਨੇ ਇਹ ਪੁਸਤਕ ੧੯੪੬ ਬਿਕ੍ਰਮੀ ਵਿਚ ਲਿਖੀ ਅਤੇ ੧੯੨੩ ਵਿਚ ਇਹ ਪੁਸਤਕ ਪਹਿਲੀ ਵਾਰ ਪਟਿਆਲਾ ਰਿਆਸਤ ਵਲੋਂ ਛਾਪੀ ਗਈ। ਗਿਆਨੀ ਜੀ ਇਸ ਤੋਂ ਦੋ ਸਾਲ ਪਹਿਲਾਂ (੨੪ ਸਤੰਬਰ, ੧੯੨੧ ਈ:) ਸਰੀਰ ਤਿਆਗ ਚੁੱਕੇ ਸਨ।

ਆਪ ਦੀਆਂ ਲਿਖੀਆਂ ਸਾਰੀਆਂ ਪੁਸਤਕਾਂ ਛਾਪਣ ਦੀ ਜ਼ਿਮੇਂਵਾਰੀ ਉਨ੍ਹਾਂ ਦੇ ਨਿਕਟ ਸੰਬੰਧੀ ਭਾਈ ਹਮੀਰ ਸਿੰਘ ਜੀ (ਧਨੌਲਾ) ਦੇ ਜ਼ਿਮੇਂ ਲਗਾ ਦਿੱਤੀ ਗਈ ਸੀ। ਰਿਆਸਤ ਪਟਿਆਲਾ ਵਲੋਂ ਇਨ੍ਹਾਂ ਨੂੰ ਛਾਪਣ ਲਈ ਲੋੜੀਂਦੀ ਮਾਇਕ ਸਹਾਇਤਾ ਦਾ ਭਰੋਸਾ ਪ੍ਰਾਪਤ ਸੀ। ਏਸ ਪੁਸਤਕ ਦੇ ਅਖੀਰ ਵਿਚ ਲਗਾਈ ਗਈ ਛਾਪਣ ਵਾਲੀਆਂ ਪੁਸਤਕਾਂ ਦੀ ਸੂਚੀ ਵਿਚ, 'ਤਵਾਰੀਖ ਲਾਹੌਰ' ਦਾ ਨਾਮ ਵੀ ਸ਼ਾਮਲ ਹੈ। ਇਸ ਤੋਂ ਪ੍ਰਗਟ ਹੈ ਕਿ ਪੰਜਾਬ ਦੇ ਵੱਡੇ ਵੱਡੇ ਸ਼ਹਿਰਾਂ ਦਾ ਇਤਿਹਾਸ ਲਿਖਣ ਵਿਚ ਵੀ ਗਿਆਨੀ ਜੀ ਨੇ ਪਹਿਲ ਕੀਤੀ ਸੀ।

ਉਨ੍ਹਾਂ ਨੇ ਇਕ ਯਾਤਰੂ ਬਣ ਕੇ ਕਈ ਵਰ੍ਹੇ ਤੀਰਥਾਂ ਉਪਰ ਭਰਮਣ ਕੀਤਾ, ਭਾਰਤ ਤੇ ਉਸ ਨਾਲ ਲਗਦੇ ਦੀਪਾਂ, ਨੈਪਾਲ, ਭੂਟਾਨ ਵਿਚ ਵੀ ਗਏ। ਜਿਥੇ ਗਏ, ਗੁਰੂ ਨਾਨਕ ਅਤੇ ਦੂਜੇ ਗੁਰੂ ਸਾਹਿਬਾਨ ਦੇ ਚਰਨ ਪਾਉਣ ਦੀ ਸੂਹ ਲਗੀ, ਉਹ ਵਿਰਤਾਂਤ ਨੋਟ ਕਰ ਲਿਆਏ, ਜਿਸ ਦੇ ਅਧਾਰ ਉਤੇ ਆਪ ਜੀ ਦੇ ਵਿਦਿਆ-ਦਾਤਾ ਪੰਡਿਤ ਤਾਰਾ ਸਿੰਘ ਜੀ ਨੇ ਗੁਰ-ਤੀਰਥ-ਸੰਗ੍ਰਹਿ ਤਿਆਰ ਕੀਤਾ, ਪਿਛੋਂ ਜਾ ਕੇ ਗਿਆਨੀ ਜੀ ਨੇ ਗੁਰਧਾਮ-ਦਰਸ਼ਨ ਪੁਸਤਕ ਦੀ ਰਚਨਾ ਕੀਤੀ। ਇੰਞ ਗੁਰਧਾਮਾਂ ਬਾਰੇ ਜਾਣਕਾਰੀ ਦੀਆਂ ਪੁਸਤਕਾਂ ਦੀ ਰਚਨਾ ਕਰਨ ਤੇ ਕਰਾਉਣ ਦਾ ਸਿਹਰਾ ਵੀ ਆਪ ਜੀ ਦੇ ਹੀ ਸਿਰ ਬੱਝਦਾ ਹੈ। ਆਪਣੀਆਂ ਯਾਤਰਾਵਾਂ ਦੇ ਹਾਲਾਤ ਤੇ ਸ੍ਵੈ-ਜੀਵਨੀ ਰਚਨਾ ਵਿਚ ਵੀ ਆਪ ਜੀ ਪਹਿਲੇ ਲੇਖਕਾਂ ਵਿਚ ਹੀ ਆਉਂਦੇ ਹਨ। 'ਸਰਦਾਰ ਖ਼ਾਲਸਾ' ਅਤੇ 'ਪੰਥ ਖਾਲਸਾ' ਦੋ ਹੋਰ ਅਹਿਮ ਪੁਸਤਕਾਂ ਦੇ ਨਾਮ ਹਨ ਜੋ ਸਾਡੀ ਸਭਨਾਂ ਦੀ ਪਹੁੰਚ ਤੋਂ ਦੂਰ ਰਹੀਆਂ ਹਨ।

'ਸਰਦਾਰ ਖ਼ਾਲਸਾ' ਵਿਚ ਉਸ ਸਮੇਂ ਤੱਕ ਪਿਸ਼ਾਵਰ ਤੋਂ ਦਿੱਲੀ ਤੱਕ ਹੋਏ ਸਿੱਖ ਸਰਦਾਰਾਂ ਦੇ ਖ਼ਾਨਦਾਨਾਂ ਦੇ ਹਾਲਾਤ ਸਨ। ਪੰਥ ਖ਼ਾਲਸਾ ਵਿਚ ਪੰਥ ਦੇ ਸੇਵਕਾਂ, ਪ੍ਰਚਾਰਕਾਂ,

ਗੁਰੂ ਅਮਰਦਾਸ ਜੀ ਦੀਆਂ ੨੨ ਮੰਜੀਆਂ ਤੇ ਪੰਥ ਖ਼ਾਲਸੇ ਨੂੰ ਪ੍ਰਚਾਰਨ ਵਾਲੇ ਸਮੂੰਹ ਭਾਂਤ ਦੇ ਸੇਵਕਾਂ ਦਾ ਹਾਲ ਸੀ। ਇਹ ਦੋਵੇਂ ਪੁਸਤਕਾਂ ਛਾਪੇ ਦਾ ਜਾਮਾ ਨਹੀਂ ਪਹਿਨ ਸਕੀਆਂ ਜਿਸ ਕਾਰਨ ਅਸੀਂ ਆਪਣੇ ਇਤਿਹਾਸ ਦੀ ਕੀਮਤੀ ਨਿਧੀ ਤੋਂ ਵੰਚਿਤ ਹੋਏ ਹੋਏ ਅਜ ਧਰਮ ਦੀ ਧਾਹ ਹੀ ਮਾਰ ਸਕਦੇ ਹਾਂ, ਜਾਂ ਉਨ੍ਹਾਂ ਲੋਕਾਂ ਬਾਰੇ ਦੁੱਖ ਪ੍ਰਗਟ ਕਰ ਸਕਦੇ ਹਾਂ, ਜਿਨ੍ਹਾਂ ਨੇ ਇਹ ਖਰੜੇ ਹੜੱਪ ਕਰ ਲਏ।

ਇਨ੍ਹਾਂ ਪੁਸਤਕਾਂ ਬਾਰੇ ਗਿਆਨੀ ਜੀ ਦੀਆਂ ਹੇਠ ਲਿਖੀਆਂ ਲਾਈਨਾਂ ਪੜ੍ਹਨ ਯੋਗ ਹਨ :

ਪੁਨ ਦਸ ਸਾਲ ਮਿਹਨਤ ਕਰ ਗੌਰੈਂ। ਤਵਾਰੀਖ ਗੁਰੂ ਖਾਲਸਾ ਔਰੈਂ।
ਰਚੀ ਪਾਂਚ ਹਿੱਸੇ ਤਿਹ ਕੀਏ। ਦਸ ਗੁਰ ਗਾਥਾ ਸਭ ਪ੍ਰਿਥਮੀਏ।
ਪੰਥ ਗਾਥ ਸਭ ਦੁਤੀਏ ਮੈਂ ਹੈ। ਮਿਸਲ ਦੁਆਦਸ ਤ੍ਰਿਤੀਏ ਪੈ ਹੈ।
ਜਮਨਾ ਤੇ ਲੌ ਅਟਕ ਪ੍ਰਯੰਤੈ। ਜੇ ਸਿੱਖ ਭਏ ਸਰਦਾਰ ਬਯੰਤੈ।
ਤਿਨ ਸਭ ਕੀ ਹੈ ਚਤਰਥ ਮਾਹੈਂ। ਖਾਨਦਾਨ ਤ੍ਰੈ ਸੌ ਬਰਨਾ ਹੈ।
ਬਾਈ ਮੰਜੀ ਬਵੰਜਾ ਪੀੜ੍ਹੇ। ਬਡ ਮਸੰਦ ਬਾਈ ਮੇਵੀੜੇ।
ਗੁਰਦੁਆਰੇ ਗੁਰੂਓਂ ਕੇ ਜੇਤੇ। ਅਰ ਸ਼ਹੀਦ ਗੰਜ ਦੇਹੁਰੇ ਕੇਤੇ।
ਨਾਮੀ ਸਿੱਖ ਦਸੌਂ ਗੁਰ ਪਾਸੈਂ। ਭਏ, ਕਥਾ ਸਭ ਕੀ ਹੈ ਖਾਸੈਂ।
ਬੇਦੀ ਤੇਹਣ ਭੱਲੇ ਸੋਢੀ। ਫਿਰਕੇ ਗੁਰ ਕੇ ਜੇਤਿਕ ਬੋਧੀ।
ਹਿੱਸੇ ਪੰਚਮ ਮੈਂ ਸਭ ਗਾਏ। ਸ਼ਜਰਯੋਂ ਯੁਤ ਭੀ ਅਧਿਕ ਦਿਖਾਏ।
ਗੁਰ ਘਰ ਕੀ ਸਾਖੀ ਜਗ ਜੋ ਹੈ। ਤਵਾਰੀਖ ਮੈਂ ਲੇਖੀ ਸੋ ਹੈ।
ਚਾਰਕ ਦਸਤੇ ਕੀ ਲੇਖਾਈ। ਜੈਸ ਜਮਾਨਾ ਤੈਸ ਬਨਾਈ।
ਜਿਸ ਸਿੱਖ ਕੋ ਗੁਰ ਬਰਕਤ ਦੇ ਹੈ। ਮੁਦ੍ਰਿਤ ਤਿਸ ਕੋ ਸੋਊ ਕਰੈਂ ਹੈ।

ਗਿਆਨੀ ਜੀ ਲਿਖਤ ਪੁਸਤਕਾਂ ਵਿਚੋਂ; ਚੰਗੇ ਭਾਗਾਂ ਨੂੰ ਕੁਝ ਹੋਰ ਪੁਸਤਕਾਂ ਪ੍ਰਾਪਤ ਹੋ ਗਈਆਂ ਹਨ, ਜਿਨ੍ਹਾਂ ਵਿਚ ਖ਼ਾਲਸਾ ਪਤਿਤ ਪਾਵਨ, ਤਵਾਰੀਖ ਬਾਗੜੀਆਂ, ਰਿਪਦਮਨ ਪ੍ਰਕਾਸ਼, ਆਦਿ ਦੇ ਨਾਂ ਵਰਨਣ-ਯੋਗ ਹਨ। ਸਭ ਤੋਂ ਵੱਧ ਲੋੜੀਂਦੀ ਪੁਸਤਕ 'ਤਵਾਰੀਖ ਅੰਮ੍ਰਿਤਸਰ' ਹੈ, ਜਿਸ ਜਿਹੀ ਹੋਰ ਕੋਈ ਲਿਖਤ ਅੰਮ੍ਰਿਤਸਰ ਦੇ ਇਤਿਹਾਸ ਬਾਰੇ ਹੁਣ ਤੱਕ ਨਹੀਂ ਲਿਖੀ ਗਈ। ਸ੍ਰੀ ਅੰਮ੍ਰਿਤਸਰ ਜੀ ਦੇ ਚਾਰ-ਸੌ-ਸਾਲਾ ਉਤਸ਼ਵ ਦੇ ਸਮੇਂ ਇਹ ਪੁਸਤਕ ਪਾਠਕਾਂ ਦੀ ਭੇਟਾ ਕਰਨ ਦੀ ਕੇਂਦਰੀ ਸਿੰਘ ਸਭਾ ਦੇ ਸੇਵਕ, ਖੁਸ਼ੀ ਪ੍ਰਾਪਤ ਕਰ ਰਹੇ ਹਨ।

ਤਵਾਰੀਖ ਅੰਮ੍ਰਿਤਸਰ ਜਿਹੀ ਹੋਰ ਪੁਸਤਕ ਅੰਮ੍ਰਿਤਸਰ ਬਾਰੇ ਤਾਂ ਯਕੀਨਨ ਕੋਈ ਹੋਰ ਹੈ ਹੀ ਨਹੀਂ, ਪਰ ਪੰਜਾਬ ਦੇ ਕਿਸੇ ਸ਼ਹਿਰ ਬਾਰੇ ਵੀ ਸ਼ਾਇਦ ਅਜੇਹੀ ਵੇਰਵਿਆਂ ਅਤੇ

ਵਾਕਫ਼ੀ ਭਰੀ ਰਚਨਾ ਨਹੀਂ ਮਿਲਦੀ। ਪੰਜਾਬ ਦੇ ਸ਼ਹਿਰਾਂ ਦਾ ਇੰਝ ਵੇਰਵੇ ਤੇ ਇਤਿਹਾਸਕ ਛੋਹਾਂ ਨਾਲ ਭਿੰਨਾ ਇਤਿਹਾਸ ਲਿਖਣ ਦੀ ਸੂਝ ਬ੍ਰਿਧ ਪੰਥ ਸੇਵਕ ਗਿਆਨੀ ਜੀ ਤੋਂ ਸੰਪੰਨ ਹੋਣੀ ਅਚੰਭੇ ਦੀ ਗੱਲ ਹੀ ਨਹੀਂ। ਇਹ ਹੈਰਾਨੀ ਪੈਦਾ ਕਰਦੀ ਹੈ ਕਿ ਏਨਾ ਚਿਰ ਪਹਿਲਾਂ ਇਸ ਭਾਂਤ ਦੀ ਕਿਤਾਬ ਦੀ ਪੜਚੋਲ ਕਿਵੇਂ ਕੀਤੀ ਗਈ ਕਿਉਂਕਿ ਆਪ ਜੀ ਦਾ ਸਾਰਾ ਜੀਵਨ ਹੀ ਇਤਿਹਾਸ ਸੀ। ਗਿਆਨੀ ਗਿਆਨ ਸਿੰਘ ਜੀ ਦੀ ਰਸੀ ਹੋਈ ਸੂਝ ਤੇ ਤਜਰਬੇ ਨਾਲ ਮਾਲਾ ਮਾਲ ਚੇਤਨਾ ਇਸ ਪੁਸਤਕ ਦੇ ਪੰਨਿਆਂ ਵਿਚੋਂ ਦੇਖਣ ਯੋਗ ਹੈ। ਕਿਵੇਂ ਉਨ੍ਹਾਂ ਏਨੀ ਵਾਕਫ਼ੀ ਸੰਚਿਤ ਕੀਤੀ ? ਇਹ ਉਨ੍ਹਾਂ ਦੀ ਮਿਹਨਤ ਤੇ ਧੀਰਜ ਦਾ ਹੋਰ ਕਮਾਲ ਹੈ। ਗਿਆਨੀ ਜੀ ਨੇ ਇਹ ਪੁਸਤਕ ਅੰਮ੍ਰਿਤਸਰ ਜੀ ਵਿਚ ਬੈਠ ਕੇ ਇਕ ਇਕ ਚੀਜ਼ ਨੀਝ ਨਾਲ ਦੇਖ ਪਾਖ ਕੇ ਲਿਖੀ ਸੀ।

ਪੁਸਤਕ ਦੇ ਰਚਨ-ਕਾਲ ਤੱਕ ਅੰਮ੍ਰਿਤਸਰ ਸ਼ਹਿਰ ਦੇ ਅਰੰਭ ਸਮੇਂ ਤੋਂ ਲੈ ਕੇ ਜੋ ਵੇਰਵੇ ਭਰੀ ਵਾਕਫ਼ੀ, ਇਤਿਹਾਸਕ ਘਟਨਾਵਾਂ ਤੇ ਮਹੱਤਤਾ ਭਰੀਆਂ ਸੂਚਨਾਵਾਂ ਇਸ ਪੁਸਤਕ ਵਿਚ ਦਿੱਤੀਆਂ ਹਨ, ਉਹਨਾਂ ਤੋਂ ਕਈ ਅੰਧੇਰੇ ਪੱਖ ਰੌਸ਼ਨ ਹੋ ਉਠਦੇ ਹਨ। ਸ਼ਹਿਰ ਦਾ ਸ਼ਾਇਦ ਹੀ ਕੋਈ ਕੋਨਾ, ਕਿਤੇ ਲਗਿਆ ਪੱਥਰ ਤੇ ਅਹਿਮ ਬਿਲਡਿੰਗ ਗਿਆਨੀ ਜੀ ਦੀ ਨਿਗਾਹ ਤੋਂ ਬਚੀ ਹੋਵੇਗੀ। ਇਕ ਦੋ ਥਾਵਾਂ ਉਤੇ ਤੇ ਪੁਜਾਰੀਆਂ ਵਲੋਂ ਲੋੜੀਂਦੀ ਵਾਕਫ਼ੀਅਤ ਨਾ ਮਿਲਣ ਉਤੇ ਆਪ ਜੀ ਨੇ ਦੁੱਖ ਪ੍ਰਗਟ ਕੀਤਾ ਹੈ। ਆਪ ਨੇ ਪੁਜਾਰੀਆਂ ਉਪਰ ਜੋ ਵਿਅੰਗ ਕੀਤੇ ਹਨ ਕਿ, ਉਹ ਆਮਦਨੀ ਆਦਿ ਦੇ ਵੇਰਵੇ ਦੇਣ ਤੋਂ ਕਿਉਂ ਝਿਜਕਦੇ ਹਨ ਆਦਿ* ਉਹ ਆਪ ਜੀ ਦੀ ਨਿਸੰਗਤਾ ਤੇ ਸੱਚ ਪ੍ਰਗਟਾਉਣ ਦੀ ਸ਼ਕਤੀ ਦੇ ਸੂਚਕ ਹਨ। ਪੁਜਾਰੀਆਂ ਪਤੀਦਾਰਾਂ ਦਾ ਮਾਲਕ ਬਣ ਬੈਠਣਾ, ਚੜ੍ਹਤ ਭੇਟ ਗ਼ਰੀਬਾਂ ਤੇ ਪੰਥਕ ਕੰਮਾਂ ਦੀ ਥਾਂ, ਆਪਣੇ ਬਾਲ-ਬੱਚਿਆਂ ਅਤੇ ਮੁਕੱਦਮਿਆਂ ਉਤੇ ਖਰਚ ਲਗ ਜਾਣ (ਸਫ਼ਾ ੧੦੧) ਦਾ ਆਪ ਨੇ ਦਿਲੀ ਦੁੱਖ ਇਸ ਲਿਖਤ ਵਿਚ ਪ੍ਰਗਟਾਇਆ ਹੈ। ਅਖਾੜਿਆਂ ਦੇ ਮਹੰਤਾਂ ਬਾਰੇ ਵੀ ਆਪ ਨੇ ਠੀਕ ਸੰਕੇਤ ਕੀਤੇ ਹਨ :

"ਅੱਜ ਕਲ੍ਹ ਦੇ ਮਹੰਤਾਂ ਪਾਸੋਂ ਇਹ ਗੱਲਾਂ ਕੋਹ ਦੂਰ ਹਨ ਅਰ ਖ਼ੈਰਾਤ ਕੋਲੋਂ (ਜੋ ਉਹਨਾਂ ਦਾ ਧਰਮ ਹੈ) ਘਿਰਣਾ ਕਰਦੇ ਹਨ, ਸਗੋਂ ਵੱਡਿਆਂ ਦੇ ਉਲਟ ਸਿਰ ਤੇ ਮੂੰਹ ਮੁਨਾ, ਕੋਟ ਸੂਟ ਪਹਿਨ, ਐਲਬ੍ਰਟ ਤੇ ਫੈਸ਼ਨ ਵਾਲੇ ਖ਼ੂਬ ਬਾਬੂ ਬਣੇ ਫਿਰਦੇ ਹਨ। ਸਾਰੀਆਂ ਰਸਮਾਂ ਦੁਨੀਆਂਦਾਰਾਂ ਵਾਲੀਆਂ ਕਰਨ ਲਗ ਪਏ ਹਨ, ਅਮੀਰੀ ਭੋਗ ਰਹੇ ਫ਼ਕੀਰੀ ਦਾ ਨਾਂ ਮੁਫ਼ਤ ਵਿਚ ਬਦਨਾਮ ਕਰ ਰਹੇ ਹਨ।" [ਸਫਾ ੭੬

ਅੰਮ੍ਰਿਤਸਰ ਦੇ ਵੱਡੇ ਵੱਡੇ ਗੁਰਧਾਮਾਂ ਦੀ ਬਣਤਰ ਤੇ ਸੇਵਾ, ਸੇਵਾ ਕਰਨ ਵਾਲਿਆਂ ਦੀ

---

*ਵਿਸਥਾਰ ਲਈ ਦੇਖੋ ਫੁਟ ਨੋਟ ਸਫ਼ਾ ੩੪

ਸਫ਼ਲ ਹੋਈ ਮਾਇਆ ਦਾ ਜਿਥੇ ਆਪ ਜੀ ਨੇ ਪੂਰਾ ਪੂਰਾ ਵਰਨਣ ਕੀਤਾ ਹੈ, ਓਥੇ ਹਰਿਮੰਦਰ ਦੇ ਰਸਤਿਆਂ ਤੱਕ ਦਾ ਵੇਰਵਾ ਵੀ ਦਸਿਆ ਹੈ। ਸ਼ਹਿਰ ਦੀ ਵੱਡੀ ਦੀਵਾਰ, ਦਰਵਾਜ਼ਿਆਂ ਤੇ ਡਿਓੜੀਆਂ, ਹਰਿ-ਮੰਦਰ ਸਾਹਿਬ ਦੇ ਅੰਦਰਲੇ ਬਾਹਰਲੇ ਹਾਲਾਤ, ਆਮ ਰਸਮਾਂ ਰੀਤਾਂ ਦੇ ਵਿਕਾਸ ਤੇ ਤਬਦੀਲੀਆਂ, ੧੨ ਅਖਾੜਿਆਂ ੬੯ ਬੁੰਗਿਆਂ, ਧਰਮਸਾਲਾਂ, ਕਟੜਿਆਂ, ਦਰਵਾਜ਼ਿਆਂ, ਠਾਕਰ ਦੁਆਰਿਆਂ, ਏਥੋਂ ਤਕ ਕਿ ਮੁਸਲਮਾਨਾਂ ਦੇ ਤਕੀਆਂ ਮਸੀਤਾਂ ਦਾ ਵਰਨਣ ਵੀ ਆਪ ਨੇ ਨਿਰਸੰਕੋਚ ਦਿੱਤਾ ਹੈ। ਪੁਜਾਰੀਆਂ, ਰਾਗੀਆਂ, ਰਬਾਬੀਆਂ, ਗ੍ਰੰਥੀਆਂ ਅਤੇ ਬਾਕੀ ਕਿਸਮਾਂ ਦੇ ਸਹਾਇਕ ਸੇਵਕਾਂ ਦੇ ਵਰਨਣ ਜੋ ਇਸ ਪੁਸਤਕ ਵਿਚ ਸਜਰੇ ਨਸ਼ਬ ਬਣਾ ਕੇ ਦਿੱਤੇ ਹਨ ਉਹ ਹੋਰ ਕਿਥੋਂ ਮਿਲਣ। ਵਾਧੇ ਦੀ ਗੱਲ ਇਹ ਹੈ ਵੇਰਵੇ ਦਿੰਦਿਆਂ ਨਾਲੋ ਨਾਲ ਸੰਜਮੀ ਭਾਸ਼ਾ ਵਿਚ ਸਬੰਧਤ ਟੂਕਾਂ ਵੀ ਦਿੰਦੇ ਗਏ ਹਨ। ਕਿਤੇ ਵੀ ਲਿਖਣ ਸ਼ੈਲੀ ਨਹੀਂ ਲਟਕੀ ਤੇ ਢਿਲੀ ਨਹੀਂ ਹੋਈ।

ਸਿੱਖ ਰਾਜ ਦੇ ਸਮੇਂ ਜਿੰਨੀ ਸੇਵਾ ਦਰਬਾਰ ਸਾਹਿਬ ਤੇ ਬਾਕੀ ਦੇ ੧੩ ਧਾਮਾਂ ਦੀ ਹੋਈ, ਜਿਸ ਨੇ ਸੇਵਾ ਕੀਤੀ ਤੇ ਜਿਸ ਨੇ ਕਰਾਈ ਉਹਨਾਂ ਦੇ ਖਰਚ ਅਤੇ ਬਿਲਡਿੰਗ ਦੀ ਬਣਤਰ ਦਾ ਵੇਰਵਾ ਕਮਾਲ ਦਾ ਦਿੱਤਾ ਹੈ। ਬਾਹਰਲੀ ਦਰਸ਼ਨੀ ਡਿਉੜੀ, ਅੰਦਰਲੇ ਮੁੱਖ ਦੁਆਰ ਅਤੇ ਹੋਰਸ ਥਾਵਾਂ ਉਤੇ ਕੀ ਕੀ ਲਿਖਿਆ ਹੈ, ਸਮੇਤ ਵੱਖੋ ਵੱਖਰੀਆਂ ਸਿਲਾਂ ਉਪਰ ਲਿਖੇ ਅੱਖਰਾਂ ਦੇ, ਜੋ ਉਸ ਵੇਲੇ ਤੱਕ ਲੱਗ ਚੁੱਕੇ ਸਨ, ਸਭ ਵਾਕਫ਼ੀ ਇਸ ਪੁਸਤਕ ਵਿਚ ਸੰਗ੍ਰਹਿ ਕਰ ਦਿੱਤੀ ਹੈ।

ਹਰਿ-ਮੰਦਰ ਸਾਹਿਬ ਦੀਆਂ ਕੁਝ ਪੁਰਾਤਨ ਰਸਮਾਂ ਦਾ ਵਿਕਾਸ ਤੇ ਤਬਦੀਲੀ ਅਤੇ ਉਨ੍ਹਾਂ ਦੇ ਪ੍ਰਚਲਤ ਹੋਣ ਦਾ ਵੀ ਇਸ ਪੋਥੀ ਵਿਚੋਂ ਪਤਾ ਚਲਦਾ ਹੈ। ਜਿਵੇਂ :—

੧੭੯੭ ਸੰਮਤ ਤੱਕ, ਗੁਰੂ ਗ੍ਰੰਥ ਸਾਹਿਬ ਜੀ ਦੀ ਸਵਾਰੀ ਪਹਿਲਾਂ ਗੁਰੂ-ਕੇ-ਮਹਿਲਾਂ ਤੋਂ ਆਇਆ ਕਰਦੀ ਸੀ। ਗਿਆਨੀ ਜੀ ਦੀ ਲਿਖਤ ਮੁਤਾਬਕ ਫਿਰ ੧੯੧੯ ਤੋਂ ਹੁਣ ਵਾਂਗ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਲਿਆਂਦੇ ਜਾਣ ਦਾ ਨਿਯਮ ਪ੍ਰਵਿਰਤ ਹੋਇਆ। ਗੁਰੂ-ਕੇ-ਮਹਿਲਾਂ ਤੋਂ ਸਵਾਰੀ ਦਾ ਆਉਣਾ ਵੀ ਮੇਹਰਬਾਨੀਆਂ ਦਾ ਕਬਜ਼ਾ ਟੁੱਟਣ ਪਿਛੋਂ ਸ਼ੁਰੂ ਹੋਇਆ ਹੋਵੇਗਾ। ਉਹਨਾਂ ਗੁਰੂ ਗ੍ਰੰਥ ਜੀ ਦੀ ਸਵਾਰੀ ਦੀ ਥਾਂ ਖਬਰੇ ਕੀ ਰੀਤ ਰੱਖੀ ਹੋਵੇਗੀ ? ਗੁਰੂ ਗ੍ਰੰਥ ਸਾਹਿਬ ਜੀ ਦਾ ਅਸਵਾਰਾ ਆਸਾ ਜੀ ਦੀ ਵਾਰ ਦੇ ਕੀਰਤਨ ਦੇ ਵਿਚਕਾਰ ਲਿਆਉਣਾ ਇਹ ਰੀਤ ਸ਼ਾਇਦ ਪਹਿਲਾਂ ਦੂਰੋਂ ਸਵਾਰੀ ਲਿਆਉਣ ਕਰਕੇ ਪਾਈ ਗਈ ਹੋਵੇ। ਕਿਹਾ ਚੰਗਾ ਹੋਵੇ, ਹੁਣ ਜਦੋਂ ਸ੍ਰੀ ਅਕਾਲ ਤਖਤ ਸਾਹਿਬ ਜੀ ਤੋਂ ਅਸਵਾਰੀ ਆਉਂਦੀ ਹੈ ਤਾਂ ਆਸਾ ਦੀ ਵਾਰ ਦੇ ਅਰੰਭ ਸਮੇਂ ਹੀ ਲਿਆਂਦੀ ਜਾਇਆ ਕਰੇ, ਅਤੇ ਵਿਚਕਾਰਲੀ ਅਰਦਾਸ ਜੋ ਇਕ ਤਰ੍ਹਾਂ ਕੜਾਹ ਪ੍ਰਸ਼ਾਦਿ ਕਰਾਉਣ ਵਾਲੇ ਰਾਜਿਆਂ ਦੀ ਕਲਿਆਣ ਜਿਹੀ ਹੋ ਗਈ ਹੈ, ਅਤੇ

ਵਰਤਮਾਨ ਸਮੇਂ ਦੇ ਧਨਾਢ ਸਿੰਘ ਪੈਸੇ ਜਮ੍ਹਾਂ ਕਰਵਾਕੇ ਆਪਣੇ ਨਾਮ ਨਿਤ ਵਧਾਉਂਦੇ ਜਾਂਦੇ ਹਨ। ਇਸ ਬਾਰੇ ਵੀ ਇਕ ਪਾਸੇ ਲਿਖ ਕੇ ਲਗਾ ਦਿਤਾ ਜਾਵੇਗਾ, ਨਹੀਂ ਤਾਂ ਸੰਭਵ ਹੈ ਇਹ ਅਰਦਾਸ ਇਤਨੀ ਵੱਡੀ ਹੋ ਜਾਵੇ ਕਿ ਆਸਾ ਜੀ ਦੀ ਵਾਰ ਦਾ ਇਕ ਦਿਨ ਸਾਰਾ ਸਮਾਂ ਹੀ ਖਾ ਜਾਵੇਗੀ।

ਹਰਿ-ਮੰਦਰ ਸਾਹਿਬ ਵਿਚ ਪੁਰਾਣੇ ਜ਼ਮਾਨੇ ਚਾਰ-ਘੜੀ ਦੁਪਹਿਰ ਪਿਛੋਂ ਕਥਾ ਵੀ ਕੀਤੀ ਜਾਂਦੀ ਸੀ। ਕਥਾ ਦੀ ਇਹ ਰੀਤ ਹੁਣ ਨਹੀਂ, ਸੰਤ ਸਿੰਘ ਜੀ ਗਿਆਨੀ ਦੇ ਪਿਤਾ ਭਾਈ ਸੂਰਤ ਸਿੰਘ ਚਨਿਉਟ ਦੇ ਸਮੇਂ ਅਰੰਭ ਹੋਈ ਸੀ। ਗਿਆਨੀ ਸੰਤ ਸਿੰਘ ਜੀ (੧੮੯੮ ਬਿਕ੍ਰਮੀ) ਦੇ ਚਲਾਣਾ ਕਰ ਜਾਣ ਤੋਂ ਉਹਨਾਂ ਦੇ ਵੱਡੇ ਸਪੁੱਤਰ ਭਾਈ ਗੁਰਮੁਖ ਸਿੰਘ ਗਿਆਨੀ ਬਣੇ। ਇਹ ਗਿਆਨੀਆਂ ਦਾ ਖਾਨਦਾਨ ਕਥਾ ਕਰਨ ਨਾਲੋਂ ਵਧੇਰੇ ਲਾਹੌਰ ਦਰਬਾਰ ਦਾ ਅਹਿਲਕਾਰ ਬਣ ਗਿਆ। ਭਾਈ ਗੁਰਮੁਖ ਸਿੰਘ ਪਿਛੋਂ ਭਾਈ ਪ੍ਰਦੁਮਨ ਸਿੰਘ ਵੀ ਕਥਾ ਸੁੰਦਰ ਕਰਦੇ ਸਨ, ਗਿਆਨੀ ਗਿਆਨ ਸਿੰਘ ਲਿਖਦੇ ਹਨ ਇਹ ਕਥਾ ਕਰਨ ਵਿਚ ਉਤਨੇ ਹੀ ਨਿਪੁੰਨ ਸਨ, ਜਿਤਨੇ ਸ਼ਤਰੰਜ ਚੌਪੜ ਤੇ ਬੁਲਬੁਲਾਂ ਲੜਾਉਣ ਵਿਚ।' ਅਹਿਲਕਾਰ 'ਗਿਆਨੀ' ਜੋ ਹੋਏ?

੨੨ ਨਵੰਬਰ, ੧੮੭੭ ਈਸਵੀ ਵਿਚ ਉਹਨਾਂ ਦੇ ਚਲਾਣਾ ਕਰ ਜਾਣ ਤੋਂ ਗਿਆਨੀ ਪਦ ਉਤੇ ਤਾਂ ਉਹਨਾਂ ਦੀ ਥਾਂ ਭਾਈ ਗੁਰਬਖਸ਼ ਸਿੰਘ ਨੀਯਤ ਹੋਏ, ਆਪ ਹੋਰ ਸਭ ਤਰ੍ਹਾਂ ਦੇ ਪ੍ਰਬੰਧ ਦੇ ਮੁਖੀਏ ਵੀ ਰਹੇ ਪਰ ਉਨ੍ਹਾਂ ਇਕ ਦਿਨ ਵੀ ਕਥਾ ਨਾ ਕੀਤੀ। ਇੰਝ ਹਰਿ-ਮੰਦਰ ਸਾਹਿਬ ਵਿਚ ਕਥਾ ਦੀ ਥਾਂ ਕੀਰਤਨ ਪ੍ਰਧਾਨ ਹੋ ਗਿਆ ਤੇ ਹੁਣ ਅੰਦਰ ਕੇਵਲ ਕੀਰਤਨ ਹੀ ਹੁੰਦਾ ਹੈ।

ਗਿਆਨੀ ਗਿਆਨ ਸਿੰਘ ਜੀ ਨੇ ਇਕ ਫੁਟ-ਨੋਟ ਵਿਚ, ਭਾਈ ਮਨੀ ਸਿੰਘ ਦਾ ਵੇਰਵਾ ਦਿੰਦਿਆਂ ਆਪਣੇ ਇਕ ਬਜ਼ੁਰਗ ਪ੍ਰੇਮ ਸਿੰਘ ਦਾ ਜ਼ਿਕਰ ਕੀਤਾ ਹੈ, ਜੋ ਅੱਛੇ ਨਿਸ਼ਾਨਚੀ ਸਨ, ਉਹਨਾਂ ਨੂੰ ਸਰਕਾਰ ਅੰਗਰੇਜ਼ੀ ਨੇ ਪਿੰਡ ਦੇਣਾ ਚਾਹਿਆ, ਉਹਨਾਂ ਜਵਾਬ ਦਿੱਤਾ 'ਟੋਪੀ ਵਾਲੇ ਦਾ ਦਿੱਤਾ ਹੋਇਆ ਨਹੀਂ ਲਵਾਂਗੇ। ਨਾ ਹੀ ਸਲਾਮ ਕਰਾਂਗੇ, ਨਾ ਹੀ ਤਾਬਿਆਦਾਰੀ ਉਠਾਵਾਂਗੇ। ਇਹ ਲਿਖਤ ਦੇਕੇ (ਪ੍ਰੇਮ ਸਿੰਘ) ਚਲਾ ਗਿਆ।' [ਸਫਾ ੩੮

ਇਹ ਟੂਕ ਉਸ ਜ਼ਮਾਨੇ ਦੇ ਸਿੱਖ ਸਰਦਾਰਾਂ ਦੀ ਅਣਖ ਦਾ ਭਖਦਾ ਪ੍ਰਮਾਣ ਹੈ। ਗਿਆਨੀ ਜੀ ਨੇ ਲਿਖਣ ਵਿਚ ਵੀ ਟੋਪੀ ਵਾਲੇ (ਅੰਗਰੇਜ਼) ਦੇ ਰਾਜ਼ ਦੀਆਂ ਕੜਕਦੀਆਂ ਦੁਪਹਿਰਾਂ ਦੇ ਜ਼ਮਾਨੇ ਵਿਚ ਨਿਰਭੈਤਾ ਵਿਖਾਈ ਹੈ। ਪੁਸਤਕ ਦੇ ਅੰਤ ਵਿਚ ਆਪ ਜੀ ਦੇ ਸੰਬੰਧੀ ਭਾਈ ਹਮੀਰ ਸਿੰਘ ਨੇ ਪਹਿਲੀ ਕਾਰ-ਸੇਵਾ ਬਾਰੇ ਇਕ ਜ਼ਮੀਮਾ ਜੋੜਿਆ ਹੈ, ਜਿਸ ਵਿਚ ਕਾਰ-ਸੇਵਾ

ਦੇ ਹਾਲ ਵੀ ਹਨ, ਪਰ ਵਧੇਰੇ ਪਟਿਆਲਾ-ਪਤੀ ਜੀ ਦੀ ਸੋਭਾ ਅਤੇ ਇਸ ਸੇਵਾ ਦੇ ਯੋਗ ਵਿਚ ਭਾਗ ਲੈਣ ਦਾ ਵਰਨਣ ਹੈ।

ਇਹ ਪੁਸਤਕ ਚੂੰਕਿ ਮਹਾਰਾਜਾ ਪਟਿਆਲਾ ਨੇ ਛਪਾਈ ਸੀ, ਇਹ ਹਕੀਕਤ ਵੀ ਹੈ ਸੀ ਕਿ ਉਹ ਕਾਰ-ਸੇਵਾ ਵਿਚ ਪੂਰੀਸ਼ਾਨ ਸ਼ੌਕਤ ਪਰ ਨਾਲ ਹੀ ਨਿਮ੍ਰਤਾਨਾਲ ਸ਼ਾਮਲਹੋਏ ਸਨ,ਇਸ ਤਵਾਰੀਖ ਦੀ ਲਿਖਤ ਨਾਲ, ਕਾਰ-ਸੇਵਾ ਦੇ ਹਾਲਾਤ ਜੋੜ ਦੇਣੇ ਉਸ ਵੇਲੇ ਰਿਆਸਤ ਅਤੇ ਪ੍ਰਕਾਸ਼ਕ ਦੋਨਾਂ ਲਈ ਲਾਭਵੰਦੇ ਹੀ ਸਨ। ਇੰਝ ਗਿਆਨੀ ਜੀ ਦੀ ਲਿਖੀ ਪੁਸਤਕ ਛਪ ਗਈ ਤੇ ਸਹਾਇਤਾ ਮਿਲ ਗਈ, ਮਹਾਰਾਜਾ ਪਟਿਆਲੇ ਦੀ ਸ਼ਮੂਲੀਅਤ ਤਵਾਰੀਖ ਦਾ ਭਾਗ ਬਣ ਗਈ। ਪਰ ਇਸ ਤੋਂ ਪਹਿਲਾਂ ਪੁਸਤਕ ਲਿਖਣ ਪਿਛੋਂ ਵਰਤੀ ਜਲ੍ਹਿਆਂ ਵਾਲੇ ਬਾਗ਼ ਦੀ ਘਟਨਾ ਪੁਸਤਕ ਦਾ ਭਾਗ ਨਾ ਬਣ ਸਕੀ। ਖਾਲਸਾ ਕਾਲਜ ਬਾਰੇ ਇਸ ਪੁਸਤਕ ਵਿਚ ਕੁਝ ਨਹੀਂ।

ਸਿੰਘ ਸਭਾ ਲਹਿਰ ਦੇ ਉਦਯ ਹੋਣ ਦੀ ਚਰਚਾ ਵੀ ਨਹੀਂ ਹੈ। ਇਸ ਪੁਸਤਕ ਦੇ ਛਪਣ ਪਿਛੋਂ ਅੰਮ੍ਰਿਤਸਰ ਸ਼ਹਿਰ ਅਤੇ ਹਰਿ-ਮੰਦਰ ਸਾਹਿਬ ਦੇ ਪਾਸ ਪੜੋਸ ਵਿਚ ਭਾਰੀ ਤਬਦੀਲੀਆਂ ਆਈਆਂ ਹਨ। ਗੁਰਧਾਮਾਂ ਦੇ ਪੰਥਕ ਪ੍ਰਬੰਧ ਹੇਠ ਆਉਣ ਤੋਂ ਅਨੇਕਾਂ ਕੁਰੀਤੀਆਂ ਹਟੀਆਂ। ਸ੍ਰੀ ਅਕਾਲ ਤਖਤ ਸਾਹਿਬ, ਖਾਲਸਾ-ਪੰਥ ਦੇ ਕੇਂਦਰ ਦੇ ਤੌਰ ਤੇ ਉਜਾਗਰ ਹੋਇਆ। ਏਥੋਂ ਪੰਥ ਦੇ ਹੁਕਮ ਨਿਕਲਣੇ ਅਰੰਭ ਹੋਏ, ਜਿਨ੍ਹਾਂ ਹੁਕਮਾਂ ਉਪਰ ਸਿੱਖ ਜਨ ਸਮੂੰਹ ਨੇ ਤਨ ਮਨ ਘੋਲ ਘੁਮਾਏ, ਸ਼ਹੀਦੀ ਜਥੇ ਚੱਲੇ, ਸ਼ਰੋਮਣੀ ਕਮੇਟੀ ਬਣੀ, ਸ਼ਰੋਮਣੀ ਅਕਾਲੀ ਦਲ ਨੇ ਪੰਥ ਦੀ ਕਮਾਂਡ ਸੰਭਾਲੀ, ਖਾਲਸਾ-ਪੰਥ ਦੇ ਚੋਣਵੇਂ ਸਰਦਾਰਾਂ ਤੇ ਆਗੂਆਂ ਦੇ ਇਕੱਠ ਹੋਏ। ਰਈਸ ਤੇ ਫ਼ਕੀਰ, ਗ਼ਰੀਬ ਤੇ ਅਮੀਰ ਹੱਥਾਂ ਨੂੰ ਗਾਨੇ ਬੰਨ੍ਹ ਕੇ ਮੌਤ ਲਾੜੀ ਨੂੰ ਪ੍ਰਨਾਉਣ ਲਈ ਏਥੇ ਵਹੀਰਾਂ ਪਾਕੇ ਨਿਕਲਦੇ ਰਹੇ। ਸ਼ਰੋਮਣੀ ਕਮੇਟੀ ਗ਼ੈਰ ਕਾਨੂੰਨੀ ਕਰਾਰ ਦਿੱਤੀ ਗਈ। ਗੁਰਦੁਆਰਾ ਐਕਟ ਹੋਂਦ ਵਿਚ ਆਇਆ; ਸਾਰੇ ਥਾਵਾਂ ਉਤੇ ਨਜ਼ਾਇਜ ਮੰਨੇ ਜਾਂਦੇ ਕਬਜ਼ੇ ਤੇ ਅਧਿਕਾਰ, ਕਾਨੂੰਨ ਰਾਹੀਂ ਪ੍ਰਵਾਣ ਕੀਤੇ ਗਏ। ਸਮੇਂ ਦੀ ਫਰੰਗੀ ਸਰਕਾਰ ਨੂੰ ਦੋ ਤਿੰਨ ਵਾਰ ਮੁਠੀ-ਭਰ ਸਿੱਖਾਂ ਦੀ ਜਾਨ ਹੂਲਣ ਵਾਲੀ ਸ਼ਕਤੀ ਤੇ ਸੰਗਠਨ ਦੇ ਸਾਹਮਣੇ ਜ਼ਮਾਨੇ ਨੇ ਝੁਕਦਾ ਦੇਖਿਆ। ਫਰੰਗੀ ਸਰਕਾਰ ਨੂੰ ਚਾਬੀਆਂ ਖਾਲਸਾ-ਪੰਥ ਦੇ ਜਥੇਦਾਰ ਦੇ ਹਵਾਲੇ ਕਰਨੀਆਂ ਪਈਆਂ। ਗੁਰਦੁਆਰੇ ਪੰਥਕ ਪ੍ਰਬੰਧ ਹੇਠਾਂ ਆ ਗਏ। ਰਹਿਤ ਮਰਯਾਦਾ ਵਿਚ ਏਕਤਾ ਲਈ ਯਤਨ ਹੋਏ। ਗੁਰੂ ਕੇ ਬਾਗ਼ ਵਾਲੀ ਸਾਹਮਣੀ ਥਾਂ ਸ਼ਰੋਮਣੀ ਕਮੇਟੀ ਦਾ ਸੈਕਟ੍ਰੀਏਟ ਉਸਾਰਿਆ ਗਿਆ। ਗੁਰੂ ਰਾਮਦਾਸ ਨਿਵਾਸ ਦੀ ਉਸਾਰੀ ਹੋਈ। ਉੱਘੜੀ ਦੁੱਘੜੀ ਕਿਸਮ ਦੇ ਢਹਿ ਰਹੇ ਬੁੰਗਿਆਂ ਨੂੰ ਢਾਹ ਕੇ ਪ੍ਰਕਰਮਾਂ ਚੌੜੀਆਂ ਕਰਨ ਦਾ

ਸੁੰਦਰ ਕਾਰਜ ਹੋਇਆ। ਸਿੱਖ ਹਿਸਟਰੀ ਸੁਸਾਇਟੀ ਦੀ ਸਥਾਪਨਾ ਹੋਈ। ਦੇਸ਼ ਅਜ਼ਾਦ ਹੋਇਆ ਤਾਂ ਅੰਮ੍ਰਿਤਸਰ ਇਕਲਵਾਂਝੇ ਹੋ ਗਿਆ, ਪਰ ਸਿੱਖੀ ਦਾ ਕੇਂਦਰ ਇਹ ਪਹਿਲਾਂ ਵਾਂਗ ਹੀ ਰਿਹਾ।

ਸਿੱਖਾਂ ਨੇ ਏਥੋਂ ਆਪਣੀ ਰਾਜਸੀ ਸ਼ਕਤੀ ਲਈ ਲੜਨਾ ਅਰੰਭ ਕੀਤਾ। ਘਾਲਾਂ ਘਾਲ ਕੇ ਇਕ ਖੇਤਰ ਪੰਜਾਬੀ ਸੂਬੇ ਦੇ ਰੂਪ ਵਿਚ ਆਪਣੀ ਸਭਿਅਤਾ, ਸੰਸਕ੍ਰਿਤੀ ਤੇ ਮਾਤ-ਭਾਸ਼ਾ ਦੀ ਰੱਖਿਆ ਵਾਲਾ ਹੋਂਦ ਵਿਚ ਲਿਆਂਦਾ। ਜਿਸ ਲਈ ਜੋ ਕੁਝ ਹੋਇਆ, ਉਸਦਾ ਅਰੰਭ ਤੇ ਪ੍ਰਵਾਨਗੀ ਦੀ ਮੋਹਰ, ਅੰਮ੍ਰਿਤਸਰ ਤੋਂ ਹੀ ਲਗਦੀ ਰਹੀ। ਗੁਰੂ ਨਾਨਕ ਦੇਵ ਜੀ ਦੀ ਪੰਜ-ਸੌ-ਸਾਲਾ ਯਾਦ ਵਿਚ ਗੁਰੂ ਨਾਨਕ ਨਿਵਾਸ ਉਸਾਰਿਆ ਗਿਆ। ਹੁਣ ਨਵਾਂ ਦੌਰ ਆ ਗਿਆ ਹੈ। ਭਾਰਤ ਤਾਂ ਕੀ ਸ਼ਾਇਦ ਏਸ਼ੀਆ ਵਿਚ ਵੱਡਾ ਹਾਲ 'ਮੰਜੀ ਸਾਹਿਬ ਉਪਰ ਗੁਰਮੁਖ ਸੰਤਾਂ ਦੀ ਸੇਵਾ ਨਾਲ ਸੰਪੰਨ ਹੋ ਗਿਆ ਹੈ। ਗੁਰੂ-ਕਾ ਲੰਗਰ ਇਕ ਹੋਰ ਮਹਾਨ ਉਸਾਰੀ ਅਰੰਭ ਹੈ। ਇਹ ਅਦੁੱਤੀ ਬਿਲਡਿੰਗ ਸੇਵਾ ਇਕ ਸੰਤ ਜੀ ਤੇ ਸ਼ਰੋਮਣੀ ਕਮੇਟੀ ਦੇ ਵਰਤਮਾਨ ਪ੍ਰਧਾਨ ਦੇ ਉੱਦਮ ਨਾਲ ਅੰਤਮ ਛੋਹਾਂ ਲੈ ਕੇ ਸੰਪੂਰਨ ਹੋਣ ਵਾਲੀ ਹੈ। ਘੰਟਾ ਘਰ ਢਸਿ ਚੁਕਿਆ ਹੈ। ਮਲਵਈ ਬੁੰਗੇ ਦੀ ਥਾਂ ਚੌਗਾਨ ਬਣ ਗਿਆ ਹੈ। ਆਸਾ ਪਾਸਾ ਖੁਲ੍ਹਾ ਹੋ ਰਿਹਾ ਹੈ। ਸੁੰਦਰ ਚੌਗਿਰਦਾ ਸਿਰਜਣ ਲਈ ਸਰਕਾਰ ਤੇ ਪ੍ਰਬੰਧਕ ਸੇਵਾ ਵਿਚ ਲਗੇ ਹੋਏ ਹਨ। ਇੰਪਰੂਵਮੈਂਟ ਟਰੱਸਟ ਹਰਿਮੰਦਰ ਨੂੰ ਆਉਂਦੇ ਰਾਹ ਖੋਲ੍ਹ ਕੇ ਕਈ ਦੂਜੀਆਂ ਅਬਾਦੀਆਂ ਨਾਲ ਸਿੱਧਾ ਜੋੜ ਰਿਹਾ ਹੈ। ਗੁਰੂ ਨਾਨਕ ਦੇਵ ਯੂਨੀਵਰਸਿਟੀ ਉਸਰ ਗਈ ਹੈ। ਗੁਰੂ ਰਾਮ ਦਾਸ ਹਸਪਤਾਲ ਦੀ ਤਿਆਰੀ ਹੈ। ਗੁਰੂ ਕਰੇ ਸਾਰੇ ਕਾਰਜ ਛੇਤੀ ਛੇਤੀ ਸਿਰੇ ਚੜ੍ਹਨ ਅਤੇ ਅੰਮ੍ਰਿਤਸਰ ਦੀ ਸੰਘਣੀ ਵਸੋਂ (ਵਸਦੀ ਸਘਨ ਅਪਾਰ) ਹੋਰ ਵਧੇਰੇ ਘਣੀ ਹੋਵੇ, ਜਿਵੇਂ ਕਿ ਆਸ ਪਾਸ ਦੂਰ ਦੁਰਾਡੇ ਨਵੀਆਂ ਅਬਾਦੀਆਂ ਦੇ ਰੂਪ ਵਿਚ ਨਿੱਤ ਵਧ ਰਹੀ ਹੈ।

ਅੰਮ੍ਰਿਤਸਰ ਵਸੇ ਨੂੰ ਚਾਰ ਸੌ ਸਾਲ ਹੋ ਚੁਕੇ ਹਨ ਜਿਸ ਦੀ ਯਾਦ ਮਨਾਈ ਜਾ ਰਹੀ ਹੈ। ਇਸ ਪਵਿਤ੍ਰ ਸਮੇਂ ਦੀ ਪਵਿਤ੍ਰਤਾ ਲਈ ਜਿਨ੍ਹਾਂ ਸ਼ਹੀਦਾਂ ਮੁਰੀਦਾਂ ਨੇ ਜਾਨਾਂ ਵਾਰੀਆਂ ਉਨ੍ਹਾਂ ਦੀ ਪਵਿਤ੍ਰ ਯਾਦ ਨੂੰ ਇਹ ਤਵਾਰੀਖ ਅੰਮ੍ਰਿਤਸਰ ਸਤਿਕਾਰ ਨਾਲ ਭੇਟ ਕੀਤੀ ਜਾ ਰਹੀ ਹੈ।

ਪੁਸਤਕ ਕੁਝ ਕੁ ਥਾਵਾਂ ਤੋਂ ਸੰਪਾਦਨ ਦੀ ਮੰਗ ਕਰਦੀ ਸੀ। ਇਹ ਸੇਵਾ ਆਉਂਦੀ ਐਡੀਸ਼ਨ ਲਈ ਰਾਖਵੀਂ ਰਖਦੇ ਹੋਏ ਜਦੋਂ ਤੱਕ ਸੁਘੜ ਪਾਠਕਾਂ ਦੇ ਸੁਝਾਉ ਵੀ ਆ ਜਾਣਗੇ। ਪੁਸਤਕ ਦਾ ਮੂਲ ਬਿਨਾਂ ਕਿਸੇ ਤਬਦੀਲੀ ਦੇ ਜਿਉਂ ਕਾ ਤਿਉਂ ਛਾਪ ਦੇਣਾ ਹੀ ਉਚਿਤ ਸਮਝਿਆ ਗਿਆ ਹੈ।

ਅੰਮ੍ਰਿਤਸਰ
ਮਿਤੀ ੧੦. ੯. ੭੭

ਗੁਰਦਿਤ ਸਿੰਘ ਗਿਆਨੀ

ਗਉੜੀ ਮਹਲਾ ੫

ਮਾਧਉ ਹਰਿ ਹਰਿ ਮੁਖਿ ਕਹੀਐ ॥
ਹਮ ਤੇ ਕਛੂ ਨ ਹੋਵੈ ਸੁਆਮੀ
ਜਿਉ ਰਾਖਉ ਤਿਉ ਰਹੀਐ ॥
॥ ੧ ॥ ਰਹਾਉ ॥
ਕਿਆ ਕਿਛੁ ਕਰੈ ਕਿ ਕਰਣੈਹਾਰਾ
ਕਿਆ ਇਸ ਹਾਥਿ ਬਿਚਾਰੇ ॥
ਜਿਤੁ ਤੁਮ ਲਾਵਹੁ ਤਿਤੁ ਹੀ ਲਾਗਾ
ਪੂਰਨ ਖਸਮ ਹਮਾਰੇ ॥ ੧ ॥
ਕਰਹੁ ਕ੍ਰਿਪਾ ਸਰਬ ਕੇ ਦਾਤੇ
ਏਕ ਰੂਪ ਲਿਵ ਲਾਵਹੁ ॥
ਨਾਨਕ ਕੀ ਬੇਨੰਤੀ ਹਰਿ ਪਹਿ
ਅਪੁਨਾ ਨਾਮੁ ਜਪਾਵਹੁ ॥ ੨ ॥

੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹ ॥

ਆਰੰਭ

ਤ੍ਵਾਰੀਖ ਸ੍ਰੀ ਅੰਮ੍ਰਿਤਸਰ

ਕਿਹਾ ਜਾਂਦਾ ਹੈ ਕਿ ਪਿਛਲੇ ਸਮੇਂ ਵਿਚ ਦਰਯਾ ਰਾਵੀ ਤੇ ਬਿਆਸ ਇਸ ਥਾਂ ਦੇ ਨੇੜੇ ਵਗਿਆ ਕਰਦੇ ਸਨ, ਅਤੇ ਇਸ ਥਾਂ ਇਕ ਢਾਬ ਅਰ ਰਮਣੀਕ ਘਣਾ ਜੰਗਲ ਹੁੰਦਾ ਸੀ; ਜਿਸ ਕਰਕੇ ਏਥੇ ਬਹੁਤ ਰੌਣਕ ਸੀ। ਰਿਸ਼ੀ, ਮੁਨੀ, ਸਾਧੂ, ਸੰਤ ਏਥੇ ਆਕੇ ਈਸ਼੍ਵਰ-ਧਯਾਨ ਵਿਚ ਲੀਨ ਹੋ ਜਾਂਦੇ ਸਨ। ਚੁਨਾਂਚਿ 'ਵਿਆਸ' ਏਥੇ ਪੈਦਾ ਹੋਯਾ ਅਤੇ 'ਪ੍ਰਾਸਰ ਮੁਨੀ' ਏਥੇ ਰਹਿੰਦਾ ਰਿਹਾ। 'ਰਾਮ ਅਸ੍ਵਮੇਧ' ਵਿਚ ਲਿਖਿਆ ਹੈ ਕਿ ਬ੍ਰਾਹਮਣ ਰਿਸ਼ੀ ਬਾਲਮੀਕ ਏਥੇ ਰਿਹਾ ਕਰਦਾ ਸੀ, ਜਿਸ ਦੇ ਘਰ 'ਸੱਤਯਵਤੀ' ਨਾਮੇ ਸਤਵੰਤੀ ਇਸਤ੍ਰੀ ਸੀ। ਸੀਤਾ ਜੀ ਨੇ ਆਪਣੇ ਬਨਬਾਸ ਦੇ ਦਿਨ ਇਸੇ ਜਗ੍ਹਾ ਦੀ ਛਤ੍ਰ ਛਾਯਾ ਹੇਠ ਗੁਜ਼ਾਰੇ, ਅਤੇ ਇਸੇ ਥਾਂ ਉਸ ਦੇ 'ਲਊ' ਅਤੇ 'ਕੁਸ਼ੂ' ਦੋ ਬਹਾਦਰ ਪੁੱਤ੍ਰ ਪੈਦਾ ਹੋਏ, ਜੋ ਬਾਲਮੀਕ ਰਿਸ਼ੀ ਦੀ ਸਿੱਖਯਾ ਨਾਲ ਹਰ ਇਕ ਗੁਣ ਵਿਚ ਪ੍ਰਬੀਨ ਹੋ ਗਏ। 'ਲਊ' ਸ਼ਹਿਰ ਲਾਹੌਰ ਤੇ 'ਕੁਸ਼ੂ' ਸ਼ਹਿਰ ਕਸੂਰ ਦਾ ਹਾਕਮ ਹੋਇਆ। ਪ੍ਰੰਤੂ ਪਹਿਲੇ ਪਹਿਲ ਇਸ ਪਵਿੱਤ੍ਰ ਅਸਥਾਨ ਨੂੰ ਪ੍ਰਗਟ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੀਤਾ, ਇਸ ਤੋਂ ਪਹਿਲਾਂ ਕਿਸੇ ਰਿਸ਼ੀ ਮੁਨੀ ਨੂੰ ਇਸ ਦੀ ਪਵਿੱਤ੍ਰਤਾ ਬਾਬਤ ਕੁਛ ਮਲੂਮ ਨਹੀਂ ਸੀ, ਕੇਵਲ ਢਾਬ ਵਿਚੋਂ ਪਾਣੀ ਪੀਕੇ ਅਤੇ ਜੰਗਲ ਵਿਚੋਂ ਫਲ ਫੂਲ ਖਾ ਕੇ ਗੁਜ਼ਾਰਾ ਕਰਦੇ ਰਹਿੰਦੇ ਸਨ।

'ਅੰਮ੍ਰਿਤਸਰ' ਨਾਮ ਹੋਣ ਦੇ ਕਾਰਨ!

ਪਹਿਲਾ—ਸ੍ਰੀ ਗੁਰੂ ਨਾਨਕ ਦੇਵ ਜੀ ਮਹਾਰਾਜ ਨੇ ਸਫਰ ਦੇ ਵੇਲੇ ਕਸਬਾ ਸੁਲਤਾਨ ਪੁਰ ਜਾਂਦਿਆਂ ਹੋਇਆਂ ਇਸ ਥਾਂ (ਜੋ ਉਸ ਵੇਲੇ ਛੱਪੜ ਦੀ ਸ਼ਕਲ ਵਿਚ ਸੀ) ਭਵਿੱਖਤ ਵਾਕ ਉਚਾਰਨ ਕਰਦਿਆਂ ਹੋਇਆਂ ਫੁਰਮਾਇਆ "**ਪਾਕੀ ਨਾਈ ਪਾਕ ਥਾਨ**" ਹੈ।

ਇਸ ਵਾਕ ਨੂੰ ਸੁਣਕੇ ਸੁਲਤਾਨ ਪਿੰਡ ਦਾ ਜ਼ਿਮੀਦਾਰ ਭਾਈ ਤਾਰਾ ਆਪਣੇ ਘਰੋਂ ਕੜਾਹ ਪ੍ਰਸ਼ਾਦਿ ਤਿਆਰ ਕਰਾਕੇ ਲਿਆਇਆ ਅਤੇ ਗੁਰੂ ਸਾਹਿਬ ਅੱਗੇ ਰੱਖਿਆ, ਜਿਸ ਵੇਲੇ ਗੁਰੂ ਸਾਹਿਬ ਜੀ ਦੀ ਆਗਜ਼ਾ ਅਨੁਸਾਰ ਭਾਈ ਮਰਦਾਨਾ ਕੜਾਹ ਪ੍ਰਸ਼ਾਦਿ ਖਾ ਰਿਹਾ ਸੀ ਤਾਂ ਭਾਈ ਮਰਦਾਨੇ ਪ੍ਰਸੰਨ ਹੋਕੇ ਆਖਿਆ:–"ਮਹਾਰਾਜ ! ਏਹ ਤਾਂ ਅੰਮ੍ਰਿਤ ਰੂਪੀ ਭੋਜਨ ਹੈ " ਇਸ ਤੇ ਗੁਰੂ ਜੀ ਨੇ ਉਚਾਰਿਆ ਕਿ "ਏਥੇ ਸਦਾ ਐਸਾ ਹੀ ਅੰਮ੍ਰਿਤ ਵੰਡੀਂਦਾ ਰਹੇਗਾ।"

ਦੂਜਾ–੧੬੦੬ ਬਿ: ਨੂੰ ਗੁਰੂ ਅਮਰਦਾਸ ਸਾਹਿਬ ਜੀ ਸੰਗਤ ਸਮੇਤ ਦੌਰਾ ਕਰਦੇ ਹੋਏ– ਸ੍ਰੀ ਗੁਰੂ ਅੰਗਦ ਦੇਵ ਜੀ ਪਾਸੋਂ ਇਸ ਥਾਂ ਦੀ ਉਪਮਾ ਸੁਣਕੇ–ਏਥੇ ਪਧਾਰੇ, ਅਤੇ ਇਸ ਕੱਚੇ ਤਲਾਬ ਉਤੇ–ਜਿਸ ਨੂੰ ਉਸ ਵੇਲੇ ਲੋਕ "ਢਾਬ" ਆਖਿਆ ਕਰਦੇ ਸਨ–ਬੈਠਕੇ ਸੰਸਾਰੀ ਜੀਵਾਂ ਨੂੰ ਅਨੇਕ ਪ੍ਰਕਾਰ ਦੇ ਸੱਚੇ ਉਪਦੇਸ਼ ਕਰਕੇ ਉਹਨਾਂ ਦਾ ਉਧਾਰ ਕਰਦੇ ਰਹੇ ! ਇਸ ਤੋਂ ਬਿਨਾਂ ਗੁਰੂ ਅੰਗਦ ਦੇਵ ਜੀ ਦੇ ਅੰਗੂਠੇ ਉਤੇ ਜੋ ਸਦਾ ਦਰਦ ਰਿਹਾ ਕਰਦਾ ਸੀ, ਉਸ ਨੂੰ ਦੂਰ ਕਰਨ ਲਈ ਜੋ ਇਸ ਥਾਂ ਤੋਂ ਬੂਟੀ ਮਿਲੀ ਸੀ, ਉਸ ਦਾ ਨਾਮ ਬੀ "ਅੰਮ੍ਰਿਤੀ" ਸੀ, ਜਿਸ ਦੇ ਲਾਉਣ ਨਾਲ ਗੁਰੂ ਅੰਗਦ ਦੇਵ ਜੀ ਦੇ ਅੰਗੂਠੇ ਨੂੰ ਫੌਰਨ ਆਰਾਮ ਹੋ ਗਿਆ ਸੀ। ਇਸ ਕਰਕੇ ਵੀ ਇਸ ਜਗ੍ਹਾ ਦਾ ਨਾਮ **ਅੰਮ੍ਰਿਤਸਰ** ਹੋਇਆ।

ਗੁਰੂ ਅਮਰਦਾਸ ਜੀ ਨੂੰ ਇਸ ਥਾਂ ਦੀ ਪਵਿੱਤ੍ਰਤਾ ਦਾ ਪੂਰਨ ਨਿਸਚਾ ਹੋ ਗਿਆ ਸੀ, ਇਸ ਲਈ ਓਹ ਏਥੇ ਇਕ ਨਗਰ ਵਸਾਉਣ ਵਿਚ ਰੁੱਝ ਗਏ। ਸ੍ਰੀ ਰਾਮਦਾਸ ਸੋਢੀ ਦਾ ਘਰ–ਜੋ ਸ਼ਹਿਰ ਲਾਹੌਰ ਵਿਖੇ ਮਹੱਲਾ ਸੋਢੀਆਂ ਵਿਚ ਸੀ–ਤਅੱਸਬੀ ਕਾਜ਼ੀਆਂ ਨੇ ਆਪਣੇ ਕਬਜ਼ੇ ਵਿਚ ਕਰ ਲਿਆ ਸੀ, ਅਤੇ ਪਿਛੋਂ ਗੋਇੰਦਵਾਲ ਵਿਚ ਤਿੰਨਾਂ ਸਪੁੱਤ੍ਰਾਂ ਅਤੇ ਬੀਬੀ ਭਾਨੀ ਜੀ ਲਈ ਰਿਹਾਇਸ਼ ਦੀ ਤੰਗੀ ਵੇਖਕੇ ਗੁਰੂ ਅਮਰਦਾਸ ਜੀ ਨੇ ਏਥੇ ਇਕ ਨਗਰ ਵਸਾਉਣ ਲਈ ਏਥੋਂ ਦੇ ਜ਼ਿਮੀਦਾਰਾਂ ਪਾਸੋਂ ਜ਼ਮੀਨ ਖਰੀਦ ਲਈ ਅਤੇ ਹਾੜ ਵਦੀ ਇਕਾਦਸੀ ੧੬੨੯ ਬਿ: ਨੂੰ ਸ੍ਰੀ ਰਾਮਦਾਸ ਪੁਰਾ ਦੀ ਨੀਂਹ ਰੱਖੀ, ਜੋ ਪਿਛੋਂ ਸ੍ਰੀ ਅੰਮ੍ਰਿਤਸਰ ਦੇ ਨਾਮ ਨਾਲ ਪ੍ਰਸਿੱਧ ਹੋਇਆ !

ਇਸ ਤੋਂ ਬਿਨਾਂ ਹੋਰ ਕੁਝ ਮਕਾਨ ਵੀ ਤਿਆਰ ਕਰਵਾਏ ਜੋ ਗੁਰੂ ਦੇ ਮਹਲ ਨਾਮ ਨਾਲ ਮਸ਼ਹੂਰ ਹਨ।

ਤੀਜਾ–ਲੋਕਾਂ ਵਿਚ ਮਸ਼ਹੂਰ ਹੈ ਕਿ ਗੁਰੂ ਰਾਮਦਾਸ ਜੀ ਨੇ ਆਪਣੇ ਸਤਿਗੁਰੂ ਗੁਰੂ ਅਮਰਦਾਸ ਜੀ ਦੇ ਨਾਮ ਪਰ ਇਸ ਸਰੋਵਰ ਦਾ ਨਾਮ ਅੰਮ੍ਰਿਤਸਰ ਰੱਖਿਆ, ਜੋ ਪਿੱਛੋਂ ਸ਼ਹਿਰ ਦਾ ਨਾਮ 'ਅੰਮ੍ਰਿਤਸਰ' ਪ੍ਰਸਿੱਧ ਹੋ ਗਿਆ !

ਇਸ ਸਰੋਵਰ ਨੂੰ ਪਵਿਤ੍ਰ ਜਾਣ ਕੇ ਏਥੇ ਗੁਰੂ ਰਾਮਦਾਸ ਜੀ ਸਦਾ ਅੰਮ੍ਰਿਤ ਵੇਲੇ ਤੋਂ ਦਰਖਤ 'ਬੇਰ' ਦੇ ਹੇਠਾਂ (ਜੋ ਹਰਿਮੰਦਰ ਜੀ ਦੀ ਥਾਂ ਲੱਗੀ ਹੋਈ ਸੀ) ਸੂਰਜ ਚੜ੍ਹਦੇ ਤਕ

ਅਸ਼ਨਾਨ ਆਦਿ ਕਰਕੇ ਈਸ਼ਵਰ ਧਿਆਨ ਵਿਚ ਮਗਨ ਰਿਹਾ ਕਰਦੇ ਸਨ, ਫੇਰ ਮਹਿਲਾਂ ਵਿਚ ਜਾਂਦੇ ਤੇ ਲੰਗਰ ਵੰਡਵਾਕੇ ਸੰਗਤਾਂ ਨੂੰ ਧਰਮ ਉਪਦੇਸ਼ ਕੀਤਾ ਕਰਦੇ ਸਨ।

੧੬੩੩ ਬਿਕ੍ਰਮੀ ਨੂੰ ਸਰੋਵਰ ਦੀ ਪੁਟਾਈ ਅਰੰਭ ਹੋਈ, ਬਾਦਸ਼ਾਹ ਅਕਬਰ ਨੇ ਗੁਰੂ ਸਾਹਿਬ ਦੀ ਮਹਿਮਾ ਸੁਣੀ, ਦੌਰਾ ਕਰਦਾ ਹੋਇਆ ਦਰਸ਼ਨਾਂ ਲਈ ਹਾਜ਼ਰ ਹੋਇਆ ਅਤੇ ਗੁਰੂ ਜੀ ਦੇ ਲੰਗਰ ਵਿਚੋਂ ਪ੍ਰਸ਼ਾਦਾ ਛਕਕੇ ਅਨੰਦ ਹੋਇਆ, ਅਰ ਇਕੋਤਰ ਸੌ ਅਸ਼ਰਫ਼ੀ ਨਜ਼ਰ ਕੀਤੀ। ਓਹ ਅਸ਼ਰਫੀਆਂ ਗੁਰੂ ਜੀ ਨੇ ਉਸ ਵੇਲੇ ਵੰਡ ਦਿਤੀਆਂ, ਇਸ ਤੇ ਬਾਦਸ਼ਾਹ ਨੇ ਬਹੁਤ ਖੁਸ਼ ਹੋਕੇ ਬੇਨਤੀ ਕੀਤੀ ਕਿ ਮੈਨੂੰ ਲੰਗਰ ਲਈ ਕੋਈ ਸੇਵਾ ਬਖਸ਼ੀ ਜਾਵੇ। ਗੁਰੂ ਜੀ ਨੇ ਉੱਤਰ ਦਿਤਾ ਕਿ ਬਾਦਸ਼ਾਹ ਦਾ ਕੰਮ ਆਪਣੀ ਪਰਜਾ ਨੂੰ ਪਾਲਣਾ ਹੈ, ਐਸ ਵੇਲੇ ਖਲਕਤ ਕਾਲ ਦੇ ਸਬੱਬ ਭੁੱਖੀ ਮਰ ਰਹੀ ਹੈ, ਜੇ ਹੋ ਸਕੇ ਤਾਂ ਓਹਨਾਂ ਦੀ ਮਦਦ ਕਰੋ। ਇਸ ਤੇ ਬਾਦਸ਼ਾਹ ਨੇ ਲੋਕਾਂ ਨੂੰ ਇਕ ਸਾਲ ਦਾ ਮਾਮਲਾ ਮਾਫ ਕਰ ਦਿਤਾ, ਜਿਸ ਨਾਲ ਗੁਰੂ ਜੀ ਦਾ ਜੱਸ ਬਹੁਤ ਦੂਰ ਤਕ ਫੈਲ ਗਿਆ ਅਤੇ ਬੇ-ਸ਼ੁਮਾਰ ਲੋਕ ਸਤਿਗੁਰੂ ਜੀ ਦੇ ਸਿੱਖ ਬਣ ਗਏ!

ਗੁਰੂ ਰਾਮਦਾਸ ਜੀ ਤਾਂ ਹਮੇਸ਼ਾਂ ਏਥੇ ਹੀ ਰਿਹਾ ਕਰਦੇ ਸਨ, ਪਰ ਗੁਰੂ ਅਮਰਦਾਸ ਜੀ ਵੀ ਕਦੀ ਕਦੀ ਬੀਬੀ ਭਾਨੀ ਅਰ ਸ੍ਰੀ ਰਾਮਦਾਸ ਜੀ ਨੂੰ ਮਿਲਨ ਏਥੇ ਆਇਆ ਕਰਦੇ ਸਨ, ਉਸ ਵੇਲੇ ਇਹ ਥਾਂ ਮੇਵਿਆਂ ਅਰ ਫੁੱਲਾਂ ਵਾਲੇ ਦਰਖਤਾਂ ਕਰਕੇ ਬਹੁਤ ਹੀ ਸੁੰਦਰ ਅਰ ਸੁਹਾਵਣਾ ਸੀ! ਸੰਮਤ ੧੬੩੪ ਬਿਕ੍ਰਮੀ ਨੂੰ ਗੁਰੂ ਰਾਮਦਾਸ ਜੀ ਦੇ ਸੇਵਕ ਭਾਈ ਲਾਲੋ, ਚੰਦਰ ਭਾਨ, ਰੂਪ ਰਾਮ ਅਤੇ ਗੁਰੀਆ ਜੀ ਨੇ ੭੨ ਕੌਮਾਂ ਦੇ ਲੋਕ ਪੱਟੀ, ਕਸੂਰ ਅਰ ਕਲਾਨੌਰ ਆਦਿ ਥਾਵਾਂ ਤੋਂ ਲਿਆ ਕੇ ਏਥੇ ਵਸਾਏ, ਜੋ ਹੁਣ ਤਕ ਗੁਰੂ ਕੇ ਮਹਿਲਾਂ ਦੇ ਇਰਦ ਗਿਰਦ ਵਸਦੇ ਹਨ।

ਜਦ ਇਹ ਬਸਤੀ ਭੀ ਆਬਾਦ ਹੋਣ ਲਗੀ ਤਾਂ ਦੂਰ ਦੂਰ ਤੋਂ ਲੋਕ ਏਥੇ ਜਮਾ ਹੋ ਗਏ ਅਰ ਇਸ ਦਾ ਨਾਮ ਗੁਰੂ ਦਾ ਚੱਕ ਮਸ਼ਹੂਰ ਹੋ ਗਿਆ। ਦਫਤਰਾਂ ਵਿਚ ਵੀ ਇਹ ਹੀ ਨਾਮ ਦਰਜ ਹੈ। ਅਜੇ ਸਰੋਵਰ ਅਰ ਗੁਰੂ ਕਾ ਬਾਜ਼ਾਰ ਬਣ ਹੀ ਰਿਹਾ ਸੀ ਕਿ ਸਾਵਣ ਵਦੀ ਤੀਜ ਸੰਮਤ ੧੬੩੮ ਬਿਕ੍ਰਮੀ ਨੂੰ ਸ੍ਰੀ ਗੁਰੂ ਰਾਮਦਾਸ ਜੀ ਪਿੰਡ ਗੋਇੰਦ ਵਾਲ ਜਾਕੇ ਜੋਤੀ ਜੋਤ ਸਮਾ ਗਏ, ਏਹਨਾਂ ਦੇ ਮਗਰੋਂ ਸ੍ਰੀ ਗੁਰੂ ਅਰਜਨ ਦੇਵ ਜੀ ਗੁਰਿਆਈ ਦੀ ਗੱਦੀ ਤੇ ਬੈਠੇ। ਓਹਨਾਂ ਨੇ ਇਸ ਚੱਕ ਨੂੰ ਬਹੁਤ ਵਧਾਇਆ, ਗੁਰੂ ਕਾ ਬਜ਼ਾਰ ਅਰ ਪੱਕੇ ਮਕਾਨ ਬਣਵਾਕੇ ਇਕ ਦਰਵਾਜ਼ਾ ਬਣਵਾਇਆ ਜੋ ਦਰਸ਼ਨੀ ਡਿਓਢੀ ਦੇ ਨਾਮ ਨਾਲ ਪ੍ਰਸਿੱਧ ਹੈ, ਪਰ ਇਸ ਕੰਮ ਵਿਚ ਜਿੰਨੀਆਂ ਤਕਲੀਫਾਂ ਗੁਰੂ ਜੀ ਨੂੰ ਝੱਲਣੀਆਂ ਪਈਆਂ ਓਹ ਸਭ ਗੁਰੂ ਅਰਜਨ ਦੇਵ ਜੀ ਦੇ ਵੱਡੇ ਭਰਾ ਪ੍ਰਿਥੀ ਚੰਦ ਦੀਆਂ ਪੈਦਾ ਕੀਤੀਆਂ ਹੋਈਆਂ ਸਨ, ਉਸ ਨੇ ਤੀਰਥ ਅਰ ਸ਼ੈਹਰ ਨੂੰ ਬਰਬਾਦ ਕਰਨ ਵਿਚ ਕੋਈ ਕਸਰ ਨਾ ਛੱਡੀ। ਹਮੇਸ਼ਾਂ ਇਕ ਨਾ ਇਕ ਝਗੜਾ ਖੜਾ ਰਖਦਾ,

ਪਰ ਈਸ਼ਵਰ ਦੀ ਇੱਛਿਆ ਨੂੰ ਓਹ ਬਿਲਕੁਲ ਰੋਕ ਨਾ ਸਕਿਆ !

ਜਦ ਇਸ ਤਰ੍ਹਾਂ ਪ੍ਰਿਥੀ ਚੰਦ ਨੂੰ ਆਪਣੇ ਕੰਮ ਵਿਚ ਨਿਰਾਸਤਾ ਹੋਈ ਤਾਂ ਉਸ ਨੇ ਪਿੰਡ ਹੇਹਰ ਵਿਚ (ਜੋ ਉਸ ਨੂੰ ਸੁਲਹੀ ਖਾਨ ਸੂਬਾ ਲਾਹੌਰ ਦੀ ਰਾਹੀਂ ਸ਼ਾਹ ਅਕਬਰ ਕੋਲੋਂ ਜਗੀਰ ਮਿਲਿਆ ਹੋਇਆ ਸੀ) ਇਕ ਤਲਾਬ ਇਸ ਸਰੋਵਰ ਦੀ ਸ਼ਕਲ ਦਾ ਬ੍ਰਵਾਇਆ ਅਰ ਆਪਣੇ ਆਪ ਨੂੰ ਗੁਰੂ ਦੇ ਨਾਮ ਨਾਲ ਮਸ਼ਹੂਰ ਕਰਨ ਲੱਗਾ, ਪਰ ਗੁਰੂ ਵਾਕ "ਕੂੜ ਨਿਖੁਟੇ ਨਾਨਕਾ ਓੜਕ ਸਚ ਰਹੀ" ਅਨੁਸਾਰ ਹਰ ਦੀ ਮਾਨਤਾ ਨਾ ਹੋਈ, ਬੜੀਆਂ ਕੋਸ਼ਸ਼ਾਂ ਕਰਨ ਪਰ ਵੀ ਤਾਲਾਬ ਸੁੱਕਾ ਹੀ ਰਿਹਾ। ਜਦ ਹੋਰ ਕੁਝ ਪੇਸ਼ ਨਾ ਗਈ ਤਾਂ ਆਪਣੇ ਕਾਰਦਾਰਾਂ ਦੀ ਰਾਹੀਂ ਗੁਰੂ ਜੀ ਨੂੰ ਬਦਨਾਮ ਕਰਨ ਲਈ ਤਰ੍ਹਾਂ ਤਰ੍ਹਾਂ ਦੇ ਕਈ ਝੂਠੇ ਢਕੰਸਲੇ ਘੜਨੇ ਸ਼ੁਰੂ ਕਰ ਦਿਤੇ, ਅਰ ਦੀਵਾਨ ਚੰਦੂ ਲਾਲ ਸਵਾਹੀ ਖੱਤਰੀ (ਜੋ ਨਾਤਾ ਮੋੜ ਦੇਣ ਕਰਕੇ ਗੁਰੂ ਜੀ ਨਾਲ ਕੋੜ ਰਖਦਾ ਸੀ) ਨਾਲ ਮਿਲਕੇ ਗੁਰੂ ਜੀ ਨੂੰ ਬੇਹੱਦ ਕਸ਼ਟ ਅਰ ਦੁਖ ਪੁਚਾਏ, ਜਿਨ੍ਹਾਂ ਨੂੰ ਲਿਖਦਿਆਂ ਸਰੀਰ ਕੰਬ ਉਠਦਾ ਹੈ। ਗੁਰੂ ਜੀ ਦੇ ਵਿਰੁੱਧ ਕੰਮਾਂ ਵਿਚ ਮਸੰਦਾਂ ਵੀ ਪ੍ਰਿਥੀ ਚੰਦ ਦੀ ਮਦਦ ਕੀਤੀ ਅਰ ਕਈ ਵਰ੍ਹਿਆਂ ਤਕ ਗੁਰੂ ਜੀ ਦੇ ਨਜ਼ਰਾਨੇ ਦੀ ਆਮਦਨ ਖੁਦ ਹੀ ਗੁੰਮ ਕਰ ਜਾਂਦੇ ਰਹੇ, ਕਿਉਂਕਿ ਸਭ ਖਜ਼ਾਨਾ ਅਰ ਆਮਦਨੀ ਪ੍ਰਿਥੀ ਚੰਦ ਦੇ ਹੱਥ ਵਿਚ ਹੀ ਰਿਹਾ ਕਰਦੀ ਸੀ। ਇਸ ਦਾ ਨਤੀਜਾ ਇਹ ਹੋਇਆ ਕਿ ਗੁਰੂ ਸਾਹਿਬ ਦਾ ਖਜ਼ਾਨਾ ਬਹੁਤ ਮਸਤਾਨਾ ਹੋ ਗਿਆ, ਪਰ ਪ੍ਰਿਥੀ ਚੰਦ ਨੂੰ ਹਾਲੀ ਵੀ ਸਬਰ ਨਾ ਆਇਆ ਅਰ ਉਸ ਨੇ ਲੰਗਰ ਦਾ ਖਰਚ ਵਧਾਉਣ ਲਈ ਮਸੰਦਾਂ ਅਰ ਹੋਰ ਲੋਕਾਂ ਨੂੰ ਹਰ ਰੋਜ਼ ਲੰਗਰ ਵਿਚ ਰੋਟੀ ਖਾਣ ਲਈ ਪ੍ਰੇਰਿਆ, ਜਿਸ ਦਾ ਮਤਲਬ ਇਹ ਸੀ ਕਿ ਗੁਰੂ ਸਾਹਿਬ ਰੋਜ਼ ਏਨੇ ਆਦਮੀਆਂ ਦਾ ਖਰਚ ਨਹੀਂ ਸਹਾਰ ਸਕਣਗੇ ਅਰ ਲੰਗਰ ਬੰਦ ਕਰਨਾ ਪਵੇਗਾ, ਜਿਸ ਤੋਂ ਸਖਤ ਬਦਨਾਮੀ ਹੋਵੇਗੀ। ਗੁਰੂ ਅਰਜਨ ਦੇਵ ਜੀ ਨੇ ਜੋ ਬੜੇ ਨਰਮ ਦਿਲ ਅਰ ਧਰਮ ਮੂਰਤੀ ਸਨ, ਇਸ ਗਲ ਦੀ ਕੋਈ ਚਿੰਤਾ ਨਾ ਕੀਤੀ ਅਤੇ ਕਿਸੇ ਨੂੰ ਗੁਰੂ ਦੇ ਲੰਗਰ ਵਿਚੋਂ ਪਰਸ਼ਾਦ ਛਕਣੋ ਬੰਦ ਨਾ ਕੀਤਾ, ਅਤੇ ਨਾ ਹੀ ਆਪ ਨੇ ਆਪਣੀਆਂ ਤਕਲੀਫਾਂ ਦਾ ਕਿਸੇ ਨੂੰ ਪਤਾ ਲੱਗਣ ਦਿਤਾ। ਆਖਰ ਗੁਰੂ ਸਾਹਿਬ ਦੀ ਗੰਭੀਰਤਾ ਅਰ ਸਚਾਈ ਦਾ ਇਹ ਫਲ ਨਿਕਲਿਆ ਕਿ ਭਾਈ ਗੁਰਦਾਸ (ਗੁਰੂ ਜੀ ਦੇ ਮਾਮੇ) ਨੇ ਸਭ ਹਾਲ ਦੀ ਪੜਤਾਲ ਕਰਕੇ ਭਾਈ ਬੁੱਢਾ ਜੀ ਅਰ ਭਾਈ ਸਿਧੂ ਜੀ ਦੀ ਸਹਾਇਤਾ ਨਾਲ ਸਾਰੇ ਮਸੰਦਾਂ ਅਰ ਭਾਈ ਪ੍ਰਿਥੀ ਚੰਦ ਦੀਆਂ ਕਰਤੂਤਾਂ ਨੂੰ ਸੰਗਤ ਵਿਚ ਪ੍ਰਗਟ ਕਰ ਦਿਤਾ, ਜਿਸ ਤੇ ਸੰਗਤ ਗੁਰੂ ਜੀ ਦੇ ਚਰਨਾਂ ਵਿਚ ਡਿਗ ਪਈ ਅਰ ਅਗੇ ਵਾਂਗਰ ਮਾਇਆ ਦੇ ਗੱਫੇ ਭੇਟਾ ਕੀਤੇ। ਸ੍ਰੀ ਅੰਮ੍ਰਿਤਸਰ ਅਰ ਸੰਤੋਖਸਰ ਦੀ ਖੁਦਵਾਈ ਵੀ ਸ਼ੁਰੂ ਹੋ ਗਈ।

ਸੰਮਤ ੧੬੪੦ ਬਿਕ੍ਰਮੀ ਵਿਚ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਸਰੋਵਰ ਦੇ

ਵਿਚਕਾਰ ਇਕ ਹਰਿਮੰਦਰ ਬਣਵਾਇਆ ਜਿਥੇ ਬੈਠਕੇ ਸ੍ਰੀ ਗੁਰੂ ਅਮਰਦਾਸ ਜੀ ਅਰ ਸ੍ਰੀ ਗੁਰੂ ਰਾਮਦਾਸ ਜੀ ਸੰਗਤਾਂ ਨੂੰ ਉਪਦੇਸ਼ ਕੀਤਾ ਕਰਦੇ ਸਨ। ਫੇਰ ਮੰਦਰ ਤੱਕ ਆਉਣ ਜਾਣ ਲਈ ਇਕ ਪੁਲ ਤਿਆਰ ਕਰਵਾਉਣਾ ਸ਼ੁਰੂ ਕੀਤਾ। ਮਗਰੋਂ ਰਾਮਸਰ, ਸੰਤੋਖਸਰ ਬਣਵਾਏ ਜਿਨ੍ਹਾਂ ਦੀ ਉਪਮਾ ਵਿਚ ਗੁਰੂ ਜੀ ਨੇ ਹੇਠ ਲਿਖੇ ਸ਼ਬਦ ਉਚਾਰੇ ਜੋ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ:–

"ਰਾਮਦਾਸ ਸਰੋਵਰ ਨਾਤੇ। ਸਭ ਉਤਰੇ ਪਾਪ ਕਮਾਤੇ ॥"

ਅਰ ਸ਼ਹਿਰ ਦੀ ਉਪਮਾ ਵਿਚ ਇਸ ਪ੍ਰਕਾਰ ਉਚਾਰਨ ਕੀਤਾ:–

"ਡਿਠੇ ਸਭੇ ਥਾਵ ਨਹੀ ਤੁਧ ਜੇਹਿਆ।"

ਇਸ ਤੋਂ ਛੁੱਟ ਗੁਰੂ ਸਾਹਿਬ ਨੇ ਕੁਝ ਖੂਹ ਬਣਵਾਏ ਜੋ ਅੱਜ ਤੱਕ ਗੁਰੂ ਜੀ ਦੇ ਨਾਮ ਨਾਲ ਪ੍ਰਸਿੱਧ ਹਨ। ਭਾਵੇਂ ਏਸ ਸ਼ਹਿਰ ਦੇ ਵਸਨੀਕ ਵੀ ਉਪਮਾ ਦੇ ਯੋਗ ਹਨ ਪਰ ਜੋ ਵਡਿਆਈ ਦਰਬਾਰ ਸਾਹਿਬ ਵਿਚ ਹੈ ਉਸ ਦੀ ਮਸਾਲ ਕਿਤੇ ਨਹੀਂ ਮਿਲਦੀ। ਇਸ ਮਹਾਂ ਪਵਿੱਤ੍ਰ ਮੰਦਰ ਦੀ ਜਿੰਨੀ ਉਪਮਾ ਕੀਤੀ ਜਾਵੇ ਯੋਗ ਹੈ, ਕਿਉਂਕਿ ਓਥੇ ਹਰ ਵੇਲੇ ਭਜਨ, ਪਾਠ, ਪੁੰਨ, ਦਾਨ ਅਰ ਕਥਾ ਕੀਰਤਨ ਹੁੰਦਾ ਰਹਿੰਦਾ ਹੈ। ਇਹ ਮੰਦਰ ਸੱਚ ਮੁੱਚ ਮਾਤ ਲੋਕ ਵਿਚ ਪ੍ਰਤੱਖ ਸੱਚ ਖੰਡ ਸੁਭਾਇਮਾਨ ਹੈ!

ਅਗਰ ਫਰਦੌਸ ਬੱਰ ਰੂਏ ਜ਼ਿਮੀਂ ਅਸਤ
ਹਮੀ ਅਸਤੋ ਹਮੀ ਅਸਤੋ ਹਮੀ ਅਸਤ

ਬਹੁਤੀ ਉਪਮਾ ਕਰਨ ਨਾਲ ਕਤਾਬ ਦੇ ਵੱਡੀ ਹੋ ਜਾਣ ਦਾ ਡਰ ਹੈ, ਇਸ ਲਈ ਪ੍ਰੇਮੀ ਪੁਰਸ਼ਾਂ ਨੂੰ ਇਸ ਸੰਬੰਧੀ ਥੋੜੇ ਸਬੱਬ ਹੀ ਦੱਸਦੇ ਹਾਂ:–

(੧) ਇਸ ਕਿਸਮ ਦਾ ਮੰਦਰ ਦੁਨੀਆਂ ਦੇ ਤਖਤੇ ਤੇ ਨਹੀਂ। ਅਗਰ ਏਨੇ ਮੁੱਲ ਦਾ ਹੋਵੇਗਾ ਤਾਂ ਏਨੀਆਂ ਸਿਫਤਾਂ ਵਾਲਾ ਨਹੀਂ ਹੋਵੇਗਾ।

(੨) ਜਿੰਨਾ ਸਫਾਈ ਤੇ ਪਵਿੱਤ੍ਰਤਾ ਦਾ ਧਿਆਨ ਏਥੇ ਰਹਿੰਦਾ ਹੈ ਹੋਰ ਕਿਸੇ ਥਾਂ ਨਹੀਂ।

(੩) ਏਥੇ ਦੂਜੇ ਮਜ਼ਹਬਾਂ ਦੇ ਲੋਕਾਂ ਨੂੰ ਨੀਚ ਨਹੀਂ ਸਮਝਿਆ ਜਾਂਦਾ, ਭਾਵੇਂ ਕਿਸੇ ਮਜ਼ਹਬ ਦਾ ਆਦਮੀ ਆਵੇ ਕੋਈ ਰੋਕ ਟੋਕ ਨਹੀਂ।

(੪) ਇਸ ਦਰਬਾਰ ਕੋਲੋਂ ਅਮੀਰ ਅਰ ਗਰੀਬ ਦੋਵੇਂ ਇਕੋ ਜਿੰਨਾ ਲਾਭ ਉਠਾਉਂਦੇ ਹਨ, ਹੋਰ ਮੰਦਰ ਕਿਸੇ ਖਾਸ ਇਕ ਵੇਲੇ ਖੋਲ੍ਹੇ ਜਾਂਦੇ ਹਨ ਪਰ ਇਹ ਹਰ ਵੇਲੇ ਖੁਲ੍ਹਾ ਰਹਿੰਦਾ ਹੈ, ਸਿਰਫ ਤਿੰਨ ਚਾਰ ਘੰਟੇ ਰਾਤੀਂ ਸਫਾਈ ਲਈ ਬੰਦ ਰਹਿੰਦਾ ਹੈ।

(੫) ਹਰਿਮੰਦਰ ਸਾਹਿਬ ਦੇ ਖੁਲ੍ਹਣ ਵੇਲੇ ਮਰਦ ਜ਼ਨਾਨੀਆਂ ਪਾਠ ਕਰਦੇ ਹਨ, ਲੋਕ ਇਕ ਵਜੇ ਰਾਤ ਨੂੰ ਏਥੇ ਆਉਣਾ ਸ਼ੁਰੂ ਕਰ ਦੇਂਦੇ ਹਨ। ਕੋਈ ਪਹਿਰੇਦਾਰ ਉਹਨਾਂ ਨੂੰ ਨਹੀਂ

ਰੋਕ ਸਕਦਾ ਅਰ ਉਸ ਵੇਲੇ ਤੋਂ ਲੈਕੇ ਪਹਿਰ ਰਾਤ ਜਾਂਦੀ ਤੋਂ ਵੀ ਪਿਛੋਂ ਤੱਕ ਰੌਣਕ ਰਹਿੰਦੀ ਹੈ।

(੬) ਇਸ ਪਵਿਤਰ ਅਸਥਾਨ ਦੀ ਜ਼ਾਹਰੀ ਕਰਾਮਾਤ ਇਹ ਹੈ ਕਿ ਕਿਸੇ ਥਾਂ ਇਸ ਦੇ ਨਾਲ ਦਾ ਮੰਦਰ ਨਹੀਂ ਬਣ ਸਕਦਾ। ਬਹੁਤ ਮੰਦਰ ਇਸ ਦੇ ਮੁਕਾਬਲੇ ਤੇ ਬਣੇ ਪਰ ਰੌਣਕ ਨਾ ਹੋ ਸਕੀ।

ਯਥਾ:-੧. ਫਤੇ ਸਿੰਘ ਘੜਿਆਲੀਏ ਨੇ ਗਲਵਾਲੀ ਦਰਵਾਜ਼ੇ ਦੇ ਬਾਹਰ ਬਨਵਾਇਆ।

੨. ਅਕਬਰ ਬਾਦਸ਼ਾਹ ਦੇ ਖਵਾਜਾ ਸ਼ਮਸ਼ੀਰ ਖਾਨ ਨੇ ਬਟਾਲੇ ਵਿਚ।

੩. ਬਟਾਲੇ ਕੋਲ ਪਿੰਡ ਅੱਚਲ ਵਿਚ।

੪. ਸੁਧਾਸਰ ਰਿਆਸਤ ਪਟਿਆਲਾ ਵਿਚ।

੫. ਪ੍ਰਿਥੀ ਚੰਦ ਨੇ ਪਿੰਡਹੇਹਰ ਵਿਚ।

੬. ਹਰਨ ਮੁਨਾਰਾ ਜ਼ਿਲਾ ਗੁਜਰਾਂ ਵਾਲੇ ਵਿਚ।

੭. ਬਾਗ ਕਿਰਪਾ ਰਾਮ ਚੋਪੜਾ ਵਜੀਰਾਬਾਦ ਵਿਚ।

੮. ਦੂਖ ਨਿਵਾਰਨ (ਤਰਨਤਾਰਨ ਦੇ ਕੋਲ) ਆਦਿ ਬਹੁਤ ਥਾਵਾਂ ਤੇ ਹਰਿਮੰਦਰ ਦੀ ਸ਼ਕਲ ਦੇ ਮੰਦਰ ਬਨਾਏ ਗਏ ਜੋ ਹੁਣ ਤਕ ਵੈਰਾਨ ਪਏ ਹਨ।

(੭) ਕੋਈ ਭਾਵੇਂ ਕਿੰਨਾਂ ਹੀ ਉਦਾਸ ਅਰ ਫਿਕਰਮੰਦ ਕਿਉਂ ਨਾ ਹੋਵੇ ਦਰਬਾਰ ਸਾਹਿਬ ਜਾਂਦਿਆਂ ਹੀ ਸਾਰੇ ਫਿਕਰ ਦੂਰ ਹੋ ਜਾਂਦੇ ਹਨ।

(੮) ਦਰਬਾਰ ਸਾਹਿਬ ਦਾ ਅਦਬ ਏਨਾਂ ਹੈ ਕਿ ਭਾਵੇਂ ਲਾਟ ਸਾਹਿਬ ਅਰ ਵਾਈਸਰਾਇ ਕਿਉਂ ਨਾ ਹੋਵੇ ਸ਼ਰਾਬ, ਤਮਾਕੂ ਅਰ ਜੁੱਤੀ ਪ੍ਰਕਰਮਾਂ ਵਿਚ ਨਹੀਂ ਲੈ ਜਾ ਸਕਦਾ, ਅਰ ਨਾ ਸ਼ਰਾਬ ਪੀ ਕੇ ਹੀ ਅੰਦਰ ਜਾ ਸਕਦਾ ਹੈ, ਅਮੀਰ ਗਰੀਬ ਸਾਰਿਆਂ ਨੂੰ ਪੈਰ ਧੋ ਕੇ ਅੰਦਰ ਜਾਨਾ ਪੈਂਦਾ ਹੈ।

(੯) ਗਰਮੀਆਂ ਦੇ ਮੌਸਮ ਵਿਚ ਠੰਢਾ ਜਲ ਅਰ ਸਰਦੀਆਂ ਵਿਚ ਅੱਗ ਦੀਆਂ ਅੰਗੀਠੀਆਂ ਥਾਂ ਥਾਂ ਤੇ ਰਖੀਆਂ ਜਾਂਦੀਆਂ ਹਨ, ਜ਼ਮੀਨ ਤੇ ਬੋਰੀਆਂ ਅਰ ਟਾਟ ਵਛਾਏ ਜਾਂਦੇ ਹਨ ਤਾਂ ਜੋ ਸੰਗਤਾਂ ਦੇ ਪੈਰਾਂ ਤੇ ਸਰਦੀ ਅਸਰ ਨਾ ਕਰੇ, ਬੜੇ ਬੜੇ ਅਮੀਰ ਆਦਮੀ ਦਰਬਾਰ ਸਾਹਿਬ ਵਿਚ ਆਪ ਝਾੜੂ ਦੇਕੇ ਤੇ ਫ਼ਰਸ਼ ਆਦਿ ਧੋਣ ਦੀ ਹੱਥੀਂ ਸੇਵਾ ਕਰਕੇ ਆਪਣਾ ਜਨਮ ਸਫਲ ਕਰਦੇ ਹਨ।

(੧੦) ਦੀਪ ਮਾਲਾ ਅਰ ਵਸਾਖੀ ਦੇ ਦਿਨਾਂ ਵਿਚ ਹਜ਼ਾਰਾਂ ਸਾਧੂਆਂ ਅਰ ਗਰੀਬਾਂ ਨੂੰ ਰੋਟੀਆਂ ਵੰਡੀਆਂ ਜਾਂਦੀਆਂ ਹਨ, ਅਮੀਰ ਇਸਤ੍ਰੀਆਂ ਆਪਣੇ ਹੱਥੀਂ ਪ੍ਰਸ਼ਾਦ ਤਿਆਰ ਕਰਕੇ ਵੰਡਦੀਆਂ ਹਨ।

(੧੧) ਹੋਰਨਾਂ ਤੀਰਥਾਂ ਨਾਲੋਂ ਏਥੋਂ ਦੇ ਮਰਦ ਜ਼ਨਾਨੀਆਂ ਗਰੀਬ, ਜ਼ਖਮੀ ਅਰ ਬੀਮਾਰ ਸਾਧੂਆਂ ਦੀ ਬਹੁਤ ਸੇਵਾ ਕਰਦੇ ਹਨ।

(੧੨) ਭੁੱਲੇ ਭਟਕੇ ਆਦਮੀ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚ ਮਿਲ ਸਕਦੇ ਹਨ।

(੧੩) ਏਸ ਥਾਂ ਦੀ ਵਡਿਆਈ ਸਿਰਫ ਦਖਾਵੇ ਦੀ ਹੀ ਨਹੀਂ ਪ੍ਰੰਤੂ ਰੱਬੀ ਨੂਰ ਹੈ, ਅਰ ਜਦ ਤਕ ਪ੍ਰਿਥਵੀ ਕਾਇਮ ਰਹੇਗੀ ਦਿਨ ਬਦਿਨ ਵਧੇਗੀ, ਏਥੇ ਹੋਰਨਾਂ ਮੰਦਰਾਂ ਵਾਂਗ ਭੈੜੇ ਅਰ ਬੁਰੇ ਖਿਆਲ ਉਤਪੰਨ ਕਰਨ ਵਾਲੀਆਂ ਤਸਵੀਰਾਂ ਨਹੀਂ ਜੋ ਇਨਸਾਨ ਨੂੰ ਬੁਰਾਈ ਵਲ ਖਿਚਦੀਆਂ ਹੋਣ। ਜਗਨ ਨਾਥ, ਕਾਂਸ਼ੀ ਅਰ ਮਥਰਾ ਦੇ ਮੰਦਰਾਂ ਵਿਚ ਬਹੁਤ ਨੰਗੀਆਂ ਤਸਵੀਰਾਂ ਵੇਖਣ ਵਿਚ ਆਉਂਦੀਆਂ ਹਨ। ਗੱਲ ਕੀ ਦਰਬਾਰ ਸਾਹਿਬ ਜੀ ਦੀ ਸੁੰਦਰ ਬਨਾਵਟ ਦੀ ਕੋਈ ਹੋਰ ਥਾਂ ਬਰਾਬਰੀ ਨਹੀਂ ਕਰ ਸਕਦੀ। ਦਰਬਾਰ ਸਾਹਿਬ ਵਿਚ ਸਵੇਰੇ ਅਰ ਸ਼ਾਮ ਨੂੰ ਏਨੀ ਭੀੜ ਹੁੰਦੀ ਹੈ ਕਿ ਟੁਰਨ ਵਾਸਤੇ ਰਸਤਾ ਮਿਲਣਾ ਮੁਸ਼ਕਲ ਹੋ ਜਾਂਦਾ ਹੈ, ਮੁਕਦੀ ਗੱਲ ਪੰਜਾਬ ਅਰ ਸਾਰੀ ਦੁਨੀਆਂ ਵਿਚ ਇਹ ਸ਼ਹਿਰ ਕਾਂਸ਼ੀ, ਦਵਾਰਕਾ, ਮੱਕਾ, ਮਦੀਨਾ, ਨਾਲੋਂ ਵੀ ਕਈ ਦਰਜੇ ਵਧਿਆ ਹੋਇਆ ਹੈ।

(੧੪) ਇਸ ਕਿਸਮ ਦਾ ਦੁਨੀਆਂ ਵਿਚ ਕੋਈ ਦੂਜਾ ਮੰਦਰ ਨਹੀਂ, ਕਲਮ ਅਰ ਜ਼ਬਾਨ ਇਸ ਦੀ ਵਡਿਆਈ ਕਰਨੋਂ ਅਸਮਰੱਥ ਹੈ, ਜੋ ਇਕ ਵਾਰੀ ਦਰਸ਼ਨ ਕਰ ਲਏ ਫੇਰ ਸਾਰੀ ਉਮਰ ਨਹੀਂ ਭੁੱਲ ਸਕਦਾ, ਲੋਕ ਇਸ ਨੂੰ 'ਕਲਪ ਬ੍ਰਿਛ' ਅਰ 'ਕਾਮਧੇਨ' ਜਿਹਾ ਸਮਝਦੇ ਹਨ, ਨਿਰਸੰਦੇਹ ਇਹ ਬਿਲਕੁਲ ਸੱਚ ਹੈ, ਇੱਥੋਂ ਹਰ ਇਕ ਸ਼ਰਧਾਵਾਨ ਦੀ ਮਨੋ ਕਾਮਨਾ ਪੂਰਨ ਹੁੰਦੀ ਹੈ।

ਸ਼ਹਿਰ ਦਾ ਹਾਲ

ਮਹਾਰਾਜਾ ਰਣਜੀਤ ਸਿੰਘ ਸਾਹਿਬ ਸ਼ੇਰ ਪੰਜਾਬ ਨੇ ਸੰਮਤ ੧੮੬੧ ਬਿਕ੍ਰਮੀ ਵਿਚ ਅੰਮ੍ਰਿਤਸਰ ਨੂੰ ਆਪਣੇ ਰਾਜ ਪ੍ਰਬੰਧ ਵਿਚ ਲਿਆ। ਏਸ ਸ਼ਹਿਰ ਦੀ ਬਾਹਰਲੀ ਦੀਵਾਰ ਨੂੰ ਮਹਾਰਾਜਾ ਸਾਹਿਬ ਨੇ ਸੰਮਤ ੧੮੭੮ ਵਿਚ ਗਨੇਸ਼ ਦਾਸ 'ਅਫਸਰ ਇਮਾਰਤ' ਦੀ ਰਾਹੀਂ ਬਨਵਾਨਾ ਸ਼ੁਰੂ ਕੀਤਾ, ਜੋ ਮਹੰਮਦ ਯਾਰ ਖ਼ਾਨ ਦੀ ਸਲਾਹ ਨਾਲ ਕਟੜਾ ਮਹਾਂ ਸਿੰਘ ਤੋਂ ਬਣਨੀ ਸ਼ੁਰੂ ਹੋਈ। ਫੇਰ ਸਰਦਾਰ ਦੇਸਾ ਸਿੰਘ ਮਜੀਠੀਏ ਨੇ ਇਹ ਕੰਮ ਆਪਣੇ ਹੱਥ ਵਿਚ ਲਿਆ ਅਰ ਫੇਰ ਸੰਮਤ ੧੮੮੧ ਨੂੰ ਸਰਦਾਰ ਦੇਸਾ ਸਿੰਘ ਦੇ ਪੁਤ੍ਰ ਸਰਦਾਰ ਲਹਿਣਾ ਸਿੰਘ ਨੂੰ ਇਸ ਕੰਮ ਤੇ ਲਾਇਆ ਗਿਆ। ਇਸ ਦੇ ਪਿਛੋਂ ਏਥੋਂ ਦੇ ਇਕ ਸ਼ਾਹੂਕਾਰ ਰਾਮਾਨੰਦ ਨਾਮੇ (ਜਿਸ ਨੂੰ ਮਹਾਰਾਜਾ ਰਣਜੀਤ ਸਿੰਘ ਬਾਬਾ ਜੀ ਆਖਕੇ ਸੱਦਿਆ ਕਰਦੇ ਸਨ) ਦੇ ਮਰਨ ਤੇ ਉਸ ਦੀ ਜਾਇਦਾਦ ਵਿਚੋਂ ਸੱਤ ਲਖ ਰੁਪੱਯਾ ਸਰਕਾਰੀ ਖਜ਼ਾਨੇ ਦਾਖਲ ਹੋਇਆ, ਜੋ ਇਸ ਇਮਾਰਤ ਤੇ ਖਰਚ ਕੀਤਾ ਗਿਆ। ਸੱਤ ਲੱਖ ਦਾ ਵੇਰਵਾ ਇਸ ਤਰਾਂ ਹੈ:–

ਸ਼ਹਿਰ ਦੀ ਕੰਧ	੫੮੨੦੦੦)
ਧੂੜ ਕੋਟ ਜਿਸ ਤੋਂ ਤੋਪ ਚੱਲ ਸਕਦੀ ਸੀ	੧੧੮੦੦੦)
ਕੁਲ ਖਰਚ	੭੦੦੦੦੦)

ਸੰਮਤ ੧੮੭੮ ਤੋਂ ੧੮੯੯ ਬਿਕ੍ਰਮੀ ਤੱਕ ਮਹਾਰਾਜਾ ਸਾਹਿਬ ਦੀ ਜ਼ਿੰਦਗੀ ਵਿਚ ਇਹ ਕੰਮ ਜਾਰੀ ਰਿਹਾ, ਫੇਰ ਸੰਮਤ ੧੮੯੬ ਵਿਚ ਮਹਾਰਾਜਾ ਸ਼ੇਰ ਸਿੰਘ ਜੀ ਦੇ ਗੱਦੀ ਤੇ ਬਿਰਾਜਨ ਤੇ ਇਹ ਕੰਮ ਸ਼ੁਰੂ ਕੀਤਾ ਗਿਆ, ਜਿਸ ਦੀ ਲਾਗਤ ਦਾ ਵੇਰਵਾ ਇਸ ਤਰ੍ਹਾਂ ਹੈ:–

ਲਾਗਤ ਸ਼ੈਹਰ ਦੀ ਕੰਧ	੫੭੦੪੬੦)
ਲਾਗਤ ਬਾਰਾਂ ਦਰਵਾਜ਼ੇ	੭੨੦੦੦)
ਲਾਗਤ ਜੋੜੀ ਤਖਤੇ ੧੨ ਦਰਵਾਜ਼ਿਆਂ ਦੇ	੧੮੦੦੦)
ਤਖਤਾ ਚੋਬੀ ਧੂੜ ਕੋਟ ੭	੧੦੦੦੦)
ਕੁਲ ਜੋੜ	੬੭੦੪੬੦)
ਲਾਗਤ ਜੋ ਮਹਾਰਾਜਾ ਰਣਜੀਤ ਸਿੰਘ ਵੇਲੇ ਲਗੀ	੫੭੦੦੦੦)
ਸਾਰੀ ਲਾਗਤ ਦਾ ਜੋੜ	੧੨੪੦੪੬੦)

ਧੂੜ ਕੋਟ ਦੀ ਪੱਕੀ ਕੰਧ ਦਾ ਉਸਾਰ ਦੋ ਗਜ਼

ਧੂੜ ਕੋਟ ਕੱਚੀ ਕੰਧ ਦੀ ਚਵ੍ਹਾਂ ਪਾਸਿਆਂ ਤੋਂ ਲੰਬਾਈ ੮੭੨੪ ਗਜ਼, ਉਸ ਦੀ ਚੁੜਾਈ ੧੦ ਗਜ।

ਏਸ ਤਰ੍ਹਾਂ ਦੀ ਸਾਰੀ ਕੰਧ ਤਿਆਰ ਹੋਈ ਜਿਸ ਵਿਚ ਵੀਹ ਵੀਹ ਬੁਰਜ ਇਕ ਦਰਵਾਜ਼ੇ ਦੇ ਦਰਮਿਆਨ ਬਣਾਏ ਗਏ, ਜੋ ਕੁੱਲ ਦੋ ਸੌ ਚਾਲੀ ਹਨ।

ਸੰਮਤ ੧੯੨੨ ਵਿਚ ਜਦ ਸਰਕਾਰ ਅੰਗਰੇਜ਼ੀ ਦਾ ਕਬਜ਼ਾ ਹੋਇਆ ਤਾਂ ਧੂੜ ਕੋਟ ਅਰ ਕੰਧ ਨੂੰ ਢਾਹਕੇ ਉਸ ਦੀਆਂ ਇੱਟਾਂ ਅਰ ਮਿੱਟੀ ਵੇਚੀ ਗਈ ਅਰ ਉਸ ਦੀ ਥਾਂ ਪੱਕੀ ਕੰਧ ਡੇਢ ਗਜ ਚੋੜੀ ਅਰ ਬਾਰਾਂ ਗਜ ਉੱਚੀ ਸ਼ਹਿਰ ਦੇ ਚਵ੍ਹੀਂ ਪਾਸੀਂ ਸੰਮਤ ੧੯੪੧ ਤੱਕ ਤਿਆਰ ਕਰਵਾਈ ਗਈ। ਪਹਿਲਿਆਂ ਦਰਵਾਜਿਆਂ ਵਿਚੋਂ ਦਰਵਾਜੇ ਵੀ ਬਹੁਤ ਸਾਰੇ ਢਾਹੇ ਗਏ ਜਿਨ੍ਹਾਂ ਦੀ ਨਸ਼ਾਨੀ ਹੁਣ ਤੱਕ ਰਾਮਬਾਗ਼ ਵਾਲਾ ਦਰਵਾਜ਼ਾ ਹੈ। ਖਾਈ ਵਿਚ ਮਿੱਟੀ ਭਰਵਾਕੇ ਜ਼ਮੀਨ ਦੇ ਬਰਾਬਰ ਕੀਤੀ ਗਈ ਜਿਸ ਵਿਚ ਖੇਤੀ ਬਾੜੀ ਹੋਣ ਲਗ ਪਈ ਅਰ ਬਗੀਚੇ ਲਗ ਗਏ। ਕੰਧ ਦੇ ਨਾਲ ਨਾਲ ਸ਼ਹਿਰ ਦੀ ਰਾਖੀ ਲਈ ਕੁਝ ਪੁਲਸ ਦੀਆਂ ਚੌਂਕੀਆਂ ਵੀ ਬਣਵਾਈਆਂ ਗਈਆਂ।

ਦਰਵਾਜ਼ਿਆਂ ਦਾ ਸਮਾਚਾਰ

(੧) ਲੋਹਗੜ੍ਹ ਦਾ ਦਰਵਾਜ਼ਾ

ਇਸ ਦਰਵਾਜ਼ੇ ਦੇ ਬਾਹਰ ਹੇਠ ਲਿਖੇ ਇਤਹਾਸਕ ਅਸਥਾਨ ਹਨ:-

੧. ਕਿਲਾ ਗੋਬਿੰਦ ਗੜ੍ਹ, ੨. ਠਾਕਰ ਦਵਾਰਾ ਰਘੁਨਾਥ ਦਾਸ, ੩. ਡੇਰਾ ਦੂਧਾ ਧਾਰੀ, ੪. ਤਲਾਬ ਦੁਰਗੇਆਣਾ, ੫. ਅਖਾੜਾ ਦੱਤ ਸ਼ਾਹ, ੬. ਸ਼ਵਾਲਾ ਬੂਟਾ ਕਵਾੜੀ, ੭. ਮੰਦਰ ਸੀਤਲਾ, ੮. ਮਕਾਨ ਭੈਰੋਂ, ੯. ਹਿੰਦੂਆਂ ਦੇ ਮੁਰਦੇ ਸਾੜਨ ਵਾਲੀ ਪੱਕੀ ਚਾਰ ਦਿਵਾਰੀ, ੧੦. ਠਾਕਰ ਦਵਾਰਾ ਮਾਈ ਸਾਹਿਬ, ੧੧. ਠਾਕਰ ਦੁਆਰਾ ਜਗਨ ਨਾਥ, ੧੨. ਤਕੀਆ ਕਾਦਰ ਸ਼ਾਹ, (੧੩) ਤਕੀਆ ਇਲਾਹੀ ਬਖਸ਼, (੧੪) ਪੀਰ ਖਾਨਾ ਸੁਲਤਾਨ, (੧੫)ਦੁਰਗਾ ਮੰਦਰ ਆਦਿ ਅਤੇ ਕਈ ਬਗੀਚੇ ਵੀ ਹਨ। ਬਸੰਤ ਪੰਚਮੀ, ਦੁਸਹਿਰਾ, ਸੀਤਲਾ ਸੁਲਤਾਨ ਤੇ ਦੁਰਗੇਆਣੇ ਦਾ ਮੇਲਾ ਲਗਦਾ ਹੈ, ਘੋੜਿਆਂ ਦੀ ਮੰਡੀ ਵੀ ਏਥੇ ਹੀ ਲਗਦੀ ਹੈ।

(੨) ਹਾਥੀ ਦਰਵਾਜ਼ਾ

ਇਸ ਦਰਵਾਜ਼ੇ ਦੇ ਬਾਹਰ ਸੜਕਾਂ ਅਤੇ ਬਾਗ਼ ਬਹੁਤ ਹਨ, ਏਹਨਾਂ ਵਿਚੋਂ ਇਕ ਬਗੀਚਾ ਅਰ ਕੋਠੀ ਲਾਲਾ ਸੰਤ ਰਾਮ ਸੱਪੜੇ ਦੀ ਵੇਖਣ ਯੋਗ ਹੈ।

(੩) ਹਾਲ ਦਰਵਾਜ਼ਾ

ਸੰਮਤ ੧੯੨੨ ਵਿਚ ਹਾਲ ਸਾਹਿਬ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਨੇ ਰੇਲਵੇ ਸਟੇਸ਼ਨ ਦੇ ਸਾਹਮਣੇ ਇਹ ਤੇਰ੍ਹਵਾਂ ਦਰਵਾਜ਼ਾ ਕੱਢਿਆ ਜੋ ਓਨ੍ਹਾਂ ਦੇ ਨਾਮ ਨਾਲ ਹੀ ਪ੍ਰਸਿਧ ਹੈ, ਏਸ ਦਰਵਾਜ਼ੇ ਦੇ ਬਾਹਰ ਲਾਲਾ ਸੰਤ ਰਾਮ ਦਾ ਇਕ ਤਾਲਾਬ ਅਰ ਕੁਝ ਹੋਰ ਪ੍ਰਸਿਧ ਮਕਾਨ ਹਨ, ਏਥੋਂ ਰੇਲਵੇ ਸਟੇਸ਼ਨ ਨੂੰ ਸਿਧੀ ਸੜਕ ਜਾਂਦੀ ਹੈ, ਪਹਿਲੇ ਏਥੇ ਇਕ ਮੈਦਾਨ ਹੁੰਦਾ ਸੀ ਜਿਥੇ ਕਿ ਸਰਕਾਰੀ ਜੇਲ੍ਹਖਾਨਾ ਹੋਯਾ ਕਰਦਾ ਸੀ, ਪਰ ਜਦ ਦਰਵਾਜ਼ਾ ਬਣਿਆਂ ਤਾਂ ਜੇਲ੍ਹਖਾਨਾ ਸ਼ਹਿਰੋਂ ਦੋ ਮੀਲ ਪਿੰਡ ਗੁਮਟਾਲਾ ਦੇ ਕੋਲ ਚਲਿਆ ਗਿਆ, ਅਰ ਏਥੇ ਮਕਾਨ ਅਰ ਸੁੰਦਰ ਬਾਗ਼ ਬਣਵਾਏ ਗਏ। ਕਚੈਹਰੀ ਏਸ ਪਾਸੇ ਹੋਣ ਦੇ ਸਬੱਬ ਇਸ ਦਰਵਾਜ਼ੇ ਬਹੁਤ ਰੌਣਕ ਰਹਿੰਦੀ ਹੈ।

(੪) ਦਰਵਾਜ਼ਾ ਰਾਮ ਬਾਗ਼

ਇਸ ਦਰਵਾਜ਼ੇ ਦੇ ਬਾਹਰ ਇਹ ਥਾਵਾਂ ਹਨ :-

(੧) ਇਕ ਸ਼ਵਾਲਾ, (੨) ਸਰਾਏ ਮਿਸਰ ਰਲਾ ਰਾਮ, (੩) ਮੁਸਾਫ਼ਰਖਾਨਾ, (੪) ਮਿਠੇ ਪਾਣੀ ਦਾ ਖੂਹ, (੫) ਤਲਾਬ ਪੱਕਾ (ਸਾਂਡਲ ਸਾਹਿਬ ਡਿਪਟੀ ਕਮਿਸ਼ਨਰ ਵਾਲਾ ਜੋ ਸੰਮਤ ੧੯੧੧ ਵਿਚ ਚੌਦਾਂ ਹਜ਼ਾਰ ਦੀ ਲਾਗਤ ਨਾਲ ਬਣਾਇਆ ਗਿਆ ਸੀ), (੬) ਹਸਪਤਾਲ ਖਰੈਤੀ, (੭) ਗਿਰਜਾ ਘਰ, (੮) ਈਦ ਗਾਹ, (੯) ਬਾਗ ਗੁਲੇ ਬੇਗਮ, (੧੦) ਠਾਕਰ

ਦਵਾਰਾ ਸਾਲਗ ਰਾਮ, (੧੧) ਰਾਮਬਾਗ, (੧੨) ਪੁਲਸ ਲਾਈਨ ਵਡੀ, (੧੩) ਥਾਨਾ ਪੁਲਸ ਆਦਿ। ਇਸ ਪਾਸੇ ਬਾਗ਼ ਬਹੁਤ ਹਨ, ਨੱਗਰ ਮਜੀਠਾ, ਡੇਰਾ ਬਾਬਾ ਨਾਨਕ ਬਟਾਲਾ ਅਰ ਗੁਰਦਾਸ ਪੁਰ ਨੂੰ ਇਸ ਦਰਵਾਜ਼ੇ ਤੋਂ ਹੀ ਸੜਕਾਂ ਨਿਕਲਦੀਆਂ ਹਨ। ਏਨ੍ਹਾਂ ਸੜਕਾਂ ਤੇ ਯੱਕੇ ਅਰ ਗੱਡੀਆਂ ਆਮ ਚਲਦੀਆਂ ਹਨ।

(੫) ਦਰਵਾਜ਼ਾ ਮਹਾਂ ਸਿੰਘ ਵਾਲਾ

ਪਹਿਲਾਂ ਇਸ ਦਰਵਾਜ਼ੇ ਦੇ ਬਾਹਰ ਕੋਹੜਿਆਂ ਲਈ ਇਕ ਹਾਤਾ ੩੯੫) ਰੁਪਏ ਦੀ ਲਾਗਤ ਨਾਲ ਬਣਾਇਆ ਗਿਆ ਸੀ, ਪਰ ਸੰਮਤ ੧੯੨੮ ਬਿ: ਵਿਚ ਉਸ ਥਾਂ ਸਰਕਾਰੀ ਆਬ੍ਰਕਾਰੀ ਬਣਾਈ ਗਈ, ਇਸ ਦੇ ਬਾਹਰ ਮਿਸਰ ਗਿਆਨ ਚੰਦ ਪੁਤ੍ਰ ਰਲਾ ਰਾਮ ਦਾ ਮੁਸਾਫਰ ਖਾਨਾ ਵੀ ਹੈ, ਇਕ ਸੜਕ ਤਸੀਲ ਨੂੰ ਜਾਂਦੀ ਹੈ ਜੋ ਸ਼ਹਿਰ ਤੋਂ ਬਹੁਤ ਨੇੜੇ ਹੈ।

(੬) ਦਰਵਾਜ਼ਾ ਘੀ ਮੰਡੀ

ਇਸ ਦੇ ਬਾਹਰ ਇਹ ਮਕਾਨ ਹਨ :—

(੧) ਬਗੀਚਾ ਭਾਈ ਬਹਾਲ ਸਿੰਘ ਨਿਰਮਲਾ ਸੰਤ, (੨) ਬਗੀਚਾ ਨੌਹਰੀਆਂ, (੩) ਬੁਰਜ ਫੂਲਾ ਸਿੰਘ ਅਕਾਲੀ, (੪) ਕਬਰਸਤਾਨ, (੫) ਬਗੀਚਾ ਅਰ ਤਲਾਬ ਭਾਈ ਕਲਿਆਨ ਸਿੰਘ, (੬) ਬਗੀਚਾ ਮੁਕੰਦਾ ਮੱਲ। ਏਸੇ ਦਰਵਾਜ਼ੇ ਵਿਚੋਂ ਹੰਸਲੀ ਨਾਮ ਦੀ ਨਹਿਰ ਲੰਘ ਕੇ ਦਰਬਾਰ ਸਾਹਿਬ ਵਿਚ ਪੈਂਦੀ ਹੈ ਜਿਸ ਦੇ ਕਨਾਰੇ ਰਾਮ ਤਲਾਈ ਅਰ ਮਾਤਾ ਦਾ ਮਕਾਨ ਹੈ, ਏਥੋਂ ਹੀ ਇਕ ਵਡੀ ਸੜਕ ਏਸੇ ਦਰਵਾਜ਼ੇ ਵਿੱਚੋਂ ਇਕ ਕੱਚੀ ਸੜਕ ਨਿਕਲਕੇ ਚੱਕਰ ਦੀ ਸੜਕ ਨਾਲ ਮਿਲ ਜਾਂਦੀ ਹੈ।

(੭) ਦਰਵਾਜ਼ਾ ਸੁਲਤਾਨ ਵਿੰਡ ਜਾਂ ਤੋਪ ਤੇ ਦਿੱਲੀ ਵਾਲਾ

ਇਸ ਦਰਵਾਜ਼ੇ ਦੇ ਬਾਹਰ ਸੁਖਦਯਾਲ ਦਾ ਇਕ ਪੱਕਾ ਤਾਲਾਬ ਹੈ। ਥੋੜੀ ਵਿੱਥ ਤੇ ਇਕ ਹੋਰ ਤਲਾ ਸਮਦੂ ਕਸ਼ਮੀਰੀ ਦਾ ਵੀ ਹੈ। ਸਮਦੂ ਏਸ ਸ਼ੈਹਰ ਵਿਚ ਪ੍ਰਸਿੱਧ ਦਾਨੀ ਤੇ ਦੀਨ ਇਮਾਨ ਵਾਲਾ ਆਦਮੀ ਹੋ ਚੁਕਾ ਹੈ। ਕਬਰਸਤਾਨ ਕਸ਼ਮੀਰੀਆਂ ਤੇ ਬਗੀਚਾ ਨੌਹਰੀਆਂ ਵੀ ਏਸ ਦਰਵਾਜ਼ੇ ਦੇ ਬਾਹਰ ਹਨ, ਜਿਨ੍ਹਾਂ ਵਿਚ ਪਿਆਸਿਆਂ ਨੂੰ ਜਲ ਛਕਾਉਣ ਦਾ ਬੜਾ ਸੋਹਣਾ ਪਰਬੰਧ ਹੈ। ਪਿੰਡ ਸੁਲਤਾਨਵਿੰਡ ਅਰ ਵੱਲਾ ਵੇਰਕਾ ਨੂੰ ਏਥੋਂ ਸੜਕਾਂ ਜਾਂਦੀਆਂ ਹਨ।

(੮) ਦਰਵਾਜ਼ਾ ਚਾਟੀ ਵਿੰਡ

ਇਸ ਦਰਵਾਜ਼ੇ ਤੋਂ ਸ੍ਰੀ ਤਰਨ ਤਾਰਨ ਸਾਹਿਬ ਜੀ ਨੂੰ ਇਕ ਪੱਕੀ ਸੜਕ ਜਾਂਦੀ ਹੈ,ਮਹੇਸ਼ ਰਾਮ ਖੱਤਰੀ ਦਾ ਬਣਾਇਆ ਹੋਇਆ ਤਲਾ, ਸਰਾਂ ਅਰ ਠਾਕਰ ਦੁਆਰਾ ਵੀ ਏਸੇ ਦਰਵਾਜ਼ੇ ਦੇ ਬਾਹਰ ਹੈ, ਜਿਸਦੀ ਰੌਣਕ ਸੰਤ ਸਵਾਇਆ ਸਿੰਘ ਜੀ ਨੇ ਹੁਣ ਤੱਕ ਬਣਾਈ ਹੋਈ ਹੈ। ਬਗੀਚਾ ਅੱਡਣਸ਼ਾਹੀਆਂ, ਚਾਰ ਦੀਵਾਰੀ, ਪੱਕੇ ਮਸਾਣ, ਬਗੀਚਾ ਬੁੱਢਾ ਮੱਲ ਸ਼ਕਾਰ ਪੁਰੀਆ, ਤਲਾ

ਭਾਈ ਫਤੇ ਸਿੰਘ ਘੜਿਆਲੀਆ ਵੀ ਏਸੇ ਪਾਸੇ ਹੀ ਹਨ।

(੯) ਦਰਵਾਜ਼ਾ ਗਲਵਾਲੀ

ਏਥੇ ਇਕ ਕਬਰਸਤਾਨ ਅਰ ਪੁਲਸ ਲਾਈਨ ਹੈ। ਜੋ ਰਸਤਾ ਪਿੰਡ ਗਲਵਾਲੀ ਤੋਂ ਹੋਕੇ ਹਰੀ ਕੇ ਪੱਤਨ ਨੂੰ ਜਾਣ ਦਾ ਹੈ ਓਹ ਵੀ ਏਥੋਂ ਹੀ ਨਿਕਲਦਾ ਹੈ।

(੧੦) ਦਰਵਾਜ਼ਾ ਭਗਤਾਂ ਵਾਲਾ

ਏਸ ਦਰਵਾਜ਼ੇ ਦੇ ਬਾਹਰ ਹਿੰਦੂਆਂ ਦਾ ਇਕ ਮਸਾਣ ਹੈ, ਚੂੜ੍ਹੇ ਅਰ ਚਮਿਆਰਾਂ ਦਾ ਕਬਰਸਤਾਨ ਵੀ ਏਧਰ ਹੈ, ਕਿਉਂਕਿ ਓਹ ਬਹੁਤੇ ਏਧਰ ਵਸਦੇ ਹਨ। ਏਸ ਦਰਵਾਜ਼ੇ ਥਾਣੀ ਇਕ ਸੜਕ ਪਿੰਡ ਮੁੱਲਾਂ ਪੁਰ ਚੱਕ ਜਾਂਦੀ ਹੈ। ਇਸ ਦਰਵਾਜ਼ੇ ਦੇ ਬਾਹਰ ਸੰਮਤ ੧੯੬੫ ਵਿਚ ਇਕ ਰੇਲਵੇ ਸਟੇਸ਼ਨ ਬਨਿਆਂ ਜੋ ਹੁਣ ਤੱਕ"ਭਗਤਾਂ ਵਾਲਾ ਸਟੇਸ਼ਨ'ਦੇ ਨਾਮ ਨਾਲ ਪ੍ਰਸਿੱਧ ਹੈ।

(੧੧) ਦਰਵਾਜ਼ਾ ਹਕੀਮਾਂ ਵਾਲਾ

ਇਹ ਦਰਵਾਜ਼ਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਹਕੀਮ ਨੂਰ ਦੀਨ ਅਰ ਚਰਾਗਦੀਨ ਦੀ ਰਾਹੀਂ ਬਨਵਾਇਆ ਸੀ ਇਸ ਲਈ ਇਸ ਦਾ ਨਾਮ ਹਕੀਮਾਂ ਵਾਲਾ ਦਰਵਾਜ਼ਾ ਪ੍ਰਸਿੱਧ ਹੋ ਗਿਆ। ਇਸ ਦਰਵਾਜ਼ੇ ਤੋਂ ਇਕ ਰਸਤਾ ਪਿੰਡ ਫਤਿਹਾਬਾਦ, ਬੀਰੋ ਵਾਲਾ ਅਰ ਮਾਝਾ ਪੱਟੀ ਨੂੰ ਜਾਂਦਾ ਹੈ, ਏਸ ਲਈ ਇਸ ਨੂੰ ਮਾਝੇ ਵਾਲਾ ਦਰਵਾਜ਼ਾ ਵੀ ਆਖਦੇ ਹਨ।

(੧੨) ਦਰਵਾਜ਼ਾ ਖਜ਼ਾਨਾ

ਖਜ਼ਾਨਾ ਨਾਮੀ ਇਕ ਮਹਾਰਾਜਾ ਰਣਜੀਤ ਸਿੰਘ ਜੀ ਦਾ ਨੌਕਰ ਸੀ, ਕਿਉਂਕਿ ਉਸ ਦੀ ਭੋਂ ਇਸ ਪਾਸੇ ਸੀ, ਇਸ ਲਈ ਇਸ ਦਰਵਾਜ਼ੇ ਦਾ ਨਾਮ ਉਸ ਦੇ ਨਾਮ ਨਾਲ ਮਸ਼ਹੂਰ ਹੋ ਗਿਆ। ਇਸ ਦਰਵਾਜ਼ੇ ਦੇ ਬਾਹਰ ਭੱਦਰਕਾਲੀ ਨਾਮੇ ਇਕ ਅਸਥਾਨ ਹੈ ਜਿਥੇ ਚੇਤਰ ਦੇ ਮਹੀਨੇ ਵਡਾ ਮੇਲਾ ਲਗਦਾ ਹੈ, ਏਧਰ ਇਕ ਕਬਰਸਤਾਨ ਵੀ ਹੈ।

(੧੩) ਲਾਹੌਰੀ ਦਰਵਾਜ਼ਾ

ਪਹਿਲਾਂ ਸਿਰਫ ਇਸ ਦਰਵਾਜ਼ੇ ਤੋਂ ਹੀ ਪਿੰਡ ਸੱਯਦ ਮਹਮੂਦ ਤੋਂ ਹੋਕੇ ਲਾਹੌਰ ਨੂੰ ਰਸਤਾ ਜਾਂਦਾ ਸੀ, ਜੋ ਹੁਣ ਪੱਕੀ ਸੜਕ ਨਾਲ ਮਿਲ ਗਿਆ ਹੈ। ਇਸ ਦਰਵਾਜ਼ੇ ਦੇ ਬਾਹਰ ਇਹ ਥਾਵਾਂ ਹਨ:–

(੧) ਪੁਲਸਲਾਈਨ (੨) ਸਰਾਂ ਤਲਾ ਅਰ ਬਗੀਚਾ ਲਾਲਾ ਕਿਸ਼ਨ ਚੰਦ (੩) ਬਗੀਚਾ ਹਕੀਮ ਗੁਲਾਬ ਰਾਇ, ਜਿਥੇ ਬਾਬਾ ਲਾਲ ਜੀ ਦਾ ਮੇਲਾ ਲਗਦਾ ਹੈ (੪) ਮਸਾਣ ਪੱਕੇ (੫) ਹਿੰਦੂ ਬੱਚਿਆਂ ਨੂੰ ਦੱਬਣ ਵਾਲੀ ਥਾਂ। ਇਸ ਤੋਂ ਛੁੱਟ ਹੋਰ ਕਈ ਬਾਗ ਅਰ ਬਗੀਚੇ ਏਸ ਪਾਸੇ ਹਨ।

ਅੰਮ੍ਰਿਤਸਰ ਸ਼ਹਿਰ ਦਾ ਰਕਬਾ

੧੧੧੭ ਘੁਮਾਂ ੭ ਕਨਾਲ ੨ ਮਰਲੇ ਹੈ।

ਅੰਮ੍ਰਿਤਸਰ ਸ਼ਹਿਰ ਦੇ ਕਟੜਿਆਂ ਦਾ ਵੇਰਵਾ

(੧) 'ਕਟੜਾ ਆਹਲੂਵਾਲੀਆਂ'—ਨੂੰ ਸੰਮਤ ੧੮੧੬ ਬਿਕ੍ਰਮੀ ਵਿਚ ਸਰਦਾਰ ਜੱਸਾ ਸਿੰਘ ਆਹਲੂਵਾਲੀਏ ਨੇ ਵਸਾਇਆ ਸੀ। ਇਹ ਕਟੜਾ ਬੜਾ ਰੌਣਕ ਵਾਲਾ ਹੈ।

(੨) 'ਕਟੜਾ ਫਤੇ ਸਿੰਘ ਕਾਲਿਆਂ ਵਾਲਾ'—ਜੋ ਉਪਰੋਕਤ ਸਰਦਾਰ ਜੀ ਨੇ ਸੰਮਤ ੧੮੪੨ ਵਿਚ ਵਸਾਇਆ। ਸੰਮਤ ੧੮੬੪ ਵਿਚ ਸਰਦਾਰ ਸਾਹਿਬ ਦੇ ਚਲਾਣੇ ਦੇ ਮਗਰੋਂ ਉਹਨਾਂ ਦਾ ਇਕ ਨੌਕਰ ਦਲ ਸਿੰਘ ਨਾਮੇ ਨਾਈ ਸਾਰੀ ਜਾਇਦਾਦ ਦਾ ਮਾਲਕ ਬਨਿਆਂ।

(੩) 'ਬਜ਼ਾਰ ਗੁਰੂ'—ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੫੧ ਵਿਚ ਅਬਾਦ ਕੀਤਾ।

(੪) 'ਕਟੜਾ ਸਰਦਾਰ ਹਰੀ ਸਿੰਘ ਭੰਗੀ' ਸੰਮਤ ੧੮੧੩ ਵਿਚ ਵਸਿਆ।

(੫) 'ਲੋਹਾ ਮੰਡੀ' ਨੂੰ ਸੰਮਤ ੧੮੩੪ ਵਿਚ ਸ੍ਰਦਾਰਾਨ ਝੰਡਾ ਸਿੰਘ ਅਰ ਗੰਡਾ ਸਿੰਘ ਭੰਗੀਆਂ ਨੇ ਵਸਾਇਆ।

(੬) ਬਜ਼ਾਰ ਪਟਰੰਗਾਂ—ਇਹ ਬਜ਼ਾਰ ਵੀ ਉਪਰੋਕਤ ਸਰਦਾਰਾਂ ਸੰਮਤ ੧੮੪੨ ਵਿਚ ਵਸਾਇਆ।

(੭) 'ਕਟੜਾ ਨਿਹਾਲ ਸਿੰਘ ਅਟਾਰੀ ਵਾਲਾ'—ਸੰਮਤ ੧੮੫੨ ਵਿਚ ਵਸਿਆ।

(੮) 'ਕਟੜਾ ਫਤੇ ਸਿੰਘ ਮਾਨ'—ਸੰਮਤ ੧੮੭੧ ਵਿਚ ਵਸਿਆ।

(੯) 'ਕਟੜਾ ਹਰਸਾ ਸਿੰਘ'—ਸੰਮਤ ੧੮੬੮ ਵਿਚ ਵਸਾਇਆ ਗਿਆ।

(੧੦) 'ਕਟੜਾ ਮੋਹਰ ਸਿੰਘ'—੧੮੮੨ ਵਿਚ ਵਸਿਆ। ਇਹ ਸਰਦਾਰ ਮਹਾਰਾਜਾ ਰਣਜੀਤ ਸਿੰਘ ਦਾ ਮੁਸਾਹਿਬ ਸੀ,ਪਰ ਪਿਛੋਂ ਬਹੁਤ ਸਾਰਾ ਰੁਪਿਆ ਲੈਕੇ ਕਾਂਸ਼ੀ ਜਾ ਵੱਸਿਆ।

(੧੧) 'ਚੌਂਕ ਦਰਬਾਰ ਸਾਹਿਬ'—ਵਿਚ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀ ਫੌਜ ਰਿਹਾ ਕਰਦੀ ਸੀ, ਸੰਮਤ ੧੮੭੮ ਵਿਚ ਬਹੁਤ ਸਾਰੀਆਂ ਦੁਕਾਨਾਂ ਬਣਵਾਕੇ ਵਿਚਕਾਰ ਇਹ ਚੌਂਕ ਬਣਵਾਇਆ।

(੧੨) 'ਕਟੜਾ ਸਰਦਾਰ ਲੈਹਣਾ ਸਿੰਘ, ਪ੍ਰਸਿੱਧ ਮੋਚੀ ਬਜ਼ਾਰ'—ਸੰਮਤ ੧੮੪੦ ਵਿਚ ਵਸਿਆ। ਇਹ ਸਰਦਾਰ ਭੰਗੀ ਸਰਦਾਰਾਂ ਵਿਚੋਂ ਸੀ ਅਰ ਲਾਹੌਰ ਦੇ ਤੀਸਰੇ ਹਿੱਸੇ ਦਾ ਮਾਲਕ ਸੀ।

(੧੩) 'ਕਟੜਾ ਜੱਲ੍ਹੋ ਵਾਲੀਆਂ'—ਨੂੰ ਸੰਮਤ ੧੮੮੨ ਵਿਚ ਸਰਦਾਰ ਹਿੰਮਤ ਸਿੰਘ ਜਲ੍ਹੋ ਵਾਲੀਏ ਨੇ ਵਸਾਇਆ, ਜਿਸ ਵਿਚ ਇਕ ਬਾਗ ਅਰ ਸਮਾਧ ਆਦਿ ਬਣੇ ਹੋਏ ਹਨ।

(੧੪) 'ਛਾਵਣੀ ਨਿਹੰਗਾਂ'–ਵਿਚ ਬਹੁਤਾ ਅਕਾਲੀ ਫੂਲਾ ਸਿੰਘ ਅਰ ਨਿਧਾਨ ਸਿੰਘ ਆਦਿ ਰਿਹਾ ਕਰਦੇ ਸਨ, ਏਥੇ ਹੁਨ ਤਕ ਬਹੁਤ ਨਿਹੰਗ ਰਹਿੰਦੇ ਹਨ, ਇਹ ਬਬੇਕ ਸਰ ਦੇ ਕੋਲ ਹੈ।

(੧੫) 'ਕਟੜਾ ਘੀ ਮੰਡੀ'–ਪਹਿਲਾਂ ਕੁਝ ਸੂਦਾਰਾਂ ਦਾ ਕੱਠਾ ਸੀ ਪਰ ਕੰਧ (ਸਫੀਲ) ਬਣਨ ਵੇਲੇ ਰਾਜਾ ਧਿਆਨ ਸਿੰਘ ਇਸ ਦਾ ਮਾਲਕ ਬਣ ਗਿਆ।

(੧੬) 'ਕਟੜਾ ਨਕਈਆਂ'–ਨੂੰ ਸੰਮਤ ੧੮੫੪ ਵਿਚ ਸਰਦਾਰ ਅਮਰ ਸਿੰਘ ਨਕਈ ਧਰਮ ਕੋਟ ਵਾਲੇ ਨੇ ਵਸਾਇਆ।

(੧੭) 'ਕਟੜਾ ਸ਼ੇਰ ਸਿੰਘ'–ਮਹਾਰਾਜਾ ਸ਼ੇਰ ਸਿੰਘ ਜੀ ਨੇ ਵਸਾਇਆ।

(੧੮) 'ਕਟੜਾ ਘਨੱਯਾਂ'–ਨੂੰ ਸੰਮਤ ੧੮੪੩ ਵਿਚ ਸਰਦਾਰ ਜੈ ਸਿੰਘ ਅਰ ਸਰਦਾਰ ਹਕੀਕਤ ਸਿੰਘ ਨੇ ਆਬਾਦ ਕੀਤਾ।

(੧੯) 'ਕਟੜਾ ਸਿੰਘ ਪੁਰੀਆਂ'–ਨੂੰ ਸੰ: ੧੮੧੨ ਵਿਚ ਨਵਾਬ ਕਪੂਰ ਸਿੰਘ ਜੀ ਨੇ ਵਸਾਇਆ, ਇਹ ਅੱਜ ਕੱਲ ਕਸੇਰਿਆਂ ਦੇ ਬਜ਼ਾਰ ਦੇ ਨਾਮ ਨਾਲ ਪ੍ਰਸਿਧ ਹੈ।

(੨੦) 'ਕਟੜਾ ਡੇਉਢੀ ਕਰਮੋਂ'–ਰਾਣੀ ਸਦਾ ਕੌਰ ਦਾ ਸੀ, ਅਰ ਉਸ ਦੀ ਕਾਰ ਦਾਰ ਕਰਮੋਂ ਨਾਮੇ ਇਸਤ੍ਰੀ ਏਥੇ ਬੈਠਕੇ ਇਨਸਾਫ ਕੀਤਾ ਕਰਦੀ ਸੀ, ਜਿਸ ਲਈ ਇਸ ਦਾ ਨਾਮ ਹੀ ਉਸ ਦੇ ਨਾਮ ਤੇ ਕਰਮੋਂ ਡੇਉਢੀ ਪ੍ਰਸਿੱਧ ਹੋ ਗਿਆ।

(੨੧) 'ਕਟੜਾ ਜੈਮਲ ਸਿੰਘ'–ਨੂੰ ਸੰਮਤ ੧੮੫੧ ਵਿਚ ਸਰਦਾਰ ਜੈਮਲ ਸਿੰਘ ਘਨਈਏ ਨੇ ਵਸਾਇਆ।

(੨੨) 'ਕਟੜਾ ਖੜਗ ਸਿੰਘ'–ਨਕਈ ਸਰਦਾਰਾਂ ਦਾ ਸੀ, ਇਹ ਮਹਾਰਾਜਾ ਖੜਗ ਸਿੰਘ ਦੇ ਨਾਨਕੇ ਸਨ। ਮਹਾਰਾਜਾ ਖੜਗ ਸਿੰਘ ਨੇ ਇਸ ਨੂੰ ਵੈਰਾਨ ਵੇਖਕੇ ੧੮੮੨ ਵਿਚ ਆਬਾਦ ਕੀਤਾ।

(੨੩) 'ਕਟੜਾ ਦੂਲੋ, ਸਰਦਾਰ ਕਰਮ ਸਿੰਘ ਭੰਗੀ'–ਸੰਮਤ ੧੮੧੩ ਵਿਚ ਸਰਦਾਰ ਕਰਮ ਸਿੰਘ ਨੇ–ਜਿਸਨੂੰ ਲੋਕ ਦਾਨੀ ਹੋਣ ਕਰਕੇ ਦੂਲੋ ਕਿਹਾ ਕਰਦੇ ਸਨ–ਇਸਨੂੰ ਵਸਾਇਆ।

(੨੪) 'ਕਟੜਾ ਲੋਹਗੜ੍ਹ'–ਨੂੰ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਲੋਹਗੜ੍ਹ ਦਾ ਕਿਲ੍ਹਾ ਬਣਾਉਣ ਵੇਲੇ ਵਸਾਇਆ।

(੨੫) 'ਕਟੜਾ ਬਾਘ ਸਿੰਘ'–ਨੂੰ ਇਸ ਨਾਂ ਦੇ ਇਕ ਆਹਲੂਵਾਲੀਏ ਸਰਦਾਰ ਨੇ ਸੰਮਤ ੧੮੩੦ ਵਿਚ ਆਬਾਦ ਕੀਤਾ।

(੨੬) 'ਕਟੜਾ ਪਰਜਾ'–ਸੰਮਤ ੧੮੯੮ ਵਿਚ ਆਬਾਦ ਹੋਇਆ। ਏਥੇ ਪਹਿਲਾਂ ਪਰਜਾ ਖੱਤਰੀ ਸ਼ਾਹੂਕਾਰ ਰਿਹਾ ਕਰਦਾ ਸੀ, ਇਸ ਲਈ ਇਸ ਦਾ ਨਾਮ ਉਸ ਦੇ ਨਾਮ ਨਾਲ

ਮਸ਼ਹੂਰ ਹੋ ਗਿਆ।

(੨੭) 'ਕਟੜਾ ਮੋਤੀ ਰਾਮ' ਸੰਮਤ ੧੮੮੨ ਵਿਚ ਵਸਾਇਆ ਗਿਆ। ਮੋਤੀ ਰਾਮ ਮਹਾਰਾਜਾ ਰਣਜੀਤ ਸਿੰਘ ਦਾ ਦੀਵਾਨ ਸੀ।

(੨੮) 'ਕਟੜਾ ਚੜ੍ਹਤ ਸਿੰਘ' ਏਹ ਸਰਦਾਰ ਭੰਗੀ ਸਰਦਾਰਾਂ ਵਿਚੋਂ ਸੀ, ੧੮੫੨ ਵਿਚ ਇਸ ਨੇ ਏਹ ਕਟੜਾ ਵਸਾਇਆ।

(੨੯) 'ਕਟੜਾ ਟੁੰਡੇ ਵਾਲਾ' ਜੋ 'ਢਾਬ ਟੁੰਡੇ ਵਾਲੀ' ਦੇ ਨਾਮ ਨਾਲ ਪ੍ਰਸਿੱਧ ਹੈ। ਇਸ ਕਟੜੇ ਨੂੰ ਇਸ ਨਾਮ ਦੇ ਇਕ ਸੁਦਾਗਰ ਨੇ ਵਸਾਇਆ ਸੀ ਜੋ ਭੰਗੀ ਸਰਦਾਰਾਂ ਨੂੰ ਘੋੜੇ ਲਿਆਕੇ ਦਿਤਾ ਕਰਦਾ ਸੀ। ਉਸ ਨੇ ਏਥੇ ਇਕ ਤਲਾ ਵੀ ਬਣਵਾਇਆ ਸੀ ਜੋ 'ਟੁੰਡੇ ਤਲਾ' ਦੇ ਨਾਮ ਨਾਲ ਹੀ ਮਸ਼ਹੂਰ ਹੈ।

(੩੦) 'ਖਡੌਣਿਆਂ ਵਾਲਾ ਬਾਜ਼ਾਰ' ਖਡੌਣਿਆਂ ਦੀਆਂ ਬਹੁਤ ਦੁਕਾਨਾਂ ਹੋਣ ਕਰਕੇ ਇਸ ਨਾਮ ਨਾਲ ਮਸ਼ਹੂਰ ਹੋ ਗਿਆ।

(੩੧) 'ਕਟੜਾ ਲੱਖੂ ਦੀ ਨੂੰਹ ਵਾਲਾ' ਏਸ ਨੂੰ ਇਕ ਲੱਖੂ ਨਾਮੀ ਬਜਾਜ ਦੀ ਨੂੰਹ ਨੇ ਆਪਣੇ ਸਹੁਰੇ–ਜਿਸ ਦੀ ਬਜਾਜੀ ਦੀ ਦੁਕਾਨ ਕਟੜਾ ਦੂਲੋ ਵਿਚ ਸੀ–ਦੇ ਮਰਨ ਮਗਰੋਂ ਆਬਾਦ ਕੀਤਾ।

(੩੨) 'ਕਟੜਾ ਗਿਆਨੀਆਂ' ਨੂੰ ਭਾਈ ਸੰਤ ਸਿੰਘ ਗਿਆਨੀ ਨੇ ਸੰਮਤ ੧੮੭੧ ਵਿਚ ਵਸਾਇਆ।

(੩੩) 'ਕਟੜਾ ਮਿਸਰ ਬੇਲੀ ਰਾਮ' ਨੂੰ ਸੰਮਤ ੧੮੭੮ ਵਿਚ ਉਪ੍ਰੋਕਤ ਨਾਮ ਦੇ ਆਦਮੀ ਨੇ ਜੋ ਮਹਾਰਾਜਾ ਰਣਜੀਤ ਸਿੰਘ ਦਾ ਵੱਡਾ ਖਜ਼ਾਨਚੀ ਸੀ, ਵਸਾਇਆ,

(੩੪) 'ਕਟੜਾ ਖਜ਼ਾਨਾ' ਨੂੰ ਮਹਾਰਾਜਾ ਰਣਜੀਤ ਸਿੰਘ ਦੇ ਇਕ ਪ੍ਰਸਿੱਧ ਨਸ਼ਾਨਚੀ ਖਜ਼ਾਨਾ ਨਾਮੀ ਨੇ ੧੮੮੦ ਵਿਚ ਆਬਾਦ ਕੀਤਾ।

(੩੫) 'ਚੌਂਕ ਮੱਲਾ ਸਿੰਘ' ਨੂੰ ਭਾਵੇਂ ਭੰਗੀ ਸਰਦਾਰਾਂ ਨੇ ਆਬਾਦ ਕੀਤਾ ਸੀ, ਪਰ ਏਥੇ ਮੱਲਾ ਸਿੰਘ ਹਲਵਾਈ ਦੀ ਦੁਕਾਨ ਮਸ਼ਹੂਰ ਹੋਣ ਕਰਕੇ ਇਹ ਚੌਂਕ ਵੀ ਏਸੇ ਨਾਮ ਨਾਲ ਪ੍ਰਸਿੱਧ ਹੋ ਗਿਆ।

(੩੬) 'ਮਜੀਠ ਮੰਡੀ' ਵਿਚ ਮਜੀਠ ਦੀਆਂ ਦੁਕਾਨਾਂ ਬਹੁਤ ਹੋਣ ਕਰਕੇ ਅਰ ਏਥੇ ਤਖਤ ਮੱਲ ਮਜੀਠ ਦੇ ਮਸ਼ਹੂਰ ਵਪਾਰੀ ਦੀ ਦੁਕਾਨ ਹੋਣ ਕਰਕੇ ਇਸ ਦਾ ਨਾਮ ਮਜੀਠ ਮੰਡੀ ਤਖਤ ਮੱਲ ਵਾਲੀ ਮਸ਼ਹੂਰ ਹੋ ਗਿਆ। ਇਹ ਮੰਡੀ ਕਟੜਾ ਹਰੀ ਸਿੰਘ ਵਿੱਚ ਹੈ।

(੩੭) 'ਕਿਲ੍ਹਾ ਭੰਗੀਆਂ' ਜਿਸ ਨੂੰ ਭੰਗੀ ਸਰਦਾਰਾਂ ਨੇ ਬਨਵਾਇਆ ਸੀ ਸਰਕਾਰ ਨੇ ਢਾਹ ਕੇ ਮਕਾਨ ਬਣਵਾ ਦਿਤੇ ਹਨ, ਪਰ ਤਾਂ ਵੀ ਹੁਣ ਤਕ ਉਹਨਾਂ ਸਰਦਾਰਾਂ ਦੇ ਨਾਮ ਤੇ

ਪ੍ਰਸਿੱਧ ਹੈ।

(੩੮) 'ਕਟੜਾ ਹਕੀਮਾਂ' ਨੂੰ ਹਕੀਮ ਨੂਰ ਦੀਨ ਅਰ ਅਜ਼ੀਜ਼ ਦੀਨ ਨੇ ਸੰਮਤ ੧੮੯੨ ਬਿਕ੍ਰਮੀ ਵਿਚ ਆਬਾਦ ਕੀਤਾ ਸੀ ਜੇਹੜੇ ਕਿ ਮਹਾਰਾਜਾ ਰਣਜੀਤ ਸਿੰਘ ਦੇ ਵਡੇ ਹਕੀਮਾਂ ਵਿੱਚੋਂ ਸਨ।

(੩੯) 'ਕਟੜਾ ਕਰਮ ਸਿੰਘ' ਪਿੰਡ ਰੰਘੜ ਨੰਗਲ ਦੇ ਇਕ ਪੁਰਾਣੇ ਖਾਨਦਾਨ ਦੇ ਸਰਦਾਰ ਦੇ ਨਾਮ ਨਾਲ ਪ੍ਰਸਿੱਧ ਹੈ। ਸੰਮਤ ੧੮੪੧ ਵਿਚ ਇਹ ਜ਼ਮੀਨ ਉਸ ਦੀ ਮਲਕੀਅਤ ਬਣੀ ਅਰ ੧੮੮੧ ਵਿਚ ਉਸ ਥਾਂ ਤੇ ਇਕ ਕਟੜਾ ਆਬਾਦ ਹੋਇਆ।

(੪੦) 'ਲੂਣ ਮੰਡੀ' ਸਰਦਾਰ ਝੰਡਾ ਸਿੰਘ ਦੇ ਕਟੜੇ ਵਿਚ ਲੂਣ ਦੀਆਂ ਦੁਕਾਨਾਂ ਬਹੁਤੀਆਂ ਹੋਣ ਕਰਕੇ ਇਹ ਨਾਮ ਮਸ਼ਹੂਰ ਹੋ ਗਿਆ।

(੪੧) 'ਕਣਕ ਮੰਡੀ' ਭੰਗੀ ਸਰਦਾਰਾਂ ਦੇ ਕਟੜੇ ਵਿਚ ਕਣਕ ਜ਼ਿਆਦਾ ਵਿਕਣ ਦੇ ਕਾਰਨ ਇਹ ਨਾਮ ਮਸਹੂਰ ਹੈ।

(੪੨) 'ਕਟੜਾ ਮਿਤ ਸਿੰਘ' ਨੂੰ ੧੮੬੩ ਵਿਚ ਉਪਰੋਕਤ ਨਾਮ ਦੇ ਇਕ ਭੜਾਣੀਏਂ ਸਰਦਾਰ ਨੇ–ਜੋ ਸਰਕਾਰ ਲਾਹੌਰ ਦੀਆਂ ਨਜ਼ਰਾਂ ਵਿਚ ਅੱਵਲ ਦਰਜੇ ਵਿਚੋਂ ਸੀ– ਆਬਾਦ ਕੀਤਾ।

(੪੩) 'ਕਟੜਾ ਰਾਮ ਗੜ੍ਹੀਆਂ'' ਸਰਦਾਰ ਜੱਸਾ ਸਿੰਘ ਦੇ ਨਾਮ ਤੇ ੧੮੧੨ ਬਿਕ੍ਰਮੀ ਵਿਚ ਆਬਾਦ ਹੋਇਆ, ਇਹ ਸਾਰਿਆਂ ਕਟੜਿਆਂ ਨਾਲੋਂ ਲੰਬਾ ਚੌੜਾ ਹੈ, ਬ੍ਰਹਮ ਗੜ੍ਹ ਅਰ ਛਾਵਣੀ ਨਿਹੰਗਾਂ ਵੀ ਏਸੇ ਕਟੜੇ ਵਿਚ ਹਨ।

(੪੪) 'ਕਟੜਾ ਗਰਭਾ ਸਿੰਘ' ਸੰਮਤ ੧੮੭੮ ਵਿਚ ਆਬਾਦ ਹੋਇਆ। ਇਸ ਨੂੰ ਵਸਾਉਣ ਵਾਲਾ ਸਰਦਾਰ ਗਰਭਾ ਸਿੰਘ। ਮਹਾਰਾਜਾ ਰਣਜੀਤ ਸਿੰਘ ਜੀ ਦੇ ਮੁਸਾਹਿਬਾਂ ਵਿੱਚੋਂ ਸੀ।

(੪੫) 'ਕਟੜਾ ਮਹਾਂ ਸਿੰਘ' ਮਹਾਰਾਜਾ ਰਣਜੀਤ ਸਿੰਘ ਜੀ ਦੇ ਪਿਤਾ ਸਰਦਾਰ ਮਹਾਂ ਸਿੰਘ ਜੀ ਨੇ ੧੮੩੬ ਵਿਚ ਵਸਾਇਆ ਸੀ।

(੪੬) 'ਕਟੜਾ ਦੇਸੂ ਸਿੰਘ' ਨੂੰ ਸਰਦਾਰ ਗੰਡਾ ਸਿੰਘ ਭੰਗੀ ਦੇ ਵਾਰਸ ਸ੍ਰਦਾਰ ਦੇਸੂ ਸਿੰਘ ਨੇ ਸੰਮਤ ੧੮੫੧ ਵਿਚ ਆਬਾਦ ਕੀਤਾ।

(੪੭) 'ਕਟੜਾ ਮਾਈ ਸੇਵਾਂ' ਨੂੰ ਮਾਈ ਸੇਵਾਂ ਨੇ ਆਪਣੇ ਪਤੀ ਸਰਦਾਰ ਫਤੇ ਸਿੰਘ ਦੇ ਚਲਾਣੇ ਦੇ ਪਿਛੋਂ ਸੰਮਤ ੧੮੬੬ ਵਿਚ ਆਬਾਦ ਕੀਤਾ। ਘੰਟਾ ਘਰ ਵੀ ਏਸੇ ਕਟੜੇ ਵਿਚ ਹੈ।

(੪੮) 'ਕਟੜਾ ਭਾਈ ਵਸਤੀ ਰਾਮ' ਮਹਾਰਾਜਾ ਖੜਗ ਸਿੰਘ ਦੇ ਉਸਤਾਦ ਭਾਈ ਰਾਮ ਸਿੰਘ ਨੇ ਆਪਣੇ ਪਿਤਾ ਵਸਤੀ ਰਾਮ ਦੇ ਨਾਮ ਤੇ ਸੰਮਤ ੧੮੮੮ ਵਿਚ ਆਬਾਦ ਕੀਤਾ।

(੪੯) 'ਕਟੜਾ ਜੱਟਾਂ' ਨੂੰ ਇਜ਼ਤ ਸਿੰਘ ਚੋਪੜੇ ਖੱਤਰੀ ਨੇ ਸੰਮਤ ੧੮੯੧ ਵਿਚ ਆਬਾਦ ਕੀਤਾ।

(੫੦) 'ਬਜ਼ਾਰ ਜਮਾਂਦਾਰ' ਨੂੰ ਖੁਸ਼ਾਲ ਸਿੰਘ ਜਮਾਂਦਾਰ ਨੇ ਜੋ ੨੨ ਲੱਖ ਦਾ ਜਾਗੀਰ ਦਾਰ ਸੀ ਸੰਮਤ ੧੮੭੧ ਵਿਚ ਵਸਾਇਆ।

(੫੧) 'ਚੌਂਕ ਪਾਸੀਆਂ' ਵਿਚ ਸੰਮਤ ੧੬੩੮ ਬਿਕ੍ਰਮੀ ਵਿਚ ਗੁਰੂ ਅਰਜਨ ਦੇਵ ਜੀ ਮਹਾਰਾਜ ਦੀ ਆਗਿਆ ਨਾਲ ਪਾਸੀ ਖਤ੍ਰੀ ਆਬਾਦ ਹੋਏ ਸਨ। ਇਸ ਲਈ ਇਸ ਦਾ ਨਾਮ ਏਹ ਪ੍ਰਸਿੱਧ ਹੋ ਗਿਆ।

(੫੨) 'ਕਟੜਾ ਦਲ ਸਿੰਘ' ਨੂੰ ਇਸ ਨਾਮ ਦੇ ਇਕ ਨਾਈ ਨੇ ਜੋ ਸਰਦਾਰ ਫਤੇ ਸਿੰਘ ਕਾਲਿਆਂ ਵਾਲੇ ਦਾ ਨੌਕਰ ਸੀ ਸੰਮਤ ੧੮੭੩ ਵਿਚ ਸਰਦਾਰ ਸਾਹਿਬ ਦੇ ਚਲਾਣੇ ਦੇ ਪਿਛੋਂ ਉਨ੍ਹਾਂ ਦੀ ਸਾਰੀ ਜਾਇਦਾਦ ਦੇ ਮਾਲਕ ਬਣ ਜਾਣ ਪੁਰ ਆਬਾਦ ਕੀਤਾ।

(੫੩) 'ਟੋਭਾ ਭਾਈ ਸਾਲੋ' ਨੂੰ ਭਾਈ ਸਾਲੋ ਨੇ ਗੁਰੂ ਰਾਮਦਾਸ ਜੀ ਦੇ ਹੁਕਮ ਨਾਲ ਇਕ ਕੱਚੇ ਤਲਾ ਦੇ ਕਨਾਰੇ ਤੇ ਧਰਮਸਾਲਾ ਬਣਾ ਕੇ ਸੰਮਤ ੧੬੪੨ ਵਿਚ ਆਬਾਦ ਕੀਤਾ।

(੫੪) 'ਬਜ਼ਾਰ ਜਰਨੈਲ ਹਰ ਸੁਖ' ਜਾਂ 'ਸਬਜ਼ ਮੰਡੀ' ਏਹ ਥਾਂ ਜਰਨੈਲ ਹਰ ਸੁਖ (ਜੋ ਪਹਿਲਾਂ ਮਹਾਰਾਜਾ ਰਣਜੀਤ ਸਿੰਘ ਦਾ ਫੌਜੀ ਜਰਨੈਲ ਸੀ ਅਰ ਪਿਛੋਂ ਸਰਕਾਰ ਅੰਗਰੇਜ਼ੀ ਦਾ ਤਹਸੀਲ ਦਾਰ ਬਣਿਆ) ਨੂੰ ਉਸ ਦੀਆਂ ਸਰਕਾਰੀ ਸੇਵਾਂ ਦੇ ਬਦਲੇ ਸੰਮਤ ੧੯੧੦ ਵਿਚ ਆਬਾਦ ਕਰਨ ਲਈ ਮਿਲੀ।

(੫੫) 'ਕਟੜਾ ਮਾਨਾਂਵਾਲਾ' ਕਟੜਾ ਨਿਹਾਲ ਸਿੰਘ ਅਟਾਰੀ ਵਾਲੇ ਦੇ ਵਿਚਕਾਰ ਹੈ, ਇਸ ਨੂੰ ਸਰਦਾਰ ਫਤੇ ਸਿੰਘ ਮਾਨ ਨੇ ਸੰਮਤ ੧੮੭੧ ਵਿਚ ਵਸਾਇਆ।

(੫੬) 'ਬਜ਼ਾਰ ਸਬੂਨੀਆਂ'—ਕਟੜਾ ਆਹਲੂ ਵਾਲੀਆਂ ਵਿਚਕਾਰ ਹੈ। ਏਸ ਵਿਚ ਸਾਬਨ ਬਨਾਨ ਵਾਲਿਆਂ ਦੀਆਂ ਬਹੁਤ ਦੁਕਾਨਾਂ ਹਨ।

(੫੭) 'ਬਜਾਰ ਕੰਜਰੀਆਂ'—ਕਟੜਾ ਆਹਲੂ ਵਾਲੀਆਂ ਦੇ ਵਿਚਕਾਰ ਹੈ, ਤੇ ਏਥੇ ਕੰਜਰੀਆਂ ਬਹੁਤ ਰਹਿੰਦੀਆਂ ਹੋਣ ਕਰਕੇ ਏਹ ਨਾਮ ਮਸ਼ਹੂਰ ਹੈ।

(੫੮) 'ਬਜਾਰ ਘੁਮਿਆਰਾਂ'—ਸਰਦਾਰ ਨਿਹਾਲ ਸਿੰਘ ਦੇ ਕਟੜੇ ਵਿਚ ਹੈ। ਸੰਮਤ ੧੮੮੪ ਵਿਚ ਆਬਾਦ ਹੋਇਆ।

(੫੯) 'ਬਜਾਰ ਮਿਸਰੀ ਵਾਲਾ'—ਕਟੜਾ ਹਰਸਾ ਸਿੰਘ ਦੇ ਵਿਚਕਾਰ ਹੈ। ਮਿਸਰੀ ਦੀਆਂ ਦੁਕਾਨਾਂ ਬਹੁਤ ਹਨ।

(੬੦) 'ਬਜਾਰ ਸਿਰਕੀ ਬੰਦਾਂ'—ਕਟੜਾ ਦੂਲੋ ਵਿਚ ਹੈ, ਤੇ ਸਿਰਕੀ ਬੰਨ੍ਹਾਂ ਦੀਆਂ ਦੁਕਾਨਾਂ ਬਹੁਤ ਹਨ।

[੬੧] 'ਬਜ਼ਾਰ ਬੱਤੀ ਹੱਟਾ'—ਚੁਰਸਤੀ ਅਟਾਰੀ ਦੇ ਕੋਲ ਕਟੜਾ ਹਰਸਾ ਸਿੰਘ ਵਿੱਚ ਹੈ।

[੬੨] 'ਬਜ਼ਾਰ ਪਟਰੰਗਾਂ'—ਏਹ ਬਜ਼ਾਰ ਕਟੜਾ ਭੰਗੀ ਸਰਦਾਰਾਂ ਦੇ ਵਿਚਕਾਰ ਹੈ ।

[੬੩] 'ਚਾਵਲ ਮੰਡੀ'—ਕਟੜਾ ਨਿਹਾਲ ਸਿੰਘ ਅਟਾਰੀ ਵਾਲੇ ਦੇ ਵਿਚਕਾਰ ਹੈ।

[੬੪] 'ਚੌਂਕ ਫੁਲਾਂ ਵਾਲਾ'—ਕਟੜਾ ਭੰਗੀਆਂ ਵਿਚ ਹੈ।

[੬੫] 'ਚੁਰਸਤੀ ਅਟਾਰੀ' ਵਿਚ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਬੈਠਣ ਕਰਕੇ ਅਰ ਚਵ੍ਹੀਂ ਪਾਸੀਂ ਮਕਾਨ ਅਰ ਅਟਾਰੀਆਂ ਬਨਵਾਨ ਕਰਕੇ ਇਸ ਦਾ ਨਾਮ ਚੁਰੱਸਤੀ ਅਟਾਰੀ ਪ੍ਰਸਿੱਧ ਹੋ ਗਿਆ।

[੬੬] 'ਦਰਸ਼ਨੀ ਦਰਵਾਜਾ' ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਪਣੇ ਮਹਿਲਾਂ ਦੇ ਵਿਚਕਾਰ ਸੰਮਤ ੧੬੩੫ ਵਿਚ ਦਰਬਾਰ ਸਾਹਿਬ ਬਨਵਾਨ ਵੇਲੇ ਬਨਵਾਇਆ।

[੬੭] 'ਕਟੜਾ ਗੁਰਮੁਖ ਸਿੰਘ ਗਿਆਨੀ' ਨੂੰ ਭਾਈ ਗੁਰਮੁਖ ਸਿੰਘ ਗਿਆਨੀ ਨੇ ਬਨਵਾਇਆ ਸੀ।

[੬੮] 'ਕਟੜਾ ਹਰਦਾਸ ਸਿੰਘ ਬਕਾਲ' ਮਹਾਰਾਜਾ ਰਣਜੀਤ ਸਿੰਘ ਦੇ ਇਕ ਪ੍ਰਸਿੱਧ ਸ਼ਾਹੂਕਾਰ ਦਾ ਸੀ।

[੬੯] 'ਮਹਲ ਗੁਰੂ'—ਸੰਮਤ ੧੬੩੯ ਵਿਚ ਗੁਰੂ ਰਾਮਦਾਸ ਸਾਹਿਬ ਜੀ ਨੇ ਸਭ ਤੋਂ ਪਹਿਲਾਂ ਇਹ ਮਕਾਨ ਬਣਵਾਇਆ ਸੀ।

ਉੱਪਰ ਦੱਸੇ ਕਟੜਿਆਂ ਦੀ ਰਸਮ ਤੈਹ ਜ਼ਮੀਨੀ ਵਸੂਲ ਕਰਨ ਦੀ ਹੈ। ਜਿਸ ਵੇਲੇ ਇਹ ਸ਼ੈਹਰ ਅਤੇ ਕਟੜੇ ਸਿਖ ਸਰਦਾਰਾਂ ਨੇ ਵਸਾਏ ਓਸ ਵੇਲੇ ਜਮੀਨ ਬਗੈਰ ਕੀਮਤ ਲਏ ਵੱਸਣ ਵਾਲਿਆਂ ਨੂੰ ਦੇਂਦੇ ਰਹੇ। ਸਿਰਫ਼ ੧) ਅਰ ਗੁੜ ਦੀ ਇਕ ਰੋੜੀ ਨਜ਼ਰ ਵਜੋਂ ਲਿਆ ਕਰਦੇ ਸਨ। ਸਾਲ ਦੇ ਖਤਮ ਹੋਣ ਪਿਛੋਂ ਕਿਸੇ ਕੋਲੋਂ ਅੱਠ ਆਨੇ ਕਿਸੇ ਕੋਲੋਂ ਰੁਪਯਾ ਅਰ ਕਿਸੇ ਕੋਲੋਂ ਚਾਰ ਆਨੇ ਹੈਸੀਅਤ ਦੇ ਅਨੁਸਾਰ ਲੈਂਦੇ ਰਹੇ, ਜਿਸ ਤੋਂ ਹੁਣ ਤਕ ਓਹ ਹੀ ਰਸਮ ਜਾਰੀ ਹੈ। ਪਹਿਲੇ ਇਸ ਸ਼ੈਹਰ ਵਿਚ ਹਰ ਇਕ ਕਟੜੇ ਦਾ ਸਰਦਾਰ ਆਪਣੇ ਆਪਣੇ ਕਟੜੇ ਦਾ ਪੂਰੇ ਇਖਤਿਆਰਾਂ ਵਾਲਾ ਹਾਕਮ ਹੁੰਦਾ ਸੀ, ਏਥੋਂ ਤਕ ਕਿ ਜੇਕਰ ਇਕ ਕਟੜੇ ਦਾ ਅਪਰਾਧੀ ਦੂਸਰੇ ਕਟੜੇ ਵਿਚ ਨੱਸਕੇ ਟੁਰ ਜਾਂਦਾ ਸੀ ਤਾਂ ਉਹ ਓਸ ਨੂੰ ਵਾਪਸ ਨਹੀਂ ਦੇਂਦਾ ਸੀ। ਓਸ ਵੇਲੇ ਤੋਂ ਹੀ ਇਹ ਤੈਹ ਜ਼ਮੀਨੀ ਦੀ ਰਸਮ ਚਲੀ ਆਂਵਦੀ ਹੈ। ਪਹਿਲਾਂ ਕਟੜਿਆਂ ਦੇ ਹਰ ਇਕ ਸਰਦਾਰ ਵੱਖੋ ਵਖਰੀ ਤੈਹ ਜ਼ਮੀਨੀ ਲੈਂਦੇ ਸਨ। ਫੇਰ ਜਦ ਇਹ ਸ਼ੈਹਰ ਸੰਮਤ ੧੮੬੧ ਵਿਚ ਮਹਾਰਾਜਾ ਰਣਜੀਤ ਸਿੰਘ ਦੇ ਅਧਿਕਾਰ ਵਿਚ ਹੋਇਆ ਤਾਂ ਸਾਰਿਆਂ ਦੀ ਤੈਹ ਜ਼ਮੀਨੀ ਜਮਾਂ ਹੋਕੇ ਖਜ਼ਾਨੇ ਵਿਚ ਦਾਖਲ ਹੋਣ ਲੱਗ ਪਈ। ਹੁਣ ਜਦ ਤੋਂ ਸਰਕਾਰ ਅੰਗਰੇਜ਼ੀ ਦਾ ਕਬਜ਼ਾ ਹੋਇਆ ਹੈ ਸੰਮਤ ੧੯੦੬ ਤੋਂ ਸ੍ਰਕਾਰ ਇਸ ਤੈਹ ਜ਼ਮੀਨੀ ਦਾ ਰੁਪਯਾ

ਵਸੂਲ ਕਰ ਰਹੀ ਹੈ, ਇਸ ਤੈਹ ਜ਼ਮੀਨੀ ਦੀ ਸਾਲਾਨਾ ਆਮਦਨੀ ਸੰਮਤ ੧੯੨੬ ਵਿਚ ੬੧੪੦) ਸੀ ਅਰ ਸੰਮਤ ੧੯੨੬ ਤੋਂ ਇਹ ਰਕਮ ਵਸੂਲ ਕਰਨ ਲਈ ਤਿੰਨ ਨੰਬਰਦਾਰ ਨੀਯਤ ਹੋਏ, ਜਿਨ੍ਹਾਂ ਨੂੰ ਇਸ ਸੇਵਾ ਦੇ ਬਦਲੇ ੩੭੦) ਅਰਧ ਸਾਲੀ ਮਿਲਦਾ ਹੈ।

ਕਟੜਾ ਆਹਲੂਵਾਲੀਆਂ, ਭੰਗੀਆਂ, ਨਿਹਾਲ ਸਿੰਘ ਅਟਾਰੀ ਵਾਲਾ, ਹੁਕਮਾ ਸਿੰਘ ਅਰ ਬਜ਼ਾਰ ਗੁਰੂ ਆਦਿ ਥਾਵਾਂ ਦੀ ਤੈਹ ਜ਼ਮੀਨੀ ਵਿਚੋਂ ਕੁਝ ਰਕਮ ਕਟੜੇ ਦੇ ਮਾਲਕਾਂ ਦੇ ਵਾਰਸ ਵੀ ਲੈਂਦੇ ਹਨ।

ਤੀਰਥ ਅੰਮ੍ਰਤਸਰ ਦਾ ਹਾਲ

(ਇਸ ਤਲਾ ਦੀ ਪ੍ਰਤੱਖ ਕਰਾਮਾਤ ਜੋ ਅੱਜ ਤੱਕ ਦਿਸ ਆਂਵਦੀ ਹੈ ਓਹ ਇਹ ਹੈ ਕਿ ਇਸ ਵਿਚ ਡੱਡੂ ਕੋਈ ਨਹੀਂ ਅਤੇ ਨਾ ਹੀ ਕਦੀ ਕਿਸੇ ਨੇ ਉਨ੍ਹਾਂ ਦੀ ਅਵਾਜ਼ ਸੁਣੀ ਹੈ। ਇਸ ਵਿਚ ਬਗਲਾ ਵੀ ਕਦੀ ਨਹੀਂ ਵੇਖਿਆ ਗਿਆ। ਜੈਸੀ ਰਾਮ ਤੈਹਸੀਲਦਾਰ ਅਰ ਸਾਂਡਲ ਸਾਹਿਬ ਡਿਪਟੀ ਕਮਿਸ਼ਨਰ ਨੇ ਪੈਹਰੇ ਲਾਕੇ ਇਸ ਗੱਲ ਨੂੰ ਅਜ਼ਮਾਇਆ।)

ਇਸ ਸਰੋਵਰ ਦੀ ਲੰਬਾਈ ਪੰਜ ਸੌ ਫੁੱਟ, ਚੌੜਾਈ ਚਾਰ ਸੌ ਨੱਬੇ ਫੁੱਟ ਅਤੇ ਡੂੰਘਾਈ ਸਤਾਰਾਂ ਫੁੱਟ ਅਤੇ ਹਰ ਇਕ ਪੌੜੀ ਦੀ ਚੌੜਾਈ ਪਾਣੀ ਦੇ ਵਿਚ ਚਾਰ ਫੁੱਟ ਹੈ ਅਰ ਉਪਰ ਦੋ ਫੁੱਟ। ਇਸ ਵਿਚ ਹੰਸਲੀ ਦ੍ਵਾਰਾ ਨੈਹਰ ਦਾ ਪਾਣੀ ਆਕੇ ਪੈਂਦਾ ਹੈ ਜੋ ਜੱਲੇ ਵਾਲਿਆਂ ਦੇ ਬੁੰਗੇ ਦੇ ਥੱਲਿਓਂ ਹੋਕੇ ਆਉਂਦਾ ਹੈ ਅਤੇ ਕੌਲਸਰ ਦੇ ਵਿਚੋਂ ਦੀ ਹੋਕੇ ਸ਼ੈਹਰ ਤੋਂ ਬਾਹਰ ਪੈਲੀਆਂ ਵਿਚ ਜਾ ਪੈਂਦਾ ਹੈ। ਏਹ ਨੈਹਰ ਸਰਦਾਰ ਗੰਡਾ ਸਿੰਘ ਭੰਗੀ ਦੇ ਵੇਲੇ ਮਹੰਤ ਸੰਤੋਖ ਦਾਸ ਅਰ ਪਰੀਤਮ ਦਾਸ ਨੇ ਸੰਮਤ ੧੮੩੫ ਵਿਚ ਹਰ ਇਕ ਸਰਦਾਰ ਦੀ ਉਨ੍ਹਾਂ ਦੇ ਆਪਣੇ ਆਪਣੇ ਇਲਾਕੇ ਵਿਚ ਮਦਦ ਲੈਕੇ ਦਰਬਾਰ ਸਾਹਿਬ ਤਕ ਪਹੁੰਚਾਈ ਸੀ, ਇਹ ਸ਼ੈਹਰ ਦੀ ਚਾਰ ਦੀਵਾਰੀ ਤੋਂ ਲੈਕੇ ਸਰੋਵਰ ਤਕ ਪੱਕੀ ਛੱਤੀ ਹੋਈ ਹੈ। ਇਹ ਜੱਲੇ ਵਾਲਿਆਂ ਦੇ ਬੁੰਗੇ ਦੇ ਕੋਲ ਆਕੇ ਸਰੋਵਰ ਵਿਚ ਪੈਂਦੀ ਹੈ। ਜਦ ਇਹ ਬੁੰਗਾ ਬਣਿਆਂ ਸੀ ਤਾਂ ੭੦੦) ਦੀ ਲਾਗਤ ਆਈ ਸੀ। ਇਕ ਪੌਣਾ ਸਰੋਵਰ ਦੇ ਪਰਬਤ ਵੱਲ ਅਤੇ ਦੂਜਾ ਦੁਖਭੰਜਣੀ ਸਾਹਿਬ ਦੇ ਨੇੜੇ ਹੈ, ਤੀਜਾ ਦੱਖਣ ਵੱਲ ਅਤੇ ਚੌਥਾ ਦਰਸ਼ਨੀ ਦਰਵਾਜੇ ਦੇ ਕੋਲ ਹੈ। ਇਸ ਪਵਿੱਤ੍ਰ ਸਰੋਵਰ ਦੀ ਨੀਂਹ ਭਾਵੇਂ ਸ੍ਰੀ ਗੁਰੂ ਰਾਮਦਾਸ ਜੀ ਨੇ ਸ਼ਹਿਰ ਨੂੰ ਅਬਾਦ ਕਰਨ ਵੇਲੇ ਰੱਖੀ ਸੀ ਪਰ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸੰਮਤ ੧੬੪੦ ਵਿਚ ਇਹ ਸਰੋਵਰ ਸੰਪੂਰਨ ਕਰਵਾਇਆ। ਪੱਕਾ ਬਨਾਨ ਵਾਸਤੇ ਪੱਕੀਆਂ ਇੱਟਾਂ ਦੇ ਆਵੇ ਤਿਆਰ ਕਰਵਾਏ ਅਰ ਸ੍ਰੀ ਹਰਿਮੰਦਰ ਜੀ ਦੀ ਨੀਂਹ ਰਖਣ ਲਗੇ, ਪਰ ਸਬਬ ਨਾਲ ਮੀਆਂ ਮੀਰ ਸਾਹਿਬ ਜੋ ਸ੍ਰੀ ਗੁਰੂ ਸਾਹਿਬ ਜੀ ਦੇ ਮਿੱਤ੍ਰ ਸਨ ਆ ਗਏ। ਗੁਰੂ ਸਾਹਿਬ ਜੀ ਨੇ ਮਾਣ ਰੱਖਣ ਦੇ ਖਿਆਲ ਨਾਲ ਮੀਆਂ ਮੀਰ ਸਾਹਿਬ ਜੀ ਨੂੰ ਕਿਹਾ ਕਿ ਇਸ ਮੰਦਰ ਦੀ ਬੁਨਿਆਦੀ ਇੱਟ ਤੁਸੀਂ ਹੀ ਆਪਣੇ ਹੱਥ ਨਾਲ ਰਖੋ, ਇਸ

ਲਈ ਮੀਆਂ ਮੀਰ ਸਾਹਿਬ ਨੇ ਇੱਟ ਤਾਂ ਰਖ ਦਿੱਤੀ ਪਰ ਉਹ ਪੁੱਠੀ ਰਖੀ ਗਈ ਜਿਸ ਨੂੰ ਕਾਰੀਗਰ ਨੇ ਸਿੱਧਾ ਕਰਨ ਲਈ ਹਿਲਾ ਦਿਤਾ। ਇਸ ਤੇ ਗੁਰੂ ਜੀ ਨੇ ਬਚਨ ਕੀਤਾ ਕਿ ਏਹ ਅਸਥਾਨ ਇਕ ਵਾਰੀ ਢੈਹ ਕੇ ਫਿਰ ਬਣੇਗਾ। ਇਸ ਸੰਬੰਧੀ ਇਓਂ ਵੀ ਕਿਹਾ ਜਾਂਦਾ ਹੈ ਕਿ ਹਰਿਮੰਦਰ ਸਾਹਿਬ ਦੇ ਤਿਆਰ ਹੋਣ ਵੇਲੇ ਸਿੱਖਾਂ ਨੇ ਗੁਰੂ ਸਾਹਿਬ ਕੋਲ ਬੇਨਤੀ ਕੀਤੀ ਕਿ ਆਪ ਦੇ ਕਾਰਦਾਰ ਮਸੰਦ ਲੋਕ ਪੱਕਾ ਕੰਮ ਕਰਨ ਦੀ ਥਾਵੇਂ ਮਿੱਟੀ ਦਾ ਕੱਚਾ ਕੰਮ ਕਰਵਾ ਰਹੇ ਹਨ, ਤਾਂ ਗੁਰੂ ਸਾਹਿਬ ਜੀ ਨੇ ਬਚਨ ਕੀਤਾ ਕਿ ਇਹ ਇਕ ਵਾਰੀ ਢਹਿਕੇ ਫੇਰ ਪੱਕਾ ਬਨੇਗਾ। ਗੁਰੂ ਸਾਹਿਬ ਦਾ ਇਹ ਬਚਨ ਸੰਮਤ ੧੮੧੯ ਵਿਚ ਪੂਰਾ ਹੋਇਆ ਜਦ ਕਿ ਐਹਮਦ ਸ਼ਾਹ ਅਬਦਾਲੀ ਅੱਠਵੀਂ ਵਾਰੀ ਹਿੰਦੁਸਤਾਨ ਵਿਚ ਚੜ੍ਹਕੇ ਆਇਆ। ਇਸ ਅਸਥਾਨ ਨੂੰ ਸੰ: ੧੮੧੯ ਵਿਚ ਓਸ ਨੇ ਓਸ ਵੇਲੇ ਦੇ ਕਾਜ਼ੀ ਅਰ ਮੁਲਾਂ ਅਰ ਜੰਡਿਆਲੇ ਵਾਲੇ ਨਰਿੰਜਨੀ ਚੁਗਲ ਖੋਰਾਂ ਦੇ ਸਿਖਾਵੇ ਵਿਚ ਆਕੇ ਬਾਰੂਦ ਨਾਲ ਉਡਵਾ ਦਿਤਾ ਅਰ ਸੂੱਰ ਨੂੰ ਮਿਟੀ ਪਵਾ ਕੇ ਭਰਵਾ ਦਿਤਾ, ਸ੍ਰੀ ਹਰਿਮੰਦਰ ਸਾਹਿਬ ਨੂੰ ਫੇਰ ਬਨਵਾਨ ਦਾ ਗੁਰਮਤਾ 'ਪੰਥ ਖਾਲਸਾ' ਨੇ ਸੰਮਤ ੧੮੨੩ ਵਿਚ ਪਾਸ ਕੀਤਾ ਅਰ ਸ੍ਰਦਾਰ ਜੱਸਾ ਸਿੰਘ, ਸ੍ਰਦਾਰ ਜੈ ਸਿੰਘ, ਸ੍ਰਦਾਰ ਜਸਾ ਸਿੰਘ ਆਹਲੂ ਵਾਲੀਆ, ਸ੍ਰਦਾਰ ਤਾਰਾ ਸਿੰਘ ਗੈਬਾ, ਅਰ ਸ੍ਰਦਾਰ ਚੜ੍ਹਤ ਸਿੰਘ ਸ਼ੁੱਕ੍ਰਚਕੀਆ ਆਦਿ ਨੇ ਭੀ ੧੮੨੧ ਵਿਚ ਖੁਰਜਾ ਫਤੇ ਕਰਨ ਵੇਲੇ ਇਹ ਪ੍ਰਣ ਕੀਤਾ ਕਿ ਜੋ ਕੁਝ ਏਥੋਂ ਹੱਥ ਆਵੇ ਓਸ ਵਿਚੋਂ ਅੱਧਾ ਰੁਪਯਾ ਹਰਿਮੰਦਰ ਸਾਹਿਬ ਦੇ ਬਨਵਾਨ ਤੇ ਲਾਇਆ ਜਾਵੇ, ਅਤੇ ਜਦ ਓਹ ਫਤੇ ਹੋ ਗਿਆ ਤਾਂ ਇਕ ਚਾਦਰ ਵਛਾਈ ਗਈ ਜਿਸ ਤੇ ਸੱਤ ਲੱਖ ਰੁਪਯਾ ਜਮਾਂ ਹੋਇਆ, ਇਹ ਰੁਪਯਾ ਕਰੋੜੀ ਮੱਲ ਸ਼ਾਹੂਕਾਰ ਪਾਸ ਜਮਾਂ ਕਰਵਾ ਕੇ ਭਾਈ ਦੇਸ ਰਾਜ ਦੀ ਰਾਹੀਂ ਅਮਾਰਤ ਦਾ ਕੰਮ ਸ਼ੁਰੂ ਕੀਤਾ ਗਿਆ ਅਰ ਭਾਈ ਦੇਸ ਰਾਜ ਨੂੰ ਰੁਪਯਾ ਵਸੂਲ ਕਰਨ ਲਈ ਇਕ ਗੁਰੂ ਦੀ ਮੋਹਰ ਬਖਸ਼ੀ ਗਈ ਜਿਸ ਨੂੰ ਹਰ ਇਕ ਸਿਖ ਗੁਰੂ ਸਾਹਿਬ ਦੇ ਹੁਕਮਨਾਮੇ ਦੇ ਬ੍ਰਾਬਰ ਸਮਝਦਾ ਸੀ।

ਸੰਮਤ ੧੮੩੩ ਵਿਚ ਤਲਾ, ਹਰਮੰਦਰ ਸਾਹਿਬ, ਪੁਲ ਅਰ ਦਰਸ਼ਨੀ ਦਰਵਾਜ਼ਾ ਤਿਆਰ ਹੋ ਗਿਆ। ਉਸ ਵੇਲੇ ਤਲਾ ਦੇ ਆਲੇ ਦੁਆਲੇ ਕੋਈ ਬੁੰਗਾ ਯਾ ਮਕਾਨ ਨਹੀਂ ਸੀ। ਸਭ ਬੁੰਗੇ ਸਿਖ ਸਰਦਾਰਾਂ ਨੇ ਪਿਛੋਂ ਬਨਵਾਏ। ਦਰਸ਼ਨੀ ਦਰਵਾਜ਼ੇ ਤੇ ੩੦੦੦) ਦੀ ਲਾਗਤ ਆਈ। ਇਹ ਕੰਮ ਖਤਮ ਹੋਣ ਤੇ ਤਲਾ ਦੀਆਂ ਪੌੜੀਆਂ ਜੋ ਮੁਤਅੱਸਬ ਮੁਸਲਮਾਨਾਂ ਤੁੜਵਾ ਦਿਤੀਆਂ ਸਨ ਬਨਵਾਈਆਂ ਗਈਆਂ। ਪਰਕਰਮਾਂ, ਦੋ ਪੌਣੇ ਵਡੇ, ਦੁਖ ਭੰਜਨੀ ਬੇਰੀ ਆਦਿ ਥਾਵਾਂ ਵੀ ਸੰਮਤ ੧੮੪੧ ਤਕ ਬਿਲਕੁਲ ਮੁਕੰਮਲ ਹੋ ਗਈਆਂ, ਕਿਉਂਕਿ ਇਹ ਅਸਥਾਨ ਭਾਈ ਜੱਸਾ ਸਿੰਘ ਆਦਿ ਸੱਚੇ ਸਿੱਖਾਂ ਨੇ ਧਿਆਨ ਨਾਲ ਬਨਵਾਇਆ ਸੀ, ਇਸ ਲਈ ਬਹੁਤ ਪੱਕਾ ਅਰ ਮਜ਼ਬੂਤ ਬਣ ਗਿਆ।

ਬੜੀਆਂ ਇਮਾਰਤਾਂ ਵੇਖਨ ਵਿਚ ਆਈਆਂ ਹਨ ਪਰ ਜਿਸਤਰਾਂ ਦਾ ਪੱਕਾ ਔਰ ਸੁੰਦਰ ਪਰਕਰਮਾ ਦਾ ਫਰਸ਼–ਜੋ ਥਲੇ ਆ ਗਿਆ ਹੈ–ਸੀ, ਅਜੇਹਾ ਬਹੁਤ ਘੱਟ ਵੇਖਨ ਵਿਚ ਆਇਆ ਹੈ। ਪਾਠਕ ਉਸ ਦੀ ਪਕਿਆਈ ਦਾ ਇਸ ਤੋਂ ਅਨੁਮਾਨ ਲਾ ਸਕਦੇ ਹਨ ਕਿ ਜਦ ਸੰਗ ਮਰਮਰ ਲਾਇਆ ਗਿਆ ਤਾਂ ਫਰਸ਼ ਦੀਆਂ ਇਟਾਂ ਅਰ ਚੂਨੇ ਨੂੰ ਪੁੱਟਨ ਵਿਚ ਏਨੀ ਮੇਹਨਤ ਲੱਗੀ ਕਿ ਕੁਦਾਲਾਂ ਦੇ ਮੂੰਹ ਮੁੜ ਗਏ।

ਸੰਮਤ ੧੮੮੦ ਬਿਕ੍ਰਮੀ ਵਿਚ ਬੀ ਹਰਮੰਦਰ ਸਾਹਿਬ ਤੇ ਸੋਨਾ ਚੜ੍ਹਾਨ ਲਈ ਮਹਾਰਾਜਾ ਰਣਜੀਤ ਸਿੰਘ ਜੀ ਨੇ ਪੰਜ ਲੱਖ ਰੁਪੈ ਦਾ ਸੋਨਾ ਭਾਈ ਸੰਤ ਸਿੰਘ ਜੀ ਦੇ ਸਪੁਰਦ ਕੀਤਾ, ਜਿਨ੍ਹਾਂ ਨੇ ਅਪਨੇ ਵਲੋਂ ਮੁਹੰਮਦ ਯਾਰ ਖਾਨ ਮਿਸਤ੍ਰੀ ਨੂੰ ਇਮਾਰਤ ਦੇ ਪ੍ਰਬੰਧ ਲਈ ਨੀਯਤ ਕੀਤਾ। ਦਰਸ਼ਨੀ ਦਰਵਾਜ਼ੇ ਲਈ ਪਹਿਲਾਂ ਹਾਥੀ ਦੇ ਦੰਦ ਦੀ ਜੋੜੀ ਤਯਾਰ ਹੋਈ। ਉਸ ਦੇ ਪਿਛੋਂ ਸੁਨੈਹਰੀ ਸਕਫ ਅਰ ਉਸ ਤੋਂ ਮਗਰੋਂ ਦਰਬਾਰ ਸਾਹਿਬ ਦੇ ਚਾਰੇ ਬੰਗਲੇ ਸੁਨੈਹਰੀ ਬਣਨ ਦਾ ਹੁਕਮ ਹੋਇਆ, ਜਿਨ੍ਹਾਂ ਵਿਚੋਂ ਦੱਖਣ ਪੱਛਮੀ ਬੰਗਲੇ ਨੂੰ ਸਰਦਾਰ ਹੁਕਮਾ ਸਿੰਘ ਚਿਮਨੀ ਨੇ ਸੋਨਾ ਚੜ੍ਹਵਾਇਆ, ਬਾਕੀ ਤਿੰਨਾਂ ਬੰਗਲਿਆਂ ਅਰ ਬੁਰਜੀਆਂ ਨੂੰ ਸੰ: ੧੮੬੨ ਵਿਚ ਮਹਾਰਾਜਾ ਸਾਹਿਬ ਨੇ ਸੁਨੈਹਰੀ ਕਰਵਾਇਆ ਜਿਸ ਤੇ ੩੪੨੬੩੫) ਦਾ ਸੋਨਾ ਖਰਚ ਆਇਆ। ਦਰਮਿਆਨੇ ਗੁੰਬਜ਼ ਤੇ ਸਰਦਾਰ ਫਤੇ ਸਿੰਘ ਆਹਲੂ ਵਾਲੀਏ ਨੇ ੨੫੦੦੦੦) ਦਾ ਸੋਨਾ ਚੜ੍ਹਵਾਇਆ।

ਭਾਈ ਸੰਤ ਸਿੰਘ ਗਿਆਨੀ ਦੇ ਚਲਾਣੇ ਮਗਰੋਂ ਭਾਈ ਗੁਰਮੁਖ ਸਿੰਘ ਦੇ ਵੇਲੇ ਮਹਾਰਾਜਾ 'ਸ਼ੇਰ ਪੰਜਾਬ' ਦਾ ੫੦੩੭੩੫) ਦਾ ਹੋਰ ਸੋਨਾ ਲੱਗਾ। ਸੰਮਤ ੧੮੯੦ ਵਿਚ ਸਰਦਾਰ ਲੈਹਣਾ ਸਿੰਘ ਮਜੀਠੀਏ ਨੇ ਮਿਸਤਰੀ ਐਹਮਦ ਯਾਰ ਖਾਨ ਦੀ ਰਾਹੀਂ ਦਸ ਹਜ਼ਾਰ ਰੁਪੈ ਦਾ ਸੰਖ ਮਰਮਰ ਮੰਗਵਾਕੇ ਛੋਟੀ ਪ੍ਰਕਰਮਾ ਵਿਚ ਲਗਵਾਇਆ, ਜਿਸ ਨੂੰ ਵੇਖਕੇ ਮਹਾਰਾਜਾ ਰਣਜੀਤ ਸਿੰਘ ਜੀ ਬਹੁਤ ਪ੍ਰਸੰਨ ਹੋਏ ਅਰ ੨੧੦੦੦) ਦਾ ਹੋਰ ਸੰਖ ਮਰਮਰ ਮੰਗਵਾਇਆ। ਸੰਮਤ ੧੮੯੩ ਵਿਚ ਮਹਾਰਾਜਾ ਸਾਹਿਬ ਦੇ ਹੁਕਮ ਅਨੁਸਾਰ ਹਰਮੰਦਰ ਜੀ ਦੀਆਂ ਕੰਧਾਂ ਤੇ ਸੰਖ ਮਰਮਰ ਚਿਟੇ ਅਰ ਹਕੀਕ ਦੇ ਬੇਲ ਬੂਟੇ ਅਰ ਤਸਵੀਰਾਂ ਖੋਦੀਆਂ ਗਈਆਂ ਜਿਸਨੂੰ ਵੇਖਕੇ ਮਹਾਰਾਜਾ ਸਾਹਿਬ ਬਹੁਤ ਪ੍ਰਸੰਨ ਹੋਏ ਅਤੇ ਕਾਰੀਗਰਾਂ ਨੂੰ ਇਨਾਮ ਦੇਕੇ ਮਾਲਾ ਮਾਲ ਕਰ ਦਿੱਤਾ। ਸੰਮਤ ੧੮੯੪ ਨੂੰ ਮਹਾਰਾਜਾ ਸਾਹਿਬ ਦੀ ਜ਼ਿੰਦਗੀ ਵਿਚ ਹੀ ਚਾਰ ਚੌਗਾਠਾਂ ਸਮੇਤ ਤਖਤਿਆਂ, ਵੱਡੇ ਫਰਸ਼ ਅਰ ਤਲਾਬ ਦੇ ਪੌੜ ਮਹਾਰਾਜਾ ਸਾਹਿਬ ਵਲੋਂ ਤਯਾਰ ਕਰਵਾਏ ਗਏ।

ਸੰਮਤ ੧੮੯੬ ਹਾੜ ਸੁਦੀ ਇਕਾਦਸ਼ੀ ਨੂੰ ਮਹਾਰਾਜਾ ਰਣਜੀਤ ਸਿੰਘ ਸਾਹਿਬ ਜੀ ਦਾ ਚਲਾਣਾ ਹੋਣ ਦੇ ਮਗਰੋਂ ਦਰਬਾਰ ਸਾਹਿਬ ਦੀ ਸੇਵਾ ਦਾ ਕੰਮ ਮਹਾਰਾਜਾ ਖੜਗ ਸਿੰਘ ਜੀ ਨੇ

ਓਸੇ ਤਰਾਂ ਜਾਰੀ ਰੱਖਿਆ। ਓਨਾਂ ਨੇ ਪੰਜਾਹ ਹਜ਼ਾਰ ਦਾ ਸੰਖ ਮਰਮਰ ਮੰਗਵਾਇਆ ਜਿਸ ਨਾਲ ਪੰਜ ਸੌ ਕਾਰੀਗਰ ਅਰ ਅੱਠ ਸੌ ਮਜ਼ਦੂਰਾਂ ਨੂੰ ਲਾਕੇ ਬੜੀ ਕੋਸ਼ਸ਼ ਤੇ ਧਿਆਨ ਨਾਲ ਦਰਸ਼ਨੀ ਡਿਓਢੀ ਤੋਂ ਅਕਾਲ ਬੁੰਗੇ ਤੱਕ ਚੌਂਕ, ਫ਼ਵਾਰਾ, ਫਰਸ਼, ਥੰਮ੍ਹ, ਘੜਿਆਲ ਅਰ ਬੁੰਗਾ ਤਿਆਰ ਕਰਵਾਇਆ। ਓਨ੍ਹਾਂ ਦਿਨਾਂ ਵਿਚ ਹੀ ਦਰਬਾਰ ਸਾਹਿਬ ਦੀ ਬਾਕੀ ਸੇਵਾ ਪੌੜ, ਫਰਸ਼ ਸ੍ਰਕਾਰੀ ਬੁੰਗੇ ਤਕ (ਦਰਸ਼ਨੀ ਦਰਵਾਜੇ ਅਰ ਅਕਾਲ ਤਖਤ ਤੇ ਬੇਲ ਬੂਟੇ ਆਦਿ) ਕੰਵਰ ਨੌ ਨਿਹਾਲ ਸਿੰਘ ਦੀ ਮਰਜੀ ਅਨੁਸਾਰ ਹੁੰਦੀ ਰਹੀ। ਕਹਿੰਦੇ ਹਨ ਕਿ ਕੰਵਰ ਸਾਹਿਬ ਦਾ ਇਰਾਦਾ ਹੋ ਚੁਕਾ ਸੀ ਕਿ ਇਸ ਤਰਾਂ ਦੀ ਪ੍ਰਕਰਮਾ ਅਤੇ ਏਸੇ ਤਰਾਂ ਦਾ ਮੰਦਰ ਗੁਰਦੁਆਰਾ ਤਰਨ ਤਾਰਨ ਸਾਹਿਬ ਵਿਚ ਤਿਆਰ ਕੀਤਾ ਜਾਵੇ ਅਰ ਇਸੇ ਖਿਆਲ ਨਾਲ ਕੰਵਰ ਸਾਹਿਬ ਨੇ ਮਿਸਤ੍ਰੀ ਐਹਮਦ ਯਾਰ ਖਾਨ ਦੀ ਰਾਹੀਂ ਜੋਧ ਪੁਰ ਤੋਂ ਸੱਤ ਲੱਖ ਦਾ ਸੰਖ ਮਰਮਰ ਮੰਗਵਾ ਲਿਆ ਸੀ; ਪਰ ਕਿਸੇ ਸ਼ੱਚ ਕਿਹਾ ਹੈ:–

ਦੋਰੰਗੀ ਜ਼ਮਾਨਾ ਕੀ ਮਸ਼ਹੂਰ ਹੈ
ਕਹੀਂ ਸਾਇਆ ਹੈ ਔਰ ਕਹੀਂ ਨੂਰ ਹੈ

ਜ਼ਮਾਨੇ ਦੇ ਚੱਕਰ ਨੇ ਕੁਝ ਹੋਰ ਰੰਗ ਬਦਲਿਆ ਸੰਮਤ ੧੮੯੭ ਵਿਚ ਮਹਾਰਾਜਾ ਖੜਗ ਸਿੰਘ ਅਤੇ ਕੰਵਰ ਨੌ ਨਿਹਾਲ ਸਿੰਘ ਦੇ ਇਕੋ ਦਿਨ ਗੁਰਪੁਰੀ ਸਿਧਾਰ ਜਾਣ ਦੇ ਕਾਰਨ ਉਹ ਸੰਖ ਮਰਮਰ ਜੋ ਜੋਧ ਪੁਰ ਵਿਚੋਂ ਬੜੀ ਮੇਹਨਤ ਨਾਲ ਹਜ਼ਾਰਾਂ ਛਕੜਿਆਂ ਵਿਚ ਲਦਵਾਕੇ ਮੰਗਵਾਇਆ ਗਿਆ ਸੀ ਰਸਤੇ ਵਿਚ ਹੀ ਲੁੱਟਿਆ ਗਿਆ, ਜਿਸ ਵਿਚੋਂ ਬਹੁਤ ਥੋੜਾ ਅੰਮ੍ਰਿਤਸਰ ਪੁਜਾ। ਪਰ ਕੰਵਰ ਸਾਹਿਬ ਦੀ ਮਾਤਾ ਰਾਣੀ ਚੰਦ ਕੌਰ ਨੇ ਇਸ ਸੇਵਾ ਨੂੰ ਓਸੇ ਤਰਾਂ ਜਾਰੀ ਰਖਿਆ। ਸੰਮਤ ੧੮੯੮ ਵਿਚ ਮਹਾਰਾਜਾ ਸ਼ੇਰ ਸਿੰਘ ਦੇ ਚਲਾਣੇ ਦੇ ਪਿਛੋਂ ਰਾਜਾ ਹੀਰਾ ਸਿੰਘ ਨੇ ਕੁਝ ਧਿਆਨ ਨਾ ਦਿਤਾ ਜਿਸ ਲਈ ਸੇਵਾ ਦਾ ਕੰਮ ਇਕ ਸਾਲ ਬੰਦ ਰਿਹਾ। ਸੰਮਤ ੧੯੦੦ ਦੇ ਪੋਹ ਨੂੰ ਰਾਜਾ ਹੀਰਾ ਸਿੰਘ ਦੇ ਮਾਰੇ ਜਾਣ ਦੇ ਪਿਛੋਂ ਸਰਦਾਰ ਜਵਾਹਰ ਸਿੰਘ ਨੇ ਭਾਈ ਪਰਦੁੱਮਨ ਸਿੰਘ ਗਿਆਨੀ ਦੀ ਰਾਹੀਂ ਫੇਰ ਅਮਾਰਤ ਦਾ ਕੰਮ ਅਰੰਭ ਕੀਤਾ ਅਰ ੭੫੦੦੦) ਦੀ ਜਾਗੀਰ ਤੋਂ ਛੁਟ ਹੋਰ ਖਰਚ ਆਦਿ, ਲਈ ੫੦੦੦) ਸਲਾਨਾ ਮੁਰੰਮਤ ਦਰਬਾਰ ਸਾਹਿਬ ਲਈ ਸਦਾ ਲਈ ਲਾ ਦਿੱਤਾ। ਸੰਮਤ ੧੯੦੬ ਸ੍ਰਕਾਰ ਅੰਗਰੇਜ਼ੀ ਦੇ ਐਹਦ ਵਿਚ ਵੀ ਇਹ ਕੰਮ ਜਾਰੀ ਰਿਹਾ ਅਰ ਹੁਨ ਤਕ ਜਾਰੀ ਹੈ। ੬੦੦੦) ਸਾਲਾਨਾ ਦੀ ਜਾਗੀਰ ਅਮਾਰਤ ਦੀ ਮੁਰੰਮਤ ਲਈ ਮਿਲਦੀ ਹੈ ਜੋ ਭਾਈ ਪਰਦੁੱਮਨ ਸਿੰਘ ਜੀ ਦੇ ਸਪੁਤ੍ਰ ਗਿਆਨੀ ਗੁਰਬਖਸ਼ ਜੀ ਦੀ ਰਾਹੀਂ ਇਮਾਰਤ ਤੇ ਖਰਚ ਕੀਤੀ ਜਾਂਦੀ ਹੈ।

ਨੋਟ–ਕੰਵਰ ਨੌ ਨਿਹਾਲ ਸਿੰਘ ਦੇ ਜੇ ਸਾਰੇ ਗੁਣ ਦਸੇ ਜਾਣ ਤਾਂ ਕਤਾਬ ਲੰਬੀ ਹੋ ਜਾਨ ਦਾ ਡਰ ਹੈ, ਇਸ ਲਈ ਜਿਨ੍ਹਾਂ ਸੱਜਨਾਂ ਨੇ ਪੂਰੇ ਹਾਲ ਵੇਖਣੇ ਹੋਣ ਉਹ ਤ੍ਵਾਰੀਖ ਗੁਰੂ ਖਾਲਸਾ ਦਾ ਤੀਸਰਾ ਹਿੱਸਾ ਪੜ੍ਹਨ।

ਦਰਸ਼ਨੀ ਦਰਵਾਜ਼ੇ ਦਾ ਹਾਲ

ਦਰਸ਼ਨੀ ਦਰਵਾਜੇ ਅਰ ਅਕਾਲ ਬੁੰਗੇ ਦੇ ਵਿਚਕਾਰ ੪੦ ਗਜ ਲੰਬਾ ਅਰ ੩੪ ਫੁਟ ਮੈਦਾਨ ਚੌੜਾ ਹੈ। ਏਥੇ ਇਕ ਬੜਾ ਸੁੰਦਰ ਚਾਰ ਮਨਜ਼ਲਾ ਸੰਖ ਮਰਮਰ ਦਾ ਮਕਾਨ ਖਜ਼ਾਨਾ ਰੱਖਨ ਲਈ ਬਨਿਆ ਹੋਇਆ ਸੀ, ਜਿਸਨੂੰ ਢਾਹ ਦਿਤਾ ਗਿਆ ਅਤੇ ਖਜਾਨਾ ਦਰਵਾਜ਼ੇ ਤੇ ਰਖਿਆ ਗਿਆ।

ਦਰਸ਼ਨੀ ਦਰਵਾਜਾ ਦੱਖਨ ਵੱਲ ਦੋ ਮਨਜ਼ਲਾ ਅਰ ਉਤਰ ਵੱਲ ਤਿੰਨ ਮਨਜਲਾ। ਭਾਈ ਦੇਸਰਾਜ ਦੇ ਵੇਲੇ ਇਹ ਸਿਰਫ਼ ਇਕ ਮਨਜ਼ਲਾ ਸੀ। ਸੰਮਤ ੧੮੯੮ ਵਿਚ ਮਹਾਰਾਜਾ ਸ਼ੇਰ ਸਿੰਘ ਨੇ ਏਸ ਦਰਵਾਜੇ ਦੇ ਦੱਖਨ ਵਲ ਇਕ ਇਸ਼ਨਾਨ ਘਰ ਬਨਵਾਇਆ ਜਿਸ ਦੇ ਉਤੇ ਤੋਸ਼ੇਖਾਨਾ ਬਨਾਇਆ ਗਿਆ ਇਸ ਦੇ ਤਿੰਨ ਦਰਵਾਜੇ ਦਰਬਾਰ ਸਾਹਿਬ ਵਲ ਹਨ ਤੇ ਤਿੰਨ ਅਕਾਲ ਤਖਤ ਵੱਲ।

ਹੇਠ ਲਿਖੇ ਥਾਂ ਦਰਸ਼ਨੀ ਡਿਉੜ੍ਹੀ ਨਾਲ ਸੰਬੰਧ ਰੱਖਦੇ ਹਨ:–

(੧) ਦੋ ਅੰਡੇ ਦੀ ਸ਼ਕਲ ਦੇ ਬੰਗਲੇ ਦਰਸ਼ਨੀ ਦਰਵਾਜ਼ੇ ਦੇ ਉੱਤੇ।

(੨) ਇਕ ਬੁਖਾਰਚਾ ਜਿਸ ਵਿਚ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੁੰਦਾ ਹੈ।

(੩) ਦਲਾਂਨ ਜਿਸ ਦੇ ਤਿੰਨ ਦਰਵਾਜ਼ੇ ਝੰਡੇ ਸਾਹਿਬ ਦੇ ਸਾਮ੍ਹਣੇ ਹਨ।

(੪) ਦਫਤਰ ਗੁਰਦੁਆਰਾ ਸਾਹਿਬ ਪਹਿਲੇ ਦਰਵਾਜ਼ੇ ਥੱਲੇ।

(੫) ਤੋਸ਼ੇ ਖਾਨਾ ਦੂਸਰੇ ਦਰਵਾਜ਼ੇ ਵਿੱਚ।

(੬) ਪੌੜੀਆਂ ੪੧ ਤੀਸਰੇ ਦਬਵਾਜ਼ੇ ਦੇ ਥੱਲੇ। ਸੰਮਤ ੧੯੦੩ ਵਿਚ ਇਸ ਦਰਵਾਜ਼ੇ ਦੀਆਂ ਚੌਹਾਂ ਨੁਕਰਾਂ ਤੇ ਚਾਰ ਬੁਰਜੀਆਂ ਬੰਗਲੇ ਦੀ ਸ਼ਕਲ ਦੀਆਂ ਤਿਆਰ ਹੋਈਆਂ। ਇਕ ਬੰਗਲੇ ਤੇ ਜੋ ਦਰਬਾਰ ਸਾਹਿਬ ਵੱਲ ਹੈ ਦੀਵਾਨ ਮੂਲ ਰਾਜ ਨੇ ਬਾਰਾਂ ਸੌ ਦਾ ਸੋਨਾ ਚੜ੍ਹਾਇਆ ਤੇ ਅਕਾਲ ਬੁੰਗੇ ਵਾਲੇ ਪਾਸੇ ਦੇ ਬੰਗਲੇ ਤੇ ਭਾਈ ਕਾਹਨ ਸਿੰਘ ਪਸ਼ੌਰੀਏ ਨੇ ਸੰਮਤ ੧੯੦੪ ਵਿਚ ੧੦੦੦) ਦਾ ਸੋਨਾ ਚੜ੍ਹਵਾਇਆ, ਬਾਕੀ ਦੋ ਪਾਸਿਆਂ ਦੇ ਬੰਗਲੇ ਕਿਸੇ ਦਰਯਾ ਦਿਲ ਪ੍ਰੇਮੀ ਸਿੱਖ ਦੀ ਸ਼ੇਵਾ ਦੇ ਉਡੀਕਵਾਨ ਹਨ। ਦਰਸ਼ਨੀ ਦਰਵਾਜ਼ੇ ਦੀ ਬਾਹਰੋਂ ਲੰਬਾਈ ੬੬ ਫ਼ੁਟ ਅਤੇ ਪੱਛਮ ਵੱਲ ਦੀ ਚੌੜਾਈ ੩੬ ਫ਼ੁਟ ਹੈ। ਵਡੇ ਦਰਵਾਜ਼ੇ ਦੀ ਚੌਗਾਠ ਸੰਖ ਮਰਮਰ ਦੀ ਬਣੀ ਹੋਈ ਹੈ ਜਿਸ ਦੀ ਉਚਾਈ ੧੦ ਫ਼ੁਟ ਤੇ ਚੌੜਾਈ ੮ ਫ਼ੁਟ ੬ ਇੰਚ ਹੈ, ਦਰਸ਼ਨੀ ਦਰਵਾਜ਼ੇ ਦੀ ਹਾਥੀ ਦੰਦ ਦੀ ਵੱਡੀ ਜੋੜੀ ਉਤੇ ਮਹਾਰਾਜਾ ਰਣਜੀਤ ਸਿੰਘ ਵੇਲੇ ਬਾਹਰਲੇ ਪਾਸੇ ਚਾਂਦੀ ਦੇ ਪੱਤਰੇ ਲਾਏ ਗਏ।

ਦਰਸ਼ਨੀ ਦਰਵਾਜ਼ੇ ਦੇ ਅੰਦਰ ਡਿਉੜ੍ਹੀ ੪੫ ਫ਼ੁਟ ਲੰਬੀ ਤੇ ੧੪ ਫ਼ੁਟ ਚੌੜੀ ਹੈ,

ਇਸ ਦੀ ਛਤ ਤੇ ਰਾਜਾ ਸੰਗਤ ਸਿੰਘ ਵਾਲੀਏ ਜੀਂਦ ਨੇ ਸੁਨੈਹਰੀ ਜੜਤ ਦਾ ਕੰਮ ਕਰਵਾ-ਇਆ, ਬਾਹਰ ਵੱਲ ਦੀ ਇਕ ਸੁਰਾਹੀ ਭਾਈ ਪ੍ਰੀਤਮ ਸਿੰਘ ਤੇ ਦੂਜੀ ਸੁਰਾਹੀ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਨੈਹਰੀ ਕਰਵਾਈ । ਤਾਕਚਿਆਂ ਦੇ ਦੋਵੇਂ ਪਾਸਿਆਂ ਤੇ ਸੁਨੈਹਰੀ ਕੰਮ ਸਰਦਾਰ ਗੁਲਾਬ ਸਿੰਘ ਭਾਲੋਂ ਵਾਲੀਏ ਦੀ ਰਾਹੀਂ ਹੋਇਆ। ਦਰਸ਼ਨੀ ਦਰਵਾਜ਼ੇ ਦੀ ਅਕਾਲ ਤਖਤ ਵੱਲ ਜੋ ਬਾਰੀ ਹੈ ਉਸ ਵਿਚ ਸੰਦਲੀ ਤੇ ਸੁਨੈਹਰੀ ਕੰਮ ਮਹਾਰਾਜਾ ਰਣਜੀਤ ਸਿੰਘ ਜੀ ਦੇ ਵੇਲੇ ਹੋਇਆ। ਦੂਸਰੀਸੁਨੈਹਰੀ ਬਾਰੀ ਸਰਦਾਰ ਗੁਲਾਬ ਸਿੰਘ ਨੇ ਆਪ ਬਨਵਾਈ।

ਇਬਾਰਤ ਜੇੜ੍ਹੀ ਦਰਸ਼ਨੀ ਦਰਵਾਜ਼ੇ ਦੀਆਂ ਕੰਧਾਂ ਪਰ ਸੁਨੈਹਰੀ ਅੱਖਰਾਂ ਵਿਚ ਲਿਖੀ ਹੋਈ ਹੈ ਵੇਖਨ ਯੋਗ ਹੈ ॥

ਉੱਤਰੀ ਵਾਲੇ ਪਾਸੇ ਦੇ ਦਰਵਾਜ਼ੇ ਦੀ ਕੋਠੜੀ ਵਿਚ ਦਫ਼ਤਰ ਦਰਬਾਰ ਸਾਹਿਬ ਤੇ ਹੋਰ ਗੁਰਦੁਆਰਿਆਂ ਦਾ ਦਫ਼ਤ੍ਰ ਹੈ ਤੇ ਦੱਖਨ ਵੱਲ ਦੀ ਕੋਠੜੀ ਵਿਚ ਤੋਸ਼ੇ ਖਾਨੇ ਦੀਆਂ ਚੀਜ਼ਾਂ ਤੇ ਨਜ਼ਰ ਭੇਟ ਦਾ ਰੁਪਿਆ ਜਮਾਂ ਕੀਤਾ ਜਾਂਦਾ ਹੈ। ਇਸ ਥਾਂ ਇਕ ਨਗਾਰਾ (ਜਿਸ ਦੇ ਬ੍ਰਾਬਰ ਹਿੰਦੁਸਤਾਨ ਭਰ ਵਿਚ ਕੋਈ ਨੌਬਤ ਜਾਂ ਨਗਾਰਾ ਨਹੀਂ) ਰੱਖਿਆ ਹੋਇਆ ਹੈ ਜਿਸ ਨੂੰ ਮਹਾਰਾਜਾ ਹੀਰਾ ਸਿੰਘ ਵਾਲੀਏ ਰਿਆਸਤ ਨਾਭਾ ਨੇ ਸੰਮਤ ੧੯੫੧ ਵਿਚ ਗੁਰੂ ਦੀ ਭੇਟਾ ਕੀਤਾ। ਇਸ ਦੀ ਅਵਾਜ਼ ਬੱਦਲ ਦੀ ਗਰਜ ਵਾਕਰ ਦੂਰ ਦੂਰ ਤਕ ਪਹੁੰਚਦੀ ਹੈ। ਸੰਮਤ ੧੯੩੨ ਵਿਚ ਏਨ੍ਹਾਂ ਦਰਵਾਜਿਆਂ ਦੇ ਅੰਦਰ ਤੇ ਬਾਹਰ ਸੰਖ ਮਰ ਮਰ ਲੱਗਣਾ ਸ਼ੁਰੂ ਹੋਇਆ ਜੋ ਹੁਣ ਤਕ ਲਗ ਰਿਹਾ ਹੈ। ਕਈ ਥਾਵਾਂ ਤੇ ਸੁਨੈਹਰੀ ਕੰਮ ਵੀ ਕੀਤਾ ਜਾ ਰਿਹਾ ਹੈ। ਪ੍ਰੇਮੀ ਸਿਖ ਹੌਲੀ ਹੌਲੀ ਸੇਵਾ ਕਰ ਰਹੇ ਹਨ। ਨੰਬਰ ੩੬ ਪਲਟਨ ਦੇ ਸਿੱਖਾਂ ਨੇ ਪੱਥਰ ਲਗਵਾਇਆ ਤੇ ਸੰਤ ਰਾਮ ਸੱਪੜਾ ਸ਼ਾਹੂਕਾਰ ਨੇ ਸੁਨੈਰੀ ਛਤਰ ਭੇਟਾ ਕੀਤਾ ॥

ਪੁਲ ਦਾ ਹਾਲ

ਇਹ ਪੁਲ ਦ੍ਰਸ਼ਨੀ ਦਰਵਾਜ਼ੇ ਤੋਂ ਦਰਬਾਰ ਸਾਹਿਬ ਤਕ ੨੪੦ ਫੁਟ ਲੰਬਾ ਤੇ ੨੧ ਫੁਟ ਚੌੜਾ ਹੈ। ਇਸ ਦੇ ਥੱਲੇ ੩੮ ਦ੍ਰਵਾਜੇ ਹਨ ਜਿਨਾਂ ਨੂੰ ਸੂਰਗਦੁਆਰੀਆਂ ਕੈਂਹਦੇ ਹਨ, ਤਰਨ ਵਾਲੇ ਲੋਕ ਤਰਕੇ ਏਨ੍ਹਾਂ ਦਰਵਾਜ਼ਿਆਂ ਥਾਣੀ ਆਰ ਪਾਰ ਆ ਜਾਂਦੇ ਹਨ। ਪੁਲ ਦੇ ਦੋਵੀਂ ਪਾਸੀਂ ਦਸ ਦਸ ਬੁਰਜੀਆਂ ਹਨ ਜੋ ਸੰਖ ਮਰਮਰ ਦੀਆਂ ਬਨੀਆਂ ਹੋਈਆਂ ਹਨ। ਦੋਵੀਂ ਪਾਸੀਂ ਚਾਰ ਚਾਰ ਥਾਵੀਂ ਸੁਨੈਹਰੀ ਕਲਸ ਤੇ ਲਾਲਟੈਨਾਂ ਲਗੀਆਂ ਹੋਈਆਂ ਹਨ ਜਿਨ੍ਹਾਂ ਵਿਚ ਗੁਰਪੁਰਬ ਯਾ ਮੇਲੇ ਦੇ ਵਕਤ ਬੱਤੀ ਦੀ ਰੋਸ਼ਨੀ ਕੀਤੀ ਜਾਂਦੀ ਹੈ। ਹਰ ਇਕ ਬੁਰਜੀ ਦੇ ਵਿਚਕਾਰ ਪੰਜ ਪੰਜ ਤਾਕਚੇ ਜਾਲੀਦਾਰ ਸੰਖ ਮਰਮਰ ਦੇ ਛੋਟੀਆਂ ਬੁਰਜੀਆਂ ਸਮੇਤ ਬਹੁਤ ਸੁੰਦਰ ਲਗੇ ਹੋਏ ਹਨ। ਪੁਲ ਤੇ ਕਾਲੇ ਤੇ ਚਿਟੇ ਸੰਖ ਮਰਮਰ ਦੀਆਂ ਬਹੁਤ

ਸਾਫ ਤੇ ਮੁਲੈਮ ਸਿਲਾਂ ਜੜੀਆਂ ਹੋਈਆਂ ਹਨ ਜਿਨ੍ਹਾਂ ਤੇ ਸਵੇਰੇ ਸ਼ਾਮ ਪ੍ਰੇਮੀ ਸਿੱਖ ਬੈਠਦੇ ਹਨ। ਇਹ ਸਭ ਕੰਮ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੰਮਤ ੧੮੯੨ ਵਿਚ ਤਿਆਰ ਕਰਵਾਇਆ। ਪੁਲ ਦੀ ਉੱਤਰੀ ਕਤਾਰ ਵਿਚ ਇਕ ਧੁਪ ਘੜੀ ਸਮੇਤ ਬੁਰਜੀ ਸੰਖ ਮਰਮਰ ਸਰਦਾਰ ਲੈਹਣਾ ਸਿੰਘ ਮਜੀਠੀਏ ਨੇ ਆਪ ਅਪਨੇ ਹੱਥਾਂ ਨਾਲ ਸੰ: ੧੯੦੮ ਵਿਚ ਬਨਾਈ ਜੋ ਜੇਬ ਘੜੀ ਵਾਕਰ ਵਕਤ ਦਸਦੀ ਹੈ।

ਕੁਝ ਈਰਖੀ ਲੋਗ ਇਹ ਪ੍ਰਗਟ ਕਰਦੇ ਹਨ ਕਿ ਮਹਾਰਾਜਾ ਰਣਜੀਤ ਸਿੰਘ ਸਾਹਿਬ ਨੇ ਸੰਖ ਮਰਮਰ ਜੋ ਪੁਲ ਤੇ ਲਗਾ ਹੋਇਆ ਹੈ) ਜਹਾਂਗੀਰ ਦੇ ਮਕਬਰੇ ਤੋਂ ਉਖੜਵਾ ਕੇ ਆਂਦਾ ਹੈ। ਪਾਠਕ ਏਸ ਗੱਲ ਤੋਂ ਅਨਮਾਨ ਲਾ ਲੈਣ ਕਿ ਜਦ ਮਹਾਰਾਜਾ ਰਣਜੀਤ ਸਿੰਘ ਨੇ ਕਿਲੇ ਲਾਹੌਰ ਦੇ ਸਾਮ੍ਹਣੇ ਵਾਲੀ ਬਾਦਸ਼ਾਹੀ ਮਸਜਦ (ਜਿਸਨੂੰ ਉਹ ਗਿਰਾ ਸਕਦੇ ਸਨ) ਨੂੰ ਓਸੇ ਤਰਾਂ ਰੈਹਣ ਦਿੱਤਾ, ਤਾਂ ਉਨ੍ਹਾਂ ਉੱਤੇ ਇਹ ਦੂਸ਼ਨ ਕਿਸ ਤਰਾਂ ਲਾਇਆ ਜਾ ਸਕਦਾ ਹੈ ? ਇਸ ਤੋਂ ਸਾਫ਼ ਸਿੱਧ ਹੈ ਕਿ ਮਹਾਰਾਜਾ ਸਾਹਿਬ ਅਪਨੀ ਹਰ ਮਹਜ਼ਬ ਦੀ ਰੱਯਤ ਨੂੰ ਇੱਕ ਹੀ ਨਜ਼ਰ ਨਾਲ ਵੇਖਦੇ ਸਨ। ਜੋ ਲੋਗ ਐਸੀਆਂ ਹਰਕਤਾਂ ਕਰਦੇ ਹਨ ਉਹ ਆਪ ਹੀ ਈਰਖਾ ਦੀ ਅੱਗ ਵਿਚ ਸੜ ਰਹੇ ਹਨ। ਮਹਾਰਾਜਾ ਸਾਹਿਬ ਨੇ ਜੋ ਕੁਝ ਬਨਵਾਇਆ ਆਪਣੇ ਖਜ਼ਾਨੇ ਵਿਚੋਂ ਖਰਚ ਕਰਕੇ ਬਨਵਾਇਆ।

ਪਰਕਰਮਾ ਦਾ ਹਾਲ

ਦਰਸ਼ਨੀ ਦਰਵਾਜ਼ੇ ਤੋਂ ਪੁਲ ਲੰਘਨ ਤੋਂ ਪਿਛੋਂ ਦਰਬਾਰ ਸਾਹਿਬ ਦੇ ਚਵ੍ਹਾਂ ਪਾਸਜਾਂ ਦੀ ਗੋਲ ਲੰਬਾਈ ੬੬ ਫ਼ੁਟ ਅਤੇ ਚੋੜਾਈ ੧੩ ਫ਼ੁਟ ਹੈ। ਇਹ ਸੁਫ਼ੈਦ ਪੱਥਰ ਦਾ ਵਡਮੁੱਲਾ ਫ਼ਰਸ਼ ਸੰਮਤ ੧੮੯੧ ਵਿਚ ਸਰਦਾਰ ਲੈਹਣਾ ਸਿੰਘ ਮਜੀਠੀਏ ਨੇ ਤਿਆਰ ਕਰਵਾਇਆ ਸੀ, ਤੇ ਇਸ ਦੀਆਂ ਚਵ੍ਹਾਂ ਨੁਕਰਾਂ ਤੇ ਚਾਰ ਬੰਗਲੇ, ਦੋ ਦੋ ਬੁਰਜੀਆਂ ਤੇ ਪੰਜ ਪੰਜ ਪਿੰਜਰੇ ਸਫ਼ੈਦ ਸੰਖ ਮਰਮਰ ਦੇ ਸੁਨੈਹਰੀ ਕੰਮ ਸਮੇਤ ਮਹਾਰਾਜਾ ਰਣਜੀਤ ਸਿੰਘ ਨੇ ੭੨੦੦੦) ਵਿਚ ਤਿਆਰ ਕਰਵਾਏ।

ਹਰ ਕੀ ਪੌੜੀ ਦਾ ਹਾਲ

ਦਰਬਾਰ ਸਾਹਿਬ ਦੇ ਪੱਛਮ ਵੱਲ ਇਕ ਤਿੰਨ ਗੁੱਠਾ ਮਕਾਨ ਹੈ ਜਿਸ ਦਾ ਨਾਂ ਹਰ ਕੀ ਪੌੜੀ ਹੈ। ਗਿਣਤੀ ਵਿਚ ਇਹ ਪੌੜੀ ਸੰਖ ਮਰਮਰ ਦੇ ੧੬ ਨਗਾਂ ਦੀ ਹੈ। ਏਨ੍ਹਾਂ ਪੌੜੀਆਂ ਦੇ ਉੱਤਰ ਦੱਖਣ ਵੱਲ ਦੋ ਬੰਗਲੇ ਸਮੇਤ ਕੰਧ ਸੁਨੈਹਰੀ ਗੱਚ ਬਣੇ ਹੋਏ ਹਨ। ਸੰਮਤ ੧੯੦੯ ਵਿਚ ਪੌੜੀਆਂ ਦੀ ਅੰਦਰੂਨੀ ਛੱਤ ਨੂੰ ਸਰਕਾਰ ਅੰਗਰੇਜ਼ੀ ਨੇ ਜੜਵਾਇਆ ਸੀ ਜਿਸ ਨੂੰ ਸੰਮਤ ੧੯੧੭ ਵਿਚ ਰਾਜਾ ਸਰੂਪ ਸਿੰਘ ਵਾਲੀਏ ਜੀਂਦ ਨੇ ਮਹੰਤ ਸਾਹਿਬ ਬੰਗਾ ਦੀ ਰਾਹੀਂ

੧੧੦੦੦) ਖਰਚ ਕਰਕੇ ਸੁਨੈਹਰੀ ਤੇ ਬਹੁਤ ਮਜ਼ਬੂਤ ਬਨਵਾ ਦਿੱਤਾ। ਬਿਹੰਗਮਾਂ ਲਈ ੧੦) ਦਾ ਲੰਗਰ ਵੀ ਜਾਰੀ ਕਰਵਾਇਆ ਜੋ ਹੁਣ ਤਕ ਜਾਰੀ ਹੈ (ਇਹ ਲੰਗਰ ਰਾਜਾ ਸਰੂਪ ਸਿੰਘ ਜੀ ਦੀ ਮਾਤਾ ਦੇ ਰੁਪੈ ਨਾਲ ਜਾਰੀ ਹੈ) ਦਰਬਾਰ ਸਾਹਿਬ ਅਰ ਹਰ ਕੀ ਪੌੜੀ ਦੀ ਚਾਂਦੀ ਦੀ ਛੱਤ ਅਤੇ ਸੰਖ ਮਰਮਰ ਦੀਆਂ ਕੰਧਾਂ ਸੰਮਤ ੧੮੭੭ ਵਿਚ ਮਹਾਰਾਜਾ ਰਣਜੀਤ ਸਿੰਘ ਸਾਹਿਬ ਅਤੇ ਸੰਮਤ ੧੮੯੪ ਵਿਚ ਮਹਾਰਾਜਾ ਖੜਗ ਸਿੰਘ ਨੇ ਬਨਵਾਈਆਂ, ਪਰ ਚਾਂਦੀ ਹੋਨ ਦੇ ਕਾਰਨ ਕਾਲੀ ਹੋ ਜਾਂਦੀ ਸੀ ਇਸ ਲਈ ੧੯੦੮ ਵਿਚ ਸਰਕਾਰ ਅੰਗਰੇਜ਼ੀ ਨੇ ਪੁਰਾਨੀ ਚਾਂਦੀ ਲੁਹਾਕੇ ਸਰਦਾਰ ਜੋਧ ਸਿੰਘ ਸਰਬਰਾਹ ਸ੍ਰੀ ਦਰਬਾਰ ਸਾਹਿਬ ਦੀ ਰਾਹੀਂ ਵੇਚਕੇ ਸੁਨੈਹਰੀ ਛੱਤ ਬਨਾ ਦਿੱਤੀ। ਹਰ ਕੀ ਪੌੜੀ ਦੀ ਦੋ ਮਨਜ਼ਲਾ ਛੱਤ ਸਰਦਾਰ ਅਮੀਰ ਸਿੰਘ ਸੰਧਾਵਾਲੀਏ ਨੇ ਸੰਮਤ ੧੮੭੪ ਵਿਚ ਸੁਨੈਹਰੀ ਕਰਾ ਦਿੱਤੀ, ਦੂਸਰੀਆਂ ਪੌੜੀਆਂ ਦੀ ਛੱਤ ਸੰਮਤ ੧੮੭੬ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਸੁਨੈਹਰੀ ਕਰਵਾਈ। ਹਰ ਕੀ ਪੌੜੀ ਦੇ ਉਤਲਾ ਬੁਖ਼ਾਰਚਾ ਵੀ ਮਹਾਰਾਜਾ ਸਾਹਿਬ ਨੇ ਸੁਨੈਹਰੀ ਕਰਵਾਇਆ।

ਦਰਬਾਰ ਸਾਹਿਬ ਦੇ ਅੰਦਰੋਂ ਦੋ ਪਾਸਿਆਂ ਦੀ ਛੱਤ ਸਰਦਾਰ ਤਾਰਾ ਸਿੰਘ ਸਾਹਿਬ ਗੈਬਾ ਨੇ ਚਾਂਦੀ ਦੀ ਬਨਵਾਈ ਤੇ ਮੀਨਾਕਾਰੀ ਕਰਵਾਈ। ਤੀਸਰਾ ਪਾਸਾ ਸਰਦਾਰ ਪਰਤਾਪ ਸਿੰਘ ਤੇ ਸਰਦਾਰ ਜੱਸਾ ਸਿੰਘ ਨੇ ਅਰ ਚੌਥਾ ਸਰਦਾਰ ਗੰਡਾ ਸਿੰਘ ਪਸ਼ੌਰੀਏ ਨੇ ਸੰਮਤ ੧੮੮੦ ਵਿਚ ਤਿਆਰ ਕਰਵਾਇਆ। ਦੂਸਰੀ ਮਨਜ਼ਲ ਦੀ ਛੱਤ ਦਾ ਉੱਤ੍ਰ ਵੱਲ ਦਾ ਹਿੱਸਾ ਸੰਮਤ ੧੮੫੬ ਵਿਚ ਸਰਦਾਰ ਸੋਭਾ ਸਿੰਘ ਨਕਈ ਨੇ ਸੁਨੈਹਰੀ ਕਰਵਾਇਆ ਅਤੇ ਓਸੇ ਪਾਸੇ ਦੀ ਕੰਧ ਦੀ ਨਕਾਸ਼ੀ ਸੰਮਤ ੧੮੫੬ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਕਰਵਾਈ। ਦੱਖਣ ਪਾਸੇ ਦੀ ਛੱਤ ਨੂੰ ਸੰਮਤ ੧੮੪੩ ਵਿਚ ਬੰਸੀ ਰਾਮ ਪੁਤ੍ਰ ਜੋਧ ਸਿੰਘ ਦੀਵਾਨ ਭੰਗੀ ਖਾਨਦਾਨ ਪਿੰਡ ਸੋਹਲਾਂ ਨੇ ਤਿਆਰ ਕਰਵਾਇਆ। ਬਾਕੀ ਦੋਹਾਂ ਪਾਸਿਆਂ ਦੀ ਛੱਤ ਹਰ ਕੀ ਪੌੜੀ ਦੀ ਤੀਸਰੀ ਮਨਜ਼ਲ ਦੀ ਛੱਤ ਬੁਖਾਰਚਾ ਅਤੇ ਦਰਬਾਰ ਸਾਹਿਬ ਦੀਆਂ ਉਤਲੀਆਂ ਬਾਰੀਆਂ ਮਹਾਰਾਜਾ ਰੁਣਜੀਤ ਸਿੰਘ ਦੇ ਰੁਪਏ ਨਾਲ ਤਿਆਰ ਹੋਈਆਂ।

ਪਹਿਲਾਂ ਦਰਬਾਰ ਸਾਹਿਬ ਦੀ ਤੀਸਰੀ ਮਨਜ਼ਲ ਤੇ ਨਸ਼ਾਨ ਸਾਹਿਬ ਚੋਬੀ ਸੀ ਪਰ ਸੰਮਤ ੧੮੯੨ ਵਿਚ ਲਾਲਾ ਰਾਮ ਕਿਸ਼ਨ ਈਸਰ ਦਾਸ ਅਰ ਲਾਲ ਚੰਦ ਖੱਤਰੀ ਨੇ ਚੋਬੀ ਝੰਡੇ ਤੇ ਸੁਨੈਹਰੀ ਕੰਮ ਕਰਵਾ ਦਿਤਾ।

ਖਾਸ ਦਰਬਾਰ ਸਾਹਿਬ ਵਾਲੀ ਇਮਾਰਤ ਦਾ ਹਾਲ

ਇਸ ਪਵਿਤ੍ਰ ਮੰਦਰ ਦੇ ਅੰਦਰ ਚਾਰ ਦਲਾਨ ਚਾਰ ਕੋਠੜੀਆਂ (ਜਿਨ੍ਹਾਂ ਵਿੱਚੋਂ ਤਿੰਨ ਖੁੱਲ੍ਹੀਆਂ ਰਹਿੰਦੀਆਂ ਹਨ ਤੇ ਇਕ ਵਿਚ ਖਜ਼ਾਨਾ ਰਖਿਆ ਜਾਂਦਾ ਹੈ) ਹਨ। ਬਾਹਰਲੇ

ਪਾਸਿਓਂ ਪੌੜੀਆਂ ਉਤਲੀ ਮਨਜ਼ਲ ਨੂੰ ਜਾਂਦੀਆਂ ਹਨ, ਮੰਦਰ ਦੇ ਵਿਚਕਾਰ ਇਕ ਚੌਕ ਹੈ ਜਿਸ ਤੇ ਸੁਫ਼ੈਦ ਚਾਦਰ ਨਜ਼ਰ ਭੇਟਾ ਕਰਨ ਲਈ ਵਛਾਈ ਜਾਂਦੀ ਹੈ। ਚੜ੍ਹਦੇ ਪਾਸੇ ਦੇ ਦਲਾਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਪਹਾੜ ਵਲ ਦਲਾਨ ਵਿਚ ਰਾਗੀ ਤੇ ਰਬਾਬੀ ਹਰ ਵੇਲੇ ਭਜਨ ਕੀਰਤਨ ਕਰਦੇ ਰਹਿੰਦੇ ਹਨ, ਪਰ ਗੁਰੂ ਗ੍ਰੰਥ ਸਾਹਿਬ ਅਤੇ ਭਾਈ ਗੁਰਦਾਸ ਜੀ ਦੇ ਸ਼ਬਦਾਂ ਤੋਂ ਛੁੱਟ ਹੋਰ ਕਿਸੇ ਬਾਣੀ ਦਾ ਕੀਰਤਨ ਨਹੀਂ ਕੀਤਾ ਜਾਂਦਾ ਅਤੇ ਨਾ ਹੀ ਕਰਨ ਦੀ ਆਗਿਆ ਹੈ। ਲੈਂਹਦੇ ਪਾਸੇ ਦੇ ਦਲਾਨ ਵਿਚ ਦਰੋਗੇ ਤੇ ਪੁਜਾਰੀ ਬੈਠੇ ਰਹਿੰਦੇ ਹਨ, ਦਖਨੀ ਦਲਾਨ ਵਿਚ ਸਿਖ ਅਤੇ ਹੋਰ ਮਹਾਤਮਾਂ ਪੁਰਸ਼ ਬੈਠਕੇ ਕੀਰਤਨ ਸੁਣਦੇ ਹਨ। ਭਾਵੇਂ ਏਸ ਮੰਦਰ ਦੇ ਚਵ੍ਹਾਂ ਦਰਵਾਜ਼ਿਆਂ ਤੋਂ ਲੰਘਕੇ ਲੋਗ ਨਜ਼ਰ ਤੇ ਭੇਟਾ ਚੜ੍ਹਾਂਦੇ ਹਨ, ਪਰ ਲਹਿੰਦੇ ਪਾਸੇ ਵਾਲੇ ਦਰਵਾਜ਼ੇ ਥਾਂਣੀ ਲਾਂਘਾ ਬਹੁਤ ਰਹਿੰਦਾ ਹੈ। ਚੜ੍ਹਦੇ ਪਾਸੇ ਦੇ ਦਲਾਨ ਦੀ ਛਤ ਨੂੰ ਰਾਣੀ ਸਦਾ ਕੌਰ ਘਨਯਾਂ ਮਿਸਲ ਦੀ ਸਰਦਾਰ ਨੇ ੧੭੫੩੦੦) ਖਰਚ ਕੇ ਤਿਆਰ ਕਰਵਾਇਆ, ਬਾਕੀ ਤਿੰਨਾਂ ਦਲਾਨਾਂ ਦੀਆਂ ਛੱਤਾਂ ਨੂੰ ੧੮੭੫ ਤੋਂ ਲੈਕੇ ੧੮੮੮ ਸੰਮਤ ਤਕ ੫੩੫੩੩੨) ਲਾਕੇ ਓਸੇ ਨਮੂਨੇ ਦਾ ਮਹਾਰਾਜਾ ਰਣਜੀਤ ਸਿੰਘ ਨੇ ਬਨਵਾਇਆ।

ਸ੍ਰੀ ਦਰਬਾਰ ਸਾਹਿਬ ਦੇ ਅੰਦਰ ਜੋ ਸੰਖ ਮਰਮਰ ਦਾ ੩ ਫੁਟ ਉਚਾ ਪੱਥਰ ਹਰ ਇਕ ਕੰਧ ਵਿਚ ਲਗਾ ਹੋਇਆ ਹੈ ਉਹ ਸਭ ਸੰਮਤ ੧੯੦੯ ਵਿਚ ਦਰਬਾਰ ਸਾਹਿਬ ਦੀ ਜਾਗੀਰ ਦੀ ਆਮਦਨ ਵਿਚੋਂ ਲਗਵਾਇਆ ਗਿਆ। ੧੮੯੪ ਵਿਚ ਫ਼ਰਸ਼ ਸੰਖ ਮਰਮਰ ਚਵਾਂ ਦਰਵਾਜ਼ਿਆਂ ਦੀਆਂ ਚੁਗਾਠਾਂ ੮੨੬੯੨) ਖਰਚ ਕਰਕੇ ਤੇ ਸੰਮਤ ੧੮੮੯ ਵਿਚ ਲਹਿੰਦੇ ਪਾਸਿਆਂ ਦੀਆਂ ਚਾਂਦੀ ਦੀਆਂ ਜੋੜੀਆਂ ਮਹਾਰਾਜਾ ਸਾਹਿਬ ਨੇ ੬੬੬੭੩) ਖਰਚ ਕਰਕੇ ਤਿਆਰ ਕਰਵਾਈਆਂ। ਸੰ: ੧੮੮੭ ਵਿਚ ਦਖਨੀ ਦਰਵਾਜ਼ੇ ਦੇ ਚਾਂਦੀ ਦੇ ਤਖਤੇ ਮਹਾਰਾਜਾ ਖੜਗ ਸਿੰਘ ਜੀ ਦੀ ਮਾਤਾ ਨੇ ਸੱਤ ਹਜ਼ਾਰ ਰੁਪਿਆ ਖਰਚ ਕਰਕੇ ਅਤੇ ਉਤ੍ਰੀ ਦਰਵਾਜ਼ਾ ਮਹਾਰਾਜਾ ਖੜਗ ਸਿੰਘ ਜੀ ਨੇ ੧੮੮੯ ਨੂੰ ਪੰਜ ਹਜ਼ਾਰ ਖਰਚ ਕਰਕੇ ਤਿਆਰ ਕਰਵਾਇਆ। ਏਨ੍ਹਾਂ ਉਪਰੋਕਤ ਚਵ੍ਹਾਂ ਜੋੜੀਆਂ ਤੇ ਦਸ ਹਜ਼ਾਰ ਰੁਪਿਆ ਖਰਚ ਆਇਆ ਸੀ, ਇਹ ਜੋੜੀਆਂ ਹਮੇਸ਼ਾ ਚੜੀਆਂ ਰੈਂਹਦੀਆਂ ਹਨ, ਪਰ ਦਵਾਲੀ ਵਸਾਖੀ ਦੇ ਮੇਲੇ ਯਾ ਗੁਰਪੁਰਬ ਦੇ ਵੇਲੇ ਸੁਨੈਹਰੀ ਜੋੜੀਆਂ ਚੜ੍ਹਾਈਆਂ ਜਾਂਦੀਆਂ ਹਨ, ਜਿਨ੍ਹਾਂ ਵਿਚੋਂ ਇਕ ਜੋੜੀ ਮਹਾਰਾਜਾ ਰਣਜੀਤ ਸਿੰਘ, ਦੂਸਰੀ ਮਾਤਾ ਸਾਹਿਬ ਮਹਾਰਾਜਾ ਖੜਗ ਸਿੰਘ, ਤੀਸਰੀ ਮਹਾਰਾਜਾ ਖੜਗ ਸਿੰਘ ਅਤੇ ਚੌਥੀ ਰਾਣੀ ਚੰਦ ਕੌਰਾਂ ਕੰਵਰ ਨੌ ਨਿਹਾਲ ਸਿੰਘ ਜੀ ਦੀ ਮਾਤਾ ਨੇ ਚੌਦਾਂ ਚੌਦਾਂ ਹਜ਼ਾਰ ਫੀ ਜੋੜੀ ਖਰਚ ਕੇ ਤਿਆਰ ਕਰਵਾਈਆਂ ਸਨ, ਏਨ੍ਹਾਂ ਹੀ ਚਵਾਂ ਜੋੜੀਆਂ ਦਾ ਸੋਨਾ ਸਰਦਾਰ ਧਰਮ ਸਿੰਘ ਤੋਸ਼ੇ ਖਾਨੇ ਵਾਲੇ ਦੇ ਪੁਤ੍ਰ ਹੀਰਾ ਸਿੰਘ ਨੇ ਕੁਝ ਮਿਤ੍ਰਾਂ ਦੇ ਵਰਗਲਾਨ ਨਾਲ

ਲਾਹਕੇ ਉਤੇ ਸੋਨੇ ਦਾ ਮੁਲੰਮਾ ਕਰਵਾਕੇ ਸੋਨਾ ਵੇਚ ਦਿਤਾ ਸੀ। ਪਿਛੋਂ ਜੁਰਮ ਸਾਬਤ ਹੋਣ ਪੁਰ ਉਸ ਨੂੰ ਸੱਤ ਸਾਲ ਕੈਦ ਕੀਤੀ ਗਈ ਤੇ ੬੫੦੦੦) ਦੀ ਡਿਗਰੀ ਉਸ ਤੇ ਕੀਤੀ ਗਈ।

ਉਪਰੋਕਤ ਚਵ੍ਹਾਂ ਦਰਵਾਜ਼ਿਆਂ ਦੀ ਲੰਬਾਈ ਛੇ ਛੇ ਫੁਟ ਤੇ ਚੌੜਾਈ ਚਾਰ ਚਾਰ ਫੁਟ ਹੈ। ਅਸਥਾਨ ਦਰਬਾਰ ਸਾਹਿਬ ਦੀ ਲੰਬਾਈ ੪੦ ਫੁਟ ਤੇ ਚੁੜਾਈ ੪੦ ਫੁਟ (ਮੁਰਬਾ) ਹੈ। ਵਿਚਕਾਰਲਾ ਚੌਂਕ ੧੭ ਫੁਟ ਤੇ ਚਾਰੇ ਦਲਾਨ ਅੱਠ ਅੱਠ ਫੁਟ ਹਨ। ਦਰਬਾਰ ਸਾਹਿਬ ਦੀ ਦੂਸਰੀ ਮਨਜ਼ਲ ੨੭ ਫੁਟ ਉਚੀ ਤੇ ਚਵ੍ਹਾਂ ਪਾਸਿਆਂ ਤੋਂ ਦਸ ਦਸ ਗਜ ਅਮਾਰਤੀ ਹੈ ਜਿਸ ਵਿਚ ਬਾਹਰਲੇ ਪਾਸੇ ਵਲੋਂ ਕੰਧ ਚਾਰ ਗਜ਼ ਸੰਖ ਮਰਮਰ ਦੀ ਬੜੀ ਪੁਖਤਾ ਬਨੀ ਹੋਈ ਹੈ ਅਤੇ ਹਰ ਕਿਸਮ ਦੀ ਗੁਲਕਾਰੀ ਨਕਾਸ਼ੀ ਹਕੀਕ ਨੀਲਮ ਹੀਰੇ, ਚੂਨੀ ਆਦਿ ਨਾਲ ਰੰਗਾ ਰੰਗ ਦੀ ਮੀਨਾਕਾਰੀ ਹੋਈ ਹੋਈ ਹੈ। ਇਸ ਦੇ ਉੱਪਰ ਛੇ ਗਜ਼ ਕੰਧ (ਸਿਵਾਏ ਕਿੰਗਰੇ ਅਰ ਕਲਸਾਂ ਦੇ) ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਨੈਹਰੀ ਬਨਵਾਈ ਸੀ, ਜਿਸਤੇ ੬੫੦੦੦) ਖਰਚ ਹੋਇਆ ਸੀ। ਦੂਸਰੀ ਮਨਜ਼ਲ ਦੇ ਅੰਦਰਲੇ ਦਰਵਾਜ਼ੇ ਤੇ ਕੰਧਾਂ ਤੇ ਸੁਨੈਹਰੀ ਗਚ ਤੇ ਮੀਨਾਂਕਾਰੀ ਤੇ ਛੱਤ ਦਾ ਜੜਾਊ ਕੰਮ ਮਹਾਰਾਜਾ ਸਾਹਿਬ ਨੇ ਦੂਸਰੇ ਸਿਖ ਸਰਦਾਰਾਂ ਨਾਲ ਮਿਲਕੇ ਸੰਮਤ ੧੮੭੪ ਤੋਂ ੧੮੮੭ ਤੱਕ ੮੦੦੦੦) ਖਰਚ ਕਰਕੇ ਕਰਵਾਇਆ।

(੧) ਦਖਣੀ ਪਾਸੇ ਦੀ ਵਡੀ ਛੱਤ ਸੰਮਤ ੧੯੦੬ ਵਿਚ ਭਾਈ ਸੁਜਾਨ ਸਿੰਘ ਜੀ ਨੇ ਸੁਨੈਹਰੀ ਬਨਵਾਈ।

(੨) ਪੂਰਬੀ ਛੋਟੀ ਛੱਤ–"ਸੰਮਤ ੧੯੧੧ ਵਿਚ ਭਾਈ ਚੈਨ ਸਿੰਘ ਗੰਢ ਨੇ ਬਨਵਾਈ"

(੩) "ਪੌੜੀਆਂ ਵਾਲੇ ਪਾਸੇ ਦੀ ਛੱਤ"–ਸੰਮਤ ੧੮੯੩ ਵਿਚ ਮਹਾਰਾਜਾ ਰਣਜੀਤ ਸਿੰਘ ਨੇ ਬਨਵਾਈ।

(੪) ਛੱਤ ਵ ਕੰਧ ਪਛਮ ਵਾਲੀ :–ਸੰਮਤ ੧੯੦੨ ਵਿਚ ਭਾਈ ਰਾਮ ਸਿੰਘ ਜੀ ਪਸ਼ੌਰੀਏ ਨੇ ਬਨਵਾਈ।

(੫) "ਉਤਰੀ ਛੱਤ" ਸੰਮਤ ੧੮੫੫ ਵਿਚ ਭਾਈ ਰਾਮ ਸਿੰਘ ਨੇ ਅਰ ਭਾਈ ਗੁਰਮੁਖ ਸਿੰਘ ਲਬਾਣੇ ਨੇ ਤਿਆਰ ਕਰਵਾਈ।

(੬) "ਛੋਟੀ ਛੱਤ ਤੇ ਵਿਚਕਾਰਲੀ ਕੰਧ" :–ਸੰਮਤ ੧੮੨੫ ਵਿਚ ਮਹਾਰਾਜਾ ਖੜਗ ਸਿੰਘ ਨੇ ਤਿਆਰ ਕਰਵਾਈ।

ਪੂਰਬ ਵਲ ਬਾਰੀਆਂ ੨੦, ਦਖਨ ਵਲ ਬਾਰੀਆਂ ੮, ਉਤਰ ਵਲ ਬਾਰੀਆਂ ੭, ਪਛਮ ਵਲ ਬਾਰੀਆਂ ੫, ਇਹ ਸਭ ਸੁਨੈਹਰੀ ਬਨੀਆਂ ਹੋਈਆਂ ਹਨ। ਦੋ ਬਾਰੀਆਂ ਪੌੜੀਆਂ

ਦੇ ਦੋਹੀਂ ਪਾਸੀਂ ਚਾਨਣ ਲਈ ਰੱਖੀਆਂ ਹੋਈਆਂ ਹਨ। ਏਨ੍ਹਾਂ ਬਾਰੀਆਂ ਤੋਂ ਛੁਟ ਬਾਕੀ ਬਾਰੀਆਂ ਸੰਮਤ ੧੮੮੨ ਤੋਂ ੧੯੧੨ ਤਕ ਬਨਦੀਆਂ ਰਹੀਆਂ। ਹਰਕੀ ਪੌੜੀ ਉਤੇ ਇਕ ਵਡਾ ਦਾਲਾਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਕਰਨ ਵਾਲਾ ਹੈ, ਏਥੇ ਬਹੁਤ ਧਨਾਢ ਲੋਕ ਅਖੰਡ ਪਾਠ ਕਰਵਾਂਦੇ ਹਨ। ਸਾਰਿਆਂ ਤੋਂ ਉਤਲੀ ਛੱਤ ਤੇ ਇਕ ਵੱਡਾ ਗੁੰਬਜ਼ ਬਾਰਾਂ ਦਰਵਾਜ਼ਿਆਂ ਦੇ ਐਨ ਵਿਚਕਾਰ ਬਨਿਆ ਹੋਇਆ ਹੈ ਜਿਸਤੇ ੩੬ ਕਲਸ ਹਨ, ਜਿਨ੍ਹਾਂ ਨੂੰ ਸੰਮਤ ੧੮੭੩ ਵਿਚ ਭਾਈ ਭਾਗ ਸਿੰਘ ਫਤੇ ਸਿੰਘ ਆਹਲੂ ਵਾਲੀਆ ਨੇ ਸੁਨੈਹਰੀ ਕਰਵਾਇਆ। ਏਨ੍ਹਾਂ ਬਾਰਾਂ ਦਰਵਾਜ਼ਿਆਂ ਤੇ ਸੁਨੈਹਰੀ ਕੰਮ ਸਰਦਾਰ ਬਸੰਤ ਸਿੰਘ ਖੇੜੀ ਵਾਲੇ ਨੇ ਕਰਵਾਇਆ ਤੇ ਹੇਠਲਾ ਛੱਜਾ ਤੇ ਗੋਲ ਗੋਲ ਛੋਟੇ ਗੁੰਬਦ (ਜੋ ਗਿਣਤੀ ਵਿਚ ੫੮ ਹਨ) ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਨੈਹਰੀ ਕਰਵਾਏ। ਹੇਠ ਦਿਤਾ ਖਰਚ ਦਾ ਵੇਰਵਾ ਦਫ਼ਤ੍ਰ ਦਰਬਾਰ ਸਾਹਿਬ ਵਿਚੋਂ ਲੈਕੇ ਪਾਠਕਾਂ ਦੀ ਭੇਟਾ ਕੀਤਾ ਜਾਂਦਾ ਹੈ, ਜੋ ਦਰਬਾਰ ਸਾਹਿਬ ਦੇ ਫ਼ਰਸ਼, ਕੰਧਾਂ ਆਦਿ ਦੀ ਸੇਵਾ ਤੋਂ ਇਲਾਵਾ ਸਿਰਫ਼ ਸੋਨੇ ਚਾਂਦੀ ਤੇ ਨਕਾਸ਼ੀ ਤੇ ਆਇਆ :—

(੧) ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ	੧੬੩੯੦੦੦)
(੨) ਭੰਗੀ ਸਰਦਾਰਾਂ ਵੱਲੋਂ	੩੩੫੫੦੦੦)
(੩) ਮਹਾਰਾਜਾ ਖੜਗ ਸਿੰਘ ਤੇ ਕੰਵਰ ਨੌ ਨਿਹਾਲ ਸਿੰਘ ਜੀ ਵੱਲੋਂ	੯੪੧੦੦੦)
(੪) ਰਾਣੀਆਂ ਵੱਲੋਂ	੧੮੫੦੦੦)
(੫) ਸਿਖ ਸਰਦਾਰਾਂ ਵੱਲੋਂ	੧੨੮੦੦੦)
(੬) ਮੁਤਫੱਰਕ ਸਿੱਖ ਸ੍ਰਦਾਰਾਂ ਵੱਲੋਂ	੧੬੩੦੦੦)
ਜੋੜ ਕੁਲ	੬੪੧੧੦੦੦)

ਵੇਰਵਾ ਅਸਬਾਬ ਜੇਹੜਾਂ ਤੋਸ਼ਾਖਾਨਾ ਸ੍ਰੀ ਦਰਬਾਰ ਸਾਹਿਬ ਜੀ ਵਿਚ ਹੈ

ਸੰਮਤ ੧੯੨੩ ਤੋਂ ਪਹਲੇ ਸ੍ਰਬਰਾਹੀ ਸ੍ਰਦਾਰ ਮੰਗਲ ਸਿੰਘ ਜੀ ਸਮੇਂ ਜ਼ਬਾਨੀ ਭਾਈ ਹੀਰਾ ਸਿੰਘ ਤੋਸ਼ੇ ਖਾਨੀਆਂ :—

ਗਾਗਰਾਂ ਚਾਂਦੀ	੪	੧੨੦੦)
ਗੜਵੀਆਂ ਚਾਂਦੀ	੪	੧੬੦)
ਕਟੋਰੇ ਚਾਂਦੀ	੩	੫੦)
ਗੁਲਾਬ ਦਾਨੀ ਚਾਂਦੀ	੧	੪੫)

ਪੱਖੇ ਚਾਂਦੀ	੨	੧੦੦)
ਚੋਬਾਂ ਚਾਂਦੀ	੨੫	੫੦੦੦)
ਆਸਾ ਚਾਂਦੀ	੨	੧੦੦)
ਆਰਤੀ ਚਾਂਦੀ	੧	੨੦੦)
ਮੰਜੀ ਸਾਹਿਬ	੧	੫੦੦)
ਚੌਕੀ ਚਾਂਦੀ	੧	੧੦੦੦)
ਜੋਤਾਂ ਚਾਂਦੀ	੩	੧੨੦੦)
ਚੌਰ ਚਾਂਦੀ	੨	੬੦)
ਬੰਗਲਾ ਚਾਂਦੀ	੧	੫੦੦੦)
ਜੋੜੀ ਚਾਂਦੀ	੪	੧੦੦੦੦)
ਜੋੜੀ ਸੁਨੈਹਰੀ	੪	੫੬੦੦੦)
ਪੱਖਾ ਸੁਨੈਹਰੀ	੧	੬੦੦)
ਪੱਖਾ ਸੁਨੈਹਰੀ ਛੋਟਾ	੧	੩੦੦)
ਆਰਤੀ ਸੁਨੈਹਰੀ	੧	੧੧੦੦)
ਆਸਾ ਸੁਨੈਹਰੀ	੧	੫੫੦)
ਮੰਜੀ ਸਾਹਿਬ ਸੁਨੈਹ੍ਰੀ ਜੜਾਊ	੧	੭੦੦੦)
ਮੰਜੀ ਸਾਹਿਬ ਛੋਟੀ	੧	੪੦੦੦)
ਛੱਬਾ ਸੁਨੈਹਰੀ	੧	੫੦੦੦)
ਖਾਸਾ ਸੁਨੈਹਰੀ	੧	੫੦੦੦)
ਪਲੰਘ ਸੁਨੈਹਰੀ ਵੱਡਾ	੧	੮੬੦੦)
ਪਲੰਘ ਸੁਨੈਹਰੀ ਛੋਟਾ	੧	੭੦੦੦)
ਸਾਏਬਾਨ ਪਸ਼ਮੀਨਾ	੨	੨੦੦੦)
ਚਾਂਦਨੀ ਸੁਨੈਹਰੀ	੧	੫੦੦੦)
ਪਰਦੇ ਕਾਰਚੋਬੀ	੪	੫੦੦੦)
ਸਾਇਬਾਨ ਮਖਮਲੀ	੧	੬੦੦)
ਛਤਰ ਵੱਡਾ ਸੁਨੈਹਰੀ	੧	੮੭੦੦੦)
ਜੜਾਊ ਚਾਂਦਨੀ ਵੱਡੀ	੧	੨੦੦੦੦)
ਜੋੜ ਕੁਲ		੨੩੯੩੬੫)

ਏਹ ਸਭ ਜਾਣਦੇ ਹਨ ਕਿ ਕਈ ਲੋਕ ਅੰਦਰੋਂ ਕੁਝ ਤੇ ਬਾਹਰੋਂ ਕੁਝ ਹੁੰਦੇ ਹਨ, ਜਿਨ੍ਹਾਂ ਦੀ ਬਾਹਰਲੀ ਸਾਫ਼ ਤੇ ਸੁੰਦਰ ਸ਼ਕਲ ਵੇਖਕੇ ਆਦਮੀ ਨੂੰ ਓਹਨਾਂ ਦੇ ਅੰਦਰ ਦਾ ਅਨੁਮਾਨ ਲਾਣਾ ਕਠਨ ਹੋ ਜਾਂਦਾ ਹੈ ਯਾ ਏਸ ਤਰਾਂ ਕਹੀਏ ਕਿ ਓਨ੍ਹਾਂ ਦੀ ਕਥਨੀ ਤੇ ਕਰਨੀ ਵਿਚ ਜ਼ਮੀਨ ਅਸਮਾਨ ਦਾ ਫਰਕ ਹੁੰਦਾ ਹੈ। ਏਸੇ ਤਰਾਂ ਹੀ ਭਾਈ ਧਰਮ ਸਿੰਘ ਅਰੋੜੇ ਦੇ ਪੁਤ੍ਰ ਹੀਰਾ ਸਿੰਘ ਨਾਮੀ ਨੇ ਤੋਸ਼ੇਖਾਨੇ ਦੇ ਅਸਬਾਬ (ਜੋ ਤੋਸ਼ੇਖਾਨੀਆਂ ਹੋਨ ਦੇ ਕਾਰਨ ਉਸ ਦੇ ਕੋਲ ਸੀ) ਨੂੰ ਕੁਝ ਮਤਲਬੀ ਦਗਾਬਾਜ਼ ਅਤੇ ਜ਼ਮਾਨਾ ਸਾਜ਼ ਮਿਤ੍ਰਾਂ ਦੀ ਸਖਾਵਟ ਨਾਲ ਕਿਸੇ ਤਰਾਂ ਚੁਰਾ ਲਿਆ ਤੇ ਅਸਲੀ ਸੋਨੇ ਚਾਂਦੀ ਦੇ ਗਹਿਣੇ ਭਾਂਡੇ ਆਦਿ ਦੀ ਥਾਂ ਨਕਲੀ ਗਿਲਟੀ ਗਹਿਣੇ ਤੋਸ਼ੇਖਾਨੇ ਵਿਚ ਜਮਾ ਕਰਵਾ ਦਿਤੇ। ਪਰ ਕੁਝ ਚਿਰ ਮਗਰੋਂ ਓਨ੍ਹਾਂ ਹੀ ਝੂਠੇ ਯਾਰਾਂ ਵਿਚੋਂ ਕਿਸੇ ਇੱਕ ਨੇ ਮੁਖਬਰ ਬਣ ਸਾਰਾ ਪੜਦਾ ਪਾੜ ਦਿਤਾ, ਅਤੇ ਪੜਤਾਲ ਹੋਣ ਤੇ ੬੬੭੨੨) ਦਾ ਗ਼ਬਨ ਸਾਬਤ ਹੋਇਆ, ਜਿਸ ਵਿਚੋਂ ੩੭੦੫।।। ≡) ਦਾ ਮਾਲ ਹੀਰਾ ਸਿੰਘ ਦੇ ਘਰੋਂ ਨਿਕਲਿਆ ਤੇ ਬਾਕੀ ੬੩੦੧੬–) ਉਸ ਦੇ ਜ਼ੁੰਮੇ ਰਿਹਾ, ਜੋ ਸਰਬਰਾਹ ਦਰਬਾਰ ਸਾਹਿਬ ਵਲੋਂ ਬਾਕਾਇਦਾ ਨਾਲਸ਼ ਹੋਕੇ ਤੇ ਉਸ ਦੀ ਜਾਇਦਾਦ ਨੀਲਾਮ ਹੋਕੇ ਵਸੂਲ ਹੋਇਆ। ਹੀਰਾ ਸਿੰਘ ਨੂੰ ਇਸ ਜੁਰਮ ਵਿਚ ੨੪ ਜੁਲਾਈ ੧੮੬੬ ਈ: ਨੂੰ ਸੱਤ ਸਾਲ ਕੈਦ ਤੇ ੪੦੦੦) ਜੁਰਮਾਨੇ ਦੀ ਸਜ਼ਾ ਮਿਲੀ। ਭਾਵੇਂ ਈਸ਼ਰ ਸਿੰਘ ਮਿਸਰੀ ਵਾਲਾ, ਪੰਡਤ ਗੰਗਾ ਬਿਸ਼ਨ ਅਤੇ ਸੱਖਣ ਮੱਲ ਸਰਾਫ ਆਦਿ ਹੀਰਾ ਸਿੰਘ ਦੇ ਨਾਲ ਅਪਰਾਧੀ ਠਹਿਰਾਏ ਗਏ, ਕਿਉਂਕਿ ਓਹਨਾਂ ਓਸ ਨਾਲ ਮਿਲਕੇ ਮਾਲ ਵੇਚਿਆ ਸੀ, ਪਰ ਹੀਰਾ ਸਿੰਘ ਨੇ ਸਾਰਿਆਂ ਦੀ ਬਲਾ ਆਪਣੇ ਸਿਰ ਲੈ ਲਈ। ਲੋਕਾਂ ਤੇ ਵਡੇ ਹਾਕਮਾਂ ਨੇ ਹੀਰਾ ਸਿੰਘ ਨੂੰ ਬਹੁਤ ਸਮਝਾਇਆ ਕਿ ਤੂੰ ਕਿਉਂ ਦੂਸਰਿਆਂ ਨੂੰ ਬਚਾ ਕੇ ਆਪ ਮਰ ਰਿਹਾ ਹੈਂ, ਇਹ ਤੇਰੇ ਹੱਕ ਵਿਚ ਚੰਗਾ ਨਹੀਂ ਹੋਣਾ ਪਰ ਹੀਰਾ ਸਿੰਘ ਆਪਣੇ ਹਠ ਉੱਤੇ ਪੱਕਾ ਰਿਹਾ। ਸਿਵਾਏ ਪੰਡਤ ਗੰਗਾ ਬਿਸ਼ਨ ਦੇ –ਜੋ ਜੇਲ੍ਹ ਵਿਚ ਹੀ ਮੋਇਆ–ਹੋਰ ਸਭ ਰਿਸ਼ਵਤਾਂ ਦੇਕੇ ਰਿਹਾ ਹੋ ਗਏ। ਅਸਲ ਅਪਰਾਧੀ ਹੀਰਾ ਸਿੰਘ ਨੇ ਆਪਣੀ ਸੱਤ ਸਾਲ ਕੈਦ ਕੱਟ ਕੇ ਬਾਕੀ ਦੇ ਦਿਨ ਅੰਮ੍ਰਿਤਸਰ ਵਿਚ ਰਹਿਕੇ ਬਤੀਤ ਕੀਤੇ।

ਈਸ਼ਰ ਸਿੰਘ ਮਿਸਰੀ ਵਾਲੇ ਨੂੰ ਚੋਰੀ ਦਾ ਮਾਲ ਖਰੀਦਨ ਦੇ ਅਪ੍ਰਾਧ ਵਿਚ ਸੱਤ ਸਾਲ ਕੈਦ ਤੇ ਦੋ ਹਜ਼ਾਰ ਰੁਪਯਾ ਜਰਮਾਨਾ ਹੋਇਆ, ਪਰ ਚੀਫ ਕੋਰਟ ਵਿਚ ਅਪੀਲ ਕਰਨ ਤੇ ਬਰੀ ਹੋ ਗਿਆ। ਪੰਡਤ ਗੰਗਾ ਬਿਸ਼ਨ ਨੂੰ ਇਸ ਜੁਰਮ ਵਿਚ ਸੱਤ ਸਾਲ ਕੈਦ ਤੇ ੪੦੦੦) ਜੁਰਮਾਨਾ ਹੋਇਆ ਅਤੇ ਓਹ ਜੇਲ੍ਹ ਵਿਚ ਹੀ ਮਰ ਗਿਆ। ਸਾਹਿਬ ਸਿੰਘ ਮਹੰਤ ਮਲਵਈ ਬੁੰਗਾ ਨੇ–ਜਿਸਨੇ ਸੁਨੈਹਰੀ ਗਾਗਰ ਤੇ ਗੜਵਾ ਖਰੀਦਿਆ ਸੀ–ਏਹ ਦੋਵੇਂ ਚੀਜ਼ਾਂ ਰਿਸ਼ਵਤ ਵਿਚ ਦੇ ਕੇ ਖਲਾਸੀ ਕਰਵਾਈ।

ਵੇਰਵਾ ਅਸਬਾਬ ਜੋ ਭਾਈ ਹੀਰਾ ਸਿੰਘ ਦੇ ਪਿਛੋਂ ਬਾਕੀ ਬਚਿਆ :–

ਗੜਵਾ ਸੁਨੈਹਰੀ	੧	੨੦੦੦)
ਗੜਵਾ ਚਾਂਦੀ	੧	੩੦)
ਗਾਗਰ ਚਾਂਦੀ	੨	੩੫੫)
ਜੋਤ ਚਾਂਦੀ ਦੀ	੧	੩੫)
ਮਸਾਲ ਚਾਂਦੀ ਦੀ	੧	੩੪)
ਜੋਤਾਂ ਸੁਨੈਹਰੀ	੨	੧੭੨੫)
ਚੌਰ ਦੀ ਡੰਡੀ	੧	੧੫)
ਮੰਜੀ ਸ਼ਾਹਿਬ	੧	੨੦੦੦)
ਆਸਾ ਚਾਂਦੀ	੧	੫੦)
ਚੋਬਾਂ ਚਾਂਦੀ ਗੰਗਾ ਜਮਨੀ	੧੮,	੬੮੯੫)
ਆਰਤੀ ਸੁਨੈਹਰੀ		੨੬੦੦)
ਸੇਹ੍ਰਾ ਜੜਾਊ		੧੭੭੦੭)
ਤਾਊਸ ਜੜਾਊ		੨੮੮੨)
ਛੱਬੇ ਮੋਤੀਆਂ ਦੇ		੫੮੪੦॥। =)
ਘੜੀ ਅੰਗਰੇਜ਼ੀ ਇਕ		੨੮੦)
ਛੱਬੇ ਸੁਨੈਹਰੀ ਜੜਾਊ	੭,	੫੦੫੫ ॥ ≡)
ਮੰਜੀ ਸਾਹਿਬ ਸੁਨੈਹਰੀ	੩,	੧੩੭੭੯ ≡)
ਛਤ੍ਰ ਵਾ ਕਮਾਨਚਾ ਸੁਨੈਹਰੀ		੧੬੭੧੮ =)
ਜ਼ਰੁਫ ਬ੍ਰੰਜੀ ਵਾ ਲੋਹਿਆ		੧੯੮੩ ॥ =)
ਸਾਇਬਾਨ ਰੇਸ਼ਮੀ ਪਸ਼ਮੀਨਾ	੩੩,	੧੧੭੬੪ ॥ =)
ਜੜਾਊ ਪਰਦੇ ਸੁਨੈਹਰੀ	੩,	੧੭੯੬॥=)
ਚੌਰ ਛੋਟਾ		੨੫)
ਚਾਦਰਾਂ ਪਸ਼ਮੀਨੇ ਦੀਆਂ	੫	੯੮)
ਮਸਨਦਾਂ	੨੭	੧੦੮੨ ।।।)
ਕਲੀਚੇ	੫	੧੦੮)
ਛੱਬੇ ਹਾਥੀ ਦੰਦ		੨੨੨੫)

ਰੁਮਾਲ		੬੯॥।)
ਜੁਰਾਬ ਜੋੜਾ ਬਨਾਤੀ		੨੫)
ਸੰਖ		੧੬)
ਸ਼ਤਰੰਜੀਆਂ		੩੫੭)
ਜੋੜੀ ਸੁਨੈਹਰੀ ਦਰਵਾਜ਼ਾ,ਵਡਾ		੫੩੫੩)
ਜੋੜੀਆਂ ਸੁਨੈਹਰੀ ਛੋਟੀਆਂ	੪	੭੫੫੫॥–)
ਜੋੜੀ ਸੁਨੈਹਰੀ		੪੯੪੧।=)
ਸਾਮਾਨ ਫਾਲਤੂ		੯੩੯੯।–)
ਕੁੱਲ ਜੋੜ		੧੨੪੭੯੫॥। ≡)

ਇਹ ਸਾਮਾਨ ਭਾਈ ਹੀਰਾ ਸਿੰਘ ਜੀ ਤੋਂ ਲੀਤਾ ਗਿਆ ਸੀ, ਅੱਜ ਕੱਲ ਦਾ ਪਤਾ ਨਹੀਂ ਕਿਥੋਂ ਤੱਕ *ਵਧ ਹੈ।

ਵੇਰਵਾ ਉਨ੍ਹਾਂ ਆਦਮੀਆਂ ਦਾ ਜੋ ਸ੍ਰੀ ਦਰਬਾਰ ਸਾਹਿਬ ਜੀ ਵਿਚੋਂ ਆਪਣਾ ਗੁਜ਼ਾਰਾ ਕਰਦੇ ਹਨ :–

੧	੨	੩	੪	੫
ਗ੍ਰੰਥੀ	ਗਿਆਨੀ	ਮੁਸੱਦੀ	ਪੁਜਾਰੀ	ਅਰਦਾਸੀਏ
੬	੭	੮	੯	੧੦
ਰਾਗੀ	ਧੂਪੀਏ	ਜੋਤੀਏ	ਰਬਾਬੀ	ਤੋਸ਼ੇਖਾਨੀਆ

*ਮੈਂ ਸੰਮਤ ੧੯੭੧ ਵਿਚ ਕਈ ਵਾਰੀ ਸਰਦਾਰ ਅਰੂੜ ਸਿੰਘ ਸਰਬਰਾਹ ਦਰਬਾਰ ਸਾਹਿਬ ਕੋਲੋਂ ਤੋਸ਼ੇ ਖਾਨੇ ਦੇ ਅਸਬਾਬ ਦੀ ਫਰਿਸਤ ਮੰਗੀ ਤੇ ਤ੍ਵਾਰੀਖ ਸ੍ਰੀ ਅਮ੍ਰਿਤਸਰ ਦੇ ਮੁਕਣ ਵੇਲੇ ਇਕ ਖਾਸ ਇਤਬਾਰੀ ਆਦਮੀ ਉਪ੍ਰੋਕਤ ਸਰਦਾਰ ਸਾਹਿਬ ਪਾਸ ਫਰਿਸਤ ਲੈਣ ਲਈ ਭੇਜਿਆ, ਜਿਨ੍ਹਾਂ ਕ੍ਰਿਪਾਲਤਾ ਸਹਿਤ ਫਰਿਸਤ ਦੇਣ ਦਾ ਇਕਰਾਰ ਕੀਤਾ, ਅਤੇ ਆਪਣੇ ਕਲਰਕਾਂ ਨੂੰ ਝਬਦੇ ਇਸ ਹੁਕਮ ਦੀ ਪਾਲਨਾ ਕਰਨ ਲਈ ਕਿਹਾ, ਜਿਸ ਉਮੈਦ ਤੇ ਕਿ ਮੇਰਾ ਆਦਮੀ ਇਕ ਹਫਤੇ ਤਕ ਓਹਨਾਂ ਦੇ ਮਗਰ ਲੱਗਾ ਰਿਹਾ, ਪਰ ਦਫਤਰ ਦੇ ਸੇਵਕਾਂ ਆਖਰ ਫਰਿਸਤ ਦੇਣੋਂ ਇਨਕਾਰ ਕਰ ਦਿੱਤਾ। ਹਾਲਾਂ ਕਿ ਫਰਿਸਤ ਦੇਣ ਵਿਚ ਉਨ੍ਹਾਂ ਦਾ ਕੋਈ ਹਰਜ ਨਹੀਂ ਸੀ ਤੇ ਹਰ ਤਰਾਂ ਕੌਮੀ ਭਲਾਈ ਨੂੰ ਮੁਖ ਰਖਿਆ ਹੋਇਆ ਸੀ। ਇਸ ਤੋਂ ਪਾਠਕ ਆਪ ਅਨੁਮਾਨ ਲਾ ਲੈਣ ਕਿ ਇਸ ਫਰਿਸਤ ਨੂੰ ਨਾ ਦੇਣ ਤੇ ਸ੍ਰੀ ਦਰਬਾਰ ਸਾਹਿਬ ਦੀ ਸਾਲਾਨਾ ਆਮਦਨੀ ਨਾ ਦੱਸਣ ਵਿਚ ਕੀ ਭੇਦ ਸੀ ?

੧੧ ਝਾੜੂ ਕਰਨੇ ਵਾਲੇ | ੧੨ ਨਗਾਰਚੀ | ੧੩ ਘੜਯਾਲੀਆ

੧੪ ੧੫

ਮੁਨਸ਼ੀ ਨੌਕਰ।

ਸੰ: ੧੮੫੪ ਈ: ਤੋਂ ਇਹ ਤਰੀਕਾ ਸ਼ੁਰੂ ਹੋਇਆ।

ਗ੍ਰੰਥੀਆਂ ਦਾ ਹਾਲ

ਸ਼ਜਰਾ ਗ੍ਰੰਥੀਆਂ

ਭਾਈ ਚੰਚਲ ਸਿੰਘ

|

ਆਤਮਾ ਸਿੰਘ

ਭਾਈ ਸ਼ਾਮ ਸਿੰਘ
|
ਭਾਈ ਜੱਸਾ ਸਿੰਘ ਅਰੋੜਾ
(ਅੱਸੂ ਸੰ: ੧੯੧੩ ਬਿ: ਨੂੰ ਚਲਾਣਾ)
|
ਭਾ: ਜਵਾਹਰ ਸਿੰਘ ਸੈਣੀ
(੭ ਮਾਘ ੧੯੪੨ ਬਿ: ਨੂੰ ਚਲਾਣਾ)
|
ਭਾ: ਹਰਨਾਮ ਸਿੰਘ ਸੈਣੀ
|
ਭਾਈ ਫ਼ਤਹ ਸਿੰਘ

ਭਾਈ ਗੋਪਾਲ ਸਿੰਘ
(੨੬ ਚੇਤ ੧੯੧੧ ਬਿ: ਨੂੰ ਚਲਾਣਾ)
|
ਭਾ: ਦੀਵਾਨ ਸਿੰਘ ਬ੍ਰਾਹਮਨ
(੫ ਪੋਹ ੧੯੨੫ ਬਿ: ਨੂੰ ਚਲਾਣਾ)
|
ਭਾ: ਹੀਰਾ ਸਿੰਘ ਬ੍ਰਾਹਮਨ
(੨੪ ਭਾਦੋਂ ੧੯੫੨ ਬਿ: ਨੂੰ ਚਲਾਣਾ)
|
ਭਾਈ ਪ੍ਰਤਾਪ ਸਿੰਘ

ਭਾਈ ਮੱਖਣ ਸਿੰਘ
(੭ਸਤੰਬਰ ੧੮੫੩ ਈ:ਨੂੰ ਚਲਾਣਾ)
|
ਭਾਈ ਘਨੱਯਾ ਸਿੰਘ
|
ਭਾਈ ਭਗਤ ਸਿੰਘ
|
ਭਾਈ ਸੁੰਦਰ ਸਿੰਘ
|
ਭਾਈ ਗੁਰਬਚਨ ਸਿੰਘ

੧੬੬੧ ਭਾਦਰੋਂ ਸੁਦੀ ਤੀਸ ਨੂੰ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤਿਆਰ ਕਰਕੇ ਬੜੀ ਧੂਮ ਧਾਮ ਨਾਲ ਸ੍ਰੀ ਹਰਿਮੰਦਰ ਜੀ ਵਿਚ ਅਸਥਾਪਨ ਕੀਤੀ, ਤੇ ਬਾਬਾ ਬੁੱਢਾ ਜੀ ਨੂੰ ਜੋ ਉਸ ਵੇਲੇ ਸਿੱਖਾਂ ਵਿਚ ਸਤਿਕਾਰ ਯੋਗ ਬਜ਼ੁਰਗ ਮੰਨੇ ਜਾਂਦੇ ਸਨ ਗ੍ਰੰਥੀ ਨੀਯਤ ਕੀਤਾ। ਇਸ ਵੇਲੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦਾ ਨਿਯਮ ਏਹ ਸੀ ਕਿ ਸ੍ਵੇਰੇ ਅੰਮ੍ਰਿਤ ਵੇਲੇ ਖਾਸੇ ਦੀ ਸ੍ਵਾਰੀ ਦ੍ਵਾਰਾ ਗੁਰੂ ਸਾਹਿਬ ਦੇ ਮਹਿਲਾਂ ਵਿਚੋਂ ਸ੍ਰੀ ਹਰਿਮੰਦਰ ਜੀ ਲੈ ਜਾਂਦੇ ਅਤੇ ਇਸੇ ਪ੍ਰਕਾਰ ਰਾਤ ਨੂੰ ਸ੍ਰੀ ਹਰਿਮੰਦਰ ਸਾਹਿਬ ਜੀ

ਤੋਂ ਗੁਰੂ ਸਾਹਿਬ ਦੇ ਮਹਿਲਾਂ ਵਿਚ ਲਜਾ ਕੇ ਬਿਸ੍ਰਾਮ ਕਰਾ ਦੇਂਦੇ। ਅਰਥਾਤ ੧੭੯੭ ਬਿਕ੍ਰਮੀ ਤੱਕ ਏਹੋ ਨਿਯਮ ਰਿਹਾ*। ਪ੍ਰੰਤੂ ੧੮੧੯ ਬਿ: ਨੂੰ ਏਹ ਪੂਜਨੀਯ ਅਸਥਾਨ ਸ੍ਰੀ ਦਰਬਾਰ ਸਾਹਿਬ ਨਾਦਰ ਸ਼ਾਹ ਤੇ ਅਹਮਦ ਸ਼ਾਹ ਅਬਦਾਲੀ ਦੇ ਔਣ ਪੁਰ ਬਹੁਤ ਕੁਛ ਵੈਰਾਨ ਕਰ ਦਿੱਤਾ ਗਿਆ, ਜੋ ਕਈ ਸਾਲ ਤਕ ਇਸੇ ਹਾਲਤ ਵਿਚ ਰਿਹਾ। ਇਸ ਤੋਂ ਪਿਛੋਂ ਜਦ ਪੰਥ ਖਾਲਸਾ ਨੇ ਇਸ ਪਾਸੇ ਧਿਆਨ ਕੀਤਾ ਤਾਂ ਬਾਵਾ ਗੁਪਾਲ ਦਾਸ ਉਦਾਸੀ ਸਾਧੂ ਨੂੰ ਚੰਗਾ ਜਾਣਕੇ ਏਥੋਂ ਦਾ ਪੁਜਾਰੀ ਤੇ ਗ੍ਰੰਥੀ ਨੀਯਤ ਕੀਤਾ। ਸ਼ੁਰੂ ਵਿਚ ਤਾਂ ਏਹ ਗ੍ਰੰਥੀ ਤਮਾਮ ਆਮਦਨੀ ਸ੍ਰੀ ਦਰਬਾਰ ਸਾਹਿਬ ਜੀ ਦੇ ਲੰਗਰ ਵਿੱਚ ਦੇਂਦਾ ਰਿਹਾ। ਪ੍ਰੰਤੂ ਪਿਛੋਂ ਇੰਨਾ ਲਾਲਚੀ ਹੋ ਗਿਆ ਕਿ ਸਾਰੀ ਆਮਦਨ ਆਪ ਹੀ ਹੜੱਪ ਕਰਨ ਲੱਗ ਪਿਆ, ਸਗੋਂ ਦਰਬਾਰ ਸਾਹਿਬ ਜੀ ਦੀ ਸੇਵਾ ਤੋਂ ਭੀ ਇੰਨੀ ਬੇਪ੍ਰਵਾਹੀ ਕਰਨ ਲੱਗਾ ਕਿ ਸਦਾ ਆਪਣੇ ਪਿੰਡ ਜੱਸੋ ਵਾਲ ਵਿਚ ਰਹਿਣ ਲੱਗ ਪਿਆ। ਸ੍ਰੀ ਦਰਬਾਰ ਸਾਹਿਬ ਦੀ ਸੇਵਾ ਲਈ ਕੁਝ ਕੁ ਬਿਹੰਗਮ ਅਤੇ ਝਾੜੂ ਫੇਰਨ ਵਾਲੇ ਚੂੜ੍ਹੇ ਛੱਡ ਛੱਡਦਾ। ਇਸ ਲਈ ਪੰਥ ਖਾਲਸਾ ਨੇ ਭਾਈ ਚੰਚਲ ਸਿੰਘ ਜੀ ਨੂੰ ਸ੍ਰੀ ਦਰਬਾਰ ਸਾਹਿਬ ਜੀ ਦਾ ਗ੍ਰੰਥੀ ਨੀਯਤ ਕੀਤਾ॥

ਭਾਈ ਚੰਚਲ ਸਿੰਘ ਜੋ ਚੰਗੇ ਵਿਦਵਾਨ ਸਨ, ਓਹ ਦਰਬਾਰ ਸਾਹਿਬ ਦੀ ਭੇਟ, ਪੂਜਾ ਤੇ ਨਜਰਾਨੇ ਦੀ ਆਮਦਨ ਤੋਂ ਗਰੀਬਾਂ ਦੀ ਮਦਦ ਕਰਦੇ ਤੇ ਭੁਖੇ ਨੰਗੇ ਨੂੰ ਰੋਟੀ ਕਪੜਾ ਦੇਂਦੇ ਸਨ। ਓਨ੍ਹਾਂ ਦੇ ਚੇਲੇ ਹੁਨ ਤਕ ਸਿਲਸਲੇ ਵਾਰ ਗ੍ਰੰਥੀ ਚਲੇ ਆਂਵਦੇ ਹਨ। ਭਾਵੇਂ ਇਹ ਤਿੰਨੇ ਗ੍ਰੰਥੀ ਵਾਰੀ ਵਾਰੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਦੇ ਸਨ, ਪਰ ਜੋ ਭੇਟਾ ਦਾ ਰੁਪਯਾ ਆਂਵਦਾ ਸੀ ਓਹ ਸਾਰਾ ਭਾਈ ਚੰਚਲ ਸਿੰਘ ਜੀ ਦੇ ਅਗੇ ਰਖ ਦੇਂਦੇ ਸਨ, ਜੋ ਅਪਨੀ ਮਰਜ਼ੀ ਅਨੁਸਾਰ ਭਾਈ ਸ਼ਾਮ ਸਿੰਘ ਤੇ ਭਾਈ ਆਤਮਾ ਸਿੰਘ ਵਿਚ ਵੰਡ ਕੇ ਗਰੀਬਾਂ ਦੇ ਲੰਗਰ ਲਈ (ਜੋ ਹਮੇਸ਼ ਜਾਰੀ ਰੈਂਹਦਾ ਸੀ) ਵਖਰਾ ਰਖ ਲੈਂਦੇ ਸੀ। ਪਿਛੋਂ ਸਰਕਾਰ ਵੇਲੇ ਜਦ ਗ੍ਰੰਥੀਆਂ ਵਿਚ ਪੂਜਾ ਆਦਿ† ਸੰਬੰਧੀ ਝਗੜੇ ਹੋਣ ਲਗੇ ਤਾਂ ਸੰ: ੧੯੧੯

---

*ਅਜ ਕਲ੍ਹ ਅਸਵਾਰਾ ਸਾਹਿਬ ਅਕਾਲ ਬੁੰਗੇ ਤੋਂ ਲਿਆਂਵਦੇ ਹਨ ਅਤੇ ਖਾਸੇ ਵਿਚੋਂ ਉਤਾਰ ਕੇ ਗ੍ਰੰਥੀ ਸਿੰਘ ਅਪਨੇ ਸਿਰ ਉਤੇ ਲਜਾਂਦਾ ਹੈ। ਅਸਵਾਰਾ ਸਾਹਿਬ ਨੂੰ ਮੰਦਰ ਦੇ ਅੰਦਰ ਲੈ ਜਾਕੇ ੪ ਘੜੀ (ਆਸਾ ਦੀ ਵਾਰ ਦਾ ਭੋਗ ਪੈਣ ਤਕ) ਬੈਠਦੇ ਹਨ। ਇਸ ਤੋਂ ਪਿਛੋਂ ਗੁਰੂ ਗ੍ਰੰਥ ਸਾਹਿਬ ਜੀ ਦਾ ਹੁਕਮ ਲੈਂਦੇ ਹਨ, ਪਿਛੋਂ ਸਾਰਾ ਦਿਨ ਤਿੰਨੇ ਗ੍ਰੰਥੀ ਅਪਨੇ ਅਪਨੇ ਨੀਯਤ ਵਕਤ ਸਿਰ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਬੈਠਦੇ ਹਨ।

†ਚੂੰਕਿ ਭਾਈ ਚੰਚਲ ਸਿੰਘ ਜੀ ਸਾਰਾ ਦਿਨ ਅਕੱਲੇ ਗੁਰੂ ਗ੍ਰੰਥ ਸਾਹਿਬ ਜੀ ਦੀ ਤਾਬਿਆ ਨਹੀਂ ਬੈਠ ਸਕਦੇ ਸਨ, ਇਸ ਲਈ ਓਹਨਾਂ ਗੁਰੂ ਪੰਥ ਦੀ ਆਗਿਆ ਨਾਲ ਭਾਈ ਆਤਮਾ ਸਿੰਘ ਪਸ਼ੌਰੀਆ ਤੇ ਭਾਈ ਗੁਪਾਲ ਸਿੰਘ ਨੂੰ ਗੁਰੂ ਗ੍ਰੰਥ ਸਾਹਿਬ ਜੀ ਦੀ ਸੇਵਾ☞

ਬਿ: ਵਿਚ ਡਿਪਟੀ ਕਮਿਸ਼ਨਰ ਸਾਹਿਬ ਦੇ ਹੁਕਮ ਨਾਲ ਸਰਦਾਰ ਸ਼ਮਸ਼ੇਰ ਸਿੰਘ ਸੰਧਾ ਵਾਲੀਏ ਤੇ ਰਾਜਾ ਤੇਜਾ ਸਿੰਘ ਨੇ ਫੈਸਲਾ ਕੀਤਾ ਕਿ "ਜੋ ਆਮਦਨੀ ਜਿਸ ਗ੍ਰੰਥੀ ਦੇ ਵੇਲੇ ਹੋਵੇ ਉਸਦਾ ਉਹ ਹੀ ਗ੍ਰੰਥੀ ਮਾਲਕ ਹੋਵੇਗਾ।" ਹੁਣ ਤਕ ਵੀ ਉਹੋ ਕਾਇਦਾ ਚਲਿਆ ਆਂਵਦਾ ਹੈ।

ਭਾਵੇਂ ਗੱਦੀਦਾਰ ਵਾਸਤੇ ਏਹ ਜਰੂਰੀ ਸੀ ਕਿ ਓਹ ਜਤੀ ਸਤੀ ਤੇ ਧਰਮਾਤਮਾ ਪੁਰਸ਼ ਹੋਵੇ ਪਰ ਭਾਈ ਮਖਣ ਸਿੰਘ ਨੇ ਅਸੂਲ ਤੋੜ ਦਿਤੇ, ਕਿਉਂਕਿ ਵਕਤ ਦੇ ਹਾਕਮ ਓਸ ਨੂੰ ਜ਼ਰਾ ਮੂੰਹ ਲਾਂਦੇ ਸਨ। ਓਹ ਏਨਾਂ ਗਿਰ ਗਿਆ ਸੀ ਕਿ ਲਿਖਨਯੋਗ ਨਹੀਂ। ਮਖਣ ਸਿੰਘ ਆਪਣੀ ਜ਼ਿੰਦਗੀ ਵਿਚ ਹੀ ਅਪਨੇ ਪੁਤਰ ਗੈਹਣਾ ਸਿੰਘ ਤੇ ਪੁਤਰੀਲੇ ਭਗਤ ਸਿੰਘ (ਜੋ ਟਬਰਦਾਰ ਸਨ) ਨੂੰ ਗੱਦੀ ਦੇ ਗਿਆ। ਇਸ ਲਈ ਇਹ ਇਕ ਮਸਾਲ ਬਣ ਗਈ ਤੇ ਜ਼ਵਾਹਰ ਸਿੰਘ ਦੀ ਥਾਂ ਉਸਦਾ ਛੋਟਾ ਭਰਾ ਹਰਨਾਮ ਸਿੰਘ ਅਤੇ ਭਾਈ ਹੀਰਾ ਸਿੰਘ ਦੀ ਜਗਾ ਭਾਈ ਪਰਤਾਪ ਸਿੰਘ ਗੱਦੀ ਨਸ਼ੀਨ ਦਰਬਾਰ ਸਾਹਿਬ ਹੋਏ।

ਪਹਿਲਾਂ ੧੬੦੦੦) ਦੀ ਜਾਇਦਾਦ ਆਤਮਾ ਸਿੰਘ ਦੇ ਨਾਮ ਸੀ ਜਿਸ ਵਿਚੋਂ ੧੭ ਆਦਮੀ ਗੁਜ਼ਾਰਾ ਲੈਂਦੇ ਸਨ। ਭਾਈ ਜੱਸਾ ਸਿੰਘ ਦੇ ਚਲਾਣੇ ਪਿਛੋਂ (ਸਿਰਫ ਉਸ ਦੀ ਜ਼ਿੰਦਗੀ ਤਕ ਉਸ ਦੇ ਨਾਮ ਹੋਣ ਦੇ ਕਾਰਨ) ਜ਼ਬਤ ਹੋਕੇ ਕੇਵਲ ੭੫੦) ਦੀ ਜਵਾਹਰ ਸਿੰਘ ਦੇ ਨਾਂ, ੫੦੦) ਦੀ ਮਖਣ ਸਿੰਘ ਦੀ ਉਲਾਦ ਦੇ ਕੋਲ ਅਤੇ ੪੦੦) ਦੀ ਜਾਇਦਾਦ ਹੀਰਾ ਸਿੰਘ ਦੇ ਪਾਸ ਬਾਕੀ ਰਹੀ।

ਸ਼ੁਰੂ ਵਿਚ ਉਪ੍ਰੋਕਤ ਗ੍ਰੰਥੀ ਆਪਣੀਆਂ ਜਗੀਰਾਂ ਅਤੇ ਪੂਜਾ ਦੀ ਆਮਦਨ ਵਿਚੋਂ ਲੋੜਵੰਦ ਗਰੀਬਾਂ ਨੂੰ ਰੋਟੀ ਕਪੜਾ ਦਿਆ ਕਰਦੇ ਸਨ। ਪਰੰਤੂ ਸ਼ੋਕ ਹੈ ਕਿ ਅੱਜ ਕੱਲ ਦੇ ਗ੍ਰੰਥੀਆਂ ਨੂੰ ਆਪਣੇ ਵਧੇ ਹੋਏ ਖਰਚਾਂ ਦੇ ਕਾਰਨ ਕਿਸੇ ਗਰੀਬ ਲਈ ਦੋ ਪੈਸੇ ਬਚਾਉਣੇ ਵੀ ਔਖੇ ਹੋਏ ਹਨ।

ਗਿਆਨੀਆਂ ਦਾ ਹਾਲ

ਸੰਮਤ ੧੬੬੧ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸ੍ਰੀ ਹਰਿ ਮੰਦਰ ਸਾਹਿਬ ਜੀ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਵਿੱਤ੍ਰ ਸਰੂਪ ਅਸਥਾਪਨ ਕਰਕੇ ਬਾਬੇ ਬੁਢੇ ਜੀ ਨੂੰ ਗ੍ਰੰਥੀ ਦੀ ਸੇਵਾ ਬਖਸ਼ੀ। ਬਹੁਤ ਚਿਰ ਤਕ ਇਹ ਸੇਵਾ ਓਹਨਾਂ ਦੇ ਖਾਨਦਾਨ ਵਿਚ ਹੀ ਰਹੀ ਤੇ ਆਮਦਨੀ ਲੰਗਰ ਵਿਚ ਖਰਚ ਹੁੰਦੀ ਰਹੀ। ਪਿਛੋਂ ਜਦ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ

☛ ਕਰਨ ਲਈ ਇਸ ਸ਼ਰਤ ਤੇ ਰਖਯਾ ਕਿ ਜੋ ਭੇਟਾ ਆਵੇ ਉਹ ਪਹਿਲਾਂ ਓਨਾਂ ਦੇ ਰੂਬਰੂ ਲਿਆਵਨ। ਪਹਿਲਾਂ ਤਾਂ ਉਹ ਏਸੇ ਤਰਾਂ ਕਰਦੇ ਰਹੇ ਪਰ ਪਿਛੋਂ ਕੁਝ ਗੜ ਬੜ ਪੈ ਗਈ, ਜਿਸ ਲਈ ਡਿਪਟੀ ਕਮਿਸ਼ਨਰ ਦੀ ਆਗਜਾ ਅਨੁਸਾਰ ਸੰ: ੧੯੧੯ ਵਿਚ ਉਪਰੋਕਤ ਸਰਦਾਰਾਂ ਨੂੰ ਇਹ ਫ਼ੈਸਲਾ ਕਰਨਾ ਪਿਆ॥

ਸਾਬੋ ਕੀ ਤਲਵੰਡੀ (ਦਮਦਮਾ ਸਾਹਿਬ) ਆਏ ਤਾਂ ਉਸ ਥਾਂ ਗੁਰੂ ਸਾਹਿਬ ਦੇ ਮੈਹਲਾਂ (ਮਾਤਾ ਸੁੰਦਰੀ ਜੀ ਤੇ ਮਾਤਾ ਸਾਹਿਬ ਦੇਵਾਂ ਜੀ) ਨੂੰ ਭਾਈ ਮਨੀ ਸਿੰਘ *ਸ਼ਹੀਦ ਦੁੱਲਟ ਜ਼ਿਮੀਦਾਰ

---

*ਭਾਈ ਸਾਹਿਬ ਦਾ ਜਨਮ ਅਸਥਾਨ ਕੈਂਬੋਵਾਲ ਸੀ ਪਰ ਨਾਦਰ ਸ਼ਾਹੀ ਗਦਰ ਦੇ ਸਮੇਂ ਕੈਂਬੋਵਾਲ ਨੂੰ ਮੁਸਲਮਾਨਾਂ ਨੇ ਲੁੱਟ ਪੁਟਕੇ ਉਜਾੜ ਦਿਤਾ ਸੀ, ਹੁਣ ਗਯਾਨੀ ਭਾਈ ਮਨੀ ਸਿੰਘ ਜੀ ਸ਼ਹੀਦ ਦਾ ਖਾਨਦਾਨ ਲੌਂਗੋਵਾਲ ਵਿਚ ਵਸਦਾ ਹੈ, ਇਸ ਖਾਨਦਾਨ ਦੀ ਇਜ਼ਤ ਸ਼ੇਰ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਵਿਚ ਬੀ ਬਹੁਤ ਸੀ, ਇਸ ਖਾਨਦਾਨ ਦਾ ਬਜ਼ੁਰਗ ਭਾਈ ਕਰਮ ਸਿੰਘ ਜੋ ਸਰਦਾਰ ਧੰਨਾ ਸਿੰਘ ਮਲਵਈ ਦਾ ਮਿੱਤ੍ਰ ਸੀ ਮਹਾਰਾਜਾ ਰਣਜੀਤ ਸਿੰਘ ਜੀ ਦੀਆਂ ਜ਼ਨਾਨੀ ਡਿਓੜੀਆਂ ਦਾ ਸਰਦਾਰ ਡਿਓੜੀ ਰਿਹਾ, ਅਤੇ ਨਵਾਬ ਕਪੂਰ ਸਿੰਘ ਦਾ ਵਡਾ ਸੇਵਾਦਾਰ ਭਾਈ ਦਰਗਾਹ ਸਿੰਘ ਤੇ ਥੱਰਾਜ ਸਿੰਘ ਰਹੇ; ਜਿਨ੍ਹਾਂ ਦੀਆਂ ਸੇਵਾਂ ਦੇ ਬਦਲੇ ਨਵਾਬ ਸਾਹਿਬ ਵੱਲੋਂ ਜਗੀਰ ਵਜੋਂ ਪਿੰਡ ਲਡਿਆਲੀ ਏਹਨਾਂ ਨੂੰ ਮਿਲਿਆ ਹੋਇਆ ਸੀ, ਪ੍ਰੰਤੂ ਜਿਸ ਵੇਲੇ ਰਾਜਾ ਭੂਪ ਸਿੰਘ ਰੋਪੜ ਵਾਲਾ ਜੋ ਸਰਦਾਰ ਪ੍ਰੇਮ ਸਿੰਘ ਦਾ ਰਿਸ਼ਤੇਦਾਰ ਸੀ ਰਾਜ ਕਾਜ ਤੋਂ ਅੱਡ ਕੀਤਾ ਗਿਆ ਅਤੇ ਸਰਕਾਰ ਅੰਗਰੇਜ਼ੀ ਦਾ ਪ੍ਰਬੰਧ ਹੋਇਆ ਤਾਂ ਏਨ੍ਹਾਂ ਦਿਨਾਂ ਵਿਚ ਪਿੰਡ ਲਡਿਆਲੀ ਛਡ ਕੇ ਸ੍ਰਦਾਰ ਪ੍ਰੇਮ ਸਿੰਘ ਆਪਣੇ ਟੱਬਰ ਸਮੇਤ ਲੌਂਗੋਵਾਲ ਜਾ ਰਿਹਾ। ਸਰਕਾਰ ਅੰਗਰੇਜ਼ੀ ਨੇ ਸੱਦ ਕੇ ਪਿੰਡ ਦੇਣਾ ਚਾਹਿਆ, ਪਰ ਓਹਨਾਂ ਜਵਾਬ ਦਿਤਾ ਕਿ ਅਸੀਂ "ਟੋਪੀ ਵਾਲੇ ਦਾ ਦਿਤਾ ਹੋਇਆ ਨਹੀਂ ਲਵਾਂਗੇ ਅਤੇ ਨਾ ਹੀ ਸਲਾਮ ਕਰਾਂਗੇ ਅਤੇ ਨਾ ਹੀ ਤਾਬਿਆਦਾਰੀ ਉਠਾਵਾਂਗੇ।" ਇਹ ਲਿਖਤ ਦੇਕੇ ਚਲਾ ਆਇਆ, ਸਰਕਾਰ ਨੇ ਮਨੌਲੀ ਵਾਲਿਆਂ ਨੂੰ ਜਿਨ੍ਹਾਂ ਵੱਲੋਂ ਜਗੀਰ ਸੀ ਦੇ ਦਿਤੀ, ਤੇ ਏਧਰ ਮਹਾਰਾਜਾ ਕਰਮ ਸਿੰਘ ਸਾਹਿਬ ਵਾਲੀਏ ਪਟਿਆਲਾ ਨੇ ਸਰਦਾਰ ਪ੍ਰੇਮ ਸਿੰਘ ਜੀ ਨੂੰ ਉਹਨਾਂ ਦੇ ਦੋ ਪੁਤਰਾਂ ਲੈਹਣਾ ਸਿੰਘ ਤੇ ਸੰਤੋਖ ਸਿੰਘ ਸਮੇਤ ਅਪਨੇ ਦਰਬਾਰੀਆਂ ਵਿਚ ਰੱਖ ਲਿਆ, ਏਥੇ ਰਿਆਸਤ ਪਟਿਆਲਾ ਵਿਚ ਬੀ ਬਖਸ਼ੀ ਰਹੀਮ ਬਖਸ਼ ਜੋ ਬੜਾ ਮੁਤੱਸਬ ਸੀ ਨੇ ਚਾਹਿਆ ਕਿ ਸਰਦਾਰ ਪ੍ਰੇਮ ਸਿੰਘ ਮੈਨੂੰ ਸਲਾਮ ਕੀਤਾ ਕਰੇ, ਪ੍ਰੰਤੂ ਓਨ੍ਹਾਂ ਨੇ ਕਦੀ ਸਲਾਮ ਨਾ ਕੀਤੀ, ਸਦਾ ਫ਼ਤੇ ਹੀ ਬੁਲਾਂਦੇ ਰਹੇ, ਜਿਸ ਦੇ ਕਾਰਨ ਓਹਨਾਂ ਨਾਲ ਇਹ ਬਖਸ਼ੀ ਏਥੋਂ ਤਕ ਜ਼ਿਦ ਰੱਖਣ ਲਗ ਪਿਆ ਕਿ ਸ਼ੇਰ ਦਾ ਸ਼ਕਾਰ ਤਾਂ ਸਰਦਾਰ ਪਰੇਮ ਸਿੰਘ ਨੇ ਕੀਤਾ ਅਤੇ ਉਸ ਦੇ ਪੁਤ੍ਰ ਸੰਤੋਖ ਸਿੰਘ ਨੇ ਇਕ ਸ਼ੇਰਨੀ ਮਾਰੀ ਪ੍ਰੰਤੂ ਬਖਸ਼ੀ ਨੇ ਇਨਾਮ ਕੜਿਆਂ ਦੀ ਜੋੜੀ ਤੇ ਦੁਸ਼ਾਲਾ ਅਪਨੇ ਭਤੀਜੇ ਬਦਰ ਦੀਨ ਤੇ ਸਦਰ ਦੀਨ ਨੂੰ ਦਵਾ ਦਿਤਾ। ਇਹ ਨੌਕਰੀ ਛੱਡਕੇ ਆਪਣੇ ਘਰ ਚਲੇ ਗਏ ਅਤੇ ਜਿਮੀਂਦਾਰੀ ਕਰਕੇ ਗੁਜ਼ਾਰਾ ਕਰਦੇ ਰਹੇ। ਆਖਰ ਜਦ ਮਹਾਰਾਜਾ ਨਰਿੰਦਰ ਸਿੰਘ ਸਾਹਿਬ ਬਹਾਦੁਰ ਸੰ: ੧੯੧੧ ਬਿ: ਨੂੰ ਬਰਨਾਲੇ ਦੇ ਮੁਕਾਮ ਤੇ ਨਸ਼ਾਨੇ ਬਾਜ਼ੀ ਕਰਾ ਰਹੇ ਸਨ ਤਾਂ ਰੱਬ ਦੀ ਕੁਦਰਤ ਨਾਲ ਕੋਈ ਵੀ ਨਸ਼ਾਨਾ ਨਾ ਲਾ☛

ਪਿੰਡ ਲੌਂਗੋ ਵਾਲ ਰਾਜ ਪਟਿਆਲਾ (ਜਿਨ੍ਹਾਂ ਨੂੰ ਗੁਰੂ ਸਾਹਿਬ ਨੇ ਮੈਹਲਾਂ ਦੀ ਸੇਵਾ ਵਿਚ ਲਾਇਆ ਹੋਇਆ ਸੀ) ਦਰਸ਼ਨ ਕਰਨ ਦੀ ਖਾਤਰ ਦਿੱਲੀਓਂ ਨਾਲ ਲਿਆਏ।

ਏਸੇ ਥਾਂ ਜਦ ਮਾਤਾ ਸਾਹਬ ਨੇ ਸਾਹਿਬਜ਼ਾਦਿਆਂ ਨੂੰ ਦੀਵਾਨ ਵਿਚ ਨਾਂ ਦੇਖਿਆ ਤਾਂ ਅੱਖਾਂ ਵਿੱਚੋਂ ਅੱਥਰੂ ਵਗ ਪਏ, ਜਿਸ ਤੇ ਗੁਰੂ ਸਾਹਿਬ ਜੀ ਨੇ ਆਪਣਾ ਹੱਥ ਦੀਵਾਨ ਵੱਲ ਕਰਕੇ ਕਿਹਾ ਕਿ "ਕੋਈ ਅਫਸੋਸ ਨਹੀਂ ਕਰਨਾ ਚਾਹੀਏ, ਅੱਜ ਅਸੀਂ ਆਂਪਣੇ ਫਰਜ਼ ਨੂੰ ਨਿਬਾਹ ਕੇ ਵਾਹਿਗੁਰੂ ਦੇ ਦਰੋਂ ਸੁਰਖਰੂ ਹੋਏ ਹਾਂ।

ਜਿਸ ਕੀ ਵਸਤ ਤਿਸ ਆਗੇ ਰਾਖੈ।
ਪ੍ਰਭ ਕੀ ਆਗਿਆ ਮਾਨੈ ਮਾਥੈ।"

ਫੇਰ ਉੱਚੀ ਆਵਾਜ਼ ਨਾਲ ਇਸ ਤਰਾਂ ਉਚਾਰਨ ਕੀਤਾ ਕਿ ਏਹ ਸਾਰੇ ਸਿੱਖ ਤੁਹਾਡ ਪੁਤਰ ਹਨ :–

'ਇਨ ਪੁਤ੍ਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ
ਚਾਰ ਗਏ ਤੋ ਕਿਆ ਹੂਆ ਜੀਵਤ ਕਈ ਹਜ਼ਾਰ

ਇਸ ਤੋਂ ਪਿਛੋਂ ਕੁਛ ਦਿਨ ਮਾਤਾ ਸਾਹਿਬ ਗੁਰੂ ਜੀ ਦੇ ਪਾਸ ਹੀ ਰਹੇ। ਪਿਛੋਂ ਦੱਖਣ ਜਾਣ ਵੇਲੇ ਭਾਈ ਮਨੀ ਸਿੰਘ ਜੀ ਨੂੰ ਹੁਕਮ ਹੋਯਾ ਕਿ ਤੁਸੀਂ ਆਪਣੀਆਂ ਮਾਤਾਂ ਨੂੰ ਦਿੱਲੀ ਵਾਪਸ ਲੈ ਜਾਓ ਤੇ ਅੱਗੇ ਨੂੰ ਓਹਨਾਂ ਦਾ ਹੁਕਮ ਮੇਰਾ ਹੁਕਮ ਸਮਝਨਾਂ। ਏਸ ਹੁਕਮ ਅਨੁਸ਼ਾਰ ਭਾਈ ਮਨੀ ਸਿੰਘ ਜੀ ਦੋਹਾਂ (ਮਾਤਾ ਸਾਹਿਬ ਦੇਵਾਂ ਤੇ ਮਾਤਾ ਸੁੰਦਰੀ ਜੀ) ਮਾਤਾਵਾਂ ਨੂੰ ਦਿੱਲੀ ਲੈ ਗਏ। ਪਰ ਜਿਸ ਵੇਲੇ ਗੁਰੂ ਸਾਹਿਬ ਅਬਚਲ ਨਗਰ ਜਾਕੇ ਠਹਰੇ ਤਾਂ ਫੇਰ ਮਾਤਾ ਸਾਹਿਬ ਦੇਵਾਂ ਜੀ ਦੇ ਦਿਲ ਵਿਚ ਗੁਰੂ ਸਾਹਿਬ ਦੇ ਦਰਸ਼ਨਾਂ ਲਈ ਬਹੁਤ ਵੈਰਾਗ ਪੈਦਾ ਹੋਇਆ, ਜਿਸ ਲਈ ਫੇਰ ਭਾਈ ਮਨੀ ਸਿੰਘ ਜੀ ਮਾਤਾ ਸਾਹਿਬ ਦੇਵਾਂ ਜੀ ਨੂੰ ਗੁਰੂ ਸਾਹਿਬ ਜੀ ਦੇ ਦਰਸ਼ਨਾਂ ਵਾਸਤੇ ਦਿੱਲੀ ਤੋਂ ਅਬਚਲ ਨਗਰ ਲੈ ਗਏ, ਅਤੇ ਮਾਤਾ ਸੁੰਦਰੀ ਜੀ ਬੀਮਾਰ

☛ ਸਕਿਆ ਤਾਂ ਸਰਦਾਰ ਦਜਾਲ ਸਿੰਘ ਮਾਨ ਸ਼ਾਹੀਏ ਦੇ ਪੁਤ੍ਰ ਸਰਦਾਰ ਬਸੰਤ ਸਿੰਘ ਨੇ ਬੇਨਤੀ ਕੀਤੀ ਕਿ "ਨਸ਼ਾਨਾ ਮਾਰਨ ਵਾਲੇ ਤਾਂ ਨੌਕਰੀ ਛਡ ਗਏ" ਮਹਾਰਾਜ ਨੇ ਪਤਾ ਕਰਕੇ ਝੱਟ ਘਰੋਂ ਪਿਤਾ ਪੁਤ੍ਰ ਦੋਵਾਂ ਨੂੰ ਬੁਲਾਕੇ ਅਪਨੀ ਹਾਜਰੀ ਵਿਚ ਲੈ ਲਿਆ ਅਤੇ ਸਰਕਾਰੀ ਤਵੇਲੇ ਵਿਚੋਂ ਘੋੜੇ ਦਿਵਾਏ ਗਏ। ਸਰਦਾਰ ਪ੍ਰੇਮ ਸਿੰਘ ਤਾਂ ਅਪਨੇ ਅੰਤ ਸਮੇਂ ਤਕ ੧੦੦ ਸਵਾਰ ਦਾ ਡੇਰੇਦਾਰ ਸਰਦਾਰ ਬਣਿਆ ਰਿਹਾ ਅਤੇ ਖਾਨਦਾਨ ਦੀ ਬੜੀ ਇਜ਼ਤ ਬਣੀ ਰਹੀ। ਹੁਨ ਵੀ ਜੋ ਇੱਜ਼ਤ ਇਸ ਖਾਨਦਾਨ ਦੀ ਮਹਾਰਾਜਾ ਭੂਪਿੰਦਰ ਸਿੰਘ ਸਾਹਿਬ ਬਹਾਦੁਰ ਵਾਲੀਏ ਪਟਿਆਲਾ ਦੇ ਦਿਲ ਵਿਚ ਹੈ ਉਹ ਰਿਪੁਦਮਨ ਪ੍ਰਕਾਸ਼ ਪੁਸਤਕ ਹਿੱਸਾ ੧ ਸਫ਼ਾ ੩੧ ਤੇ ਛਪੀ ਹੋਈ ਮਹਾਰਾਜਾ ਸਾਹਿਬ ਪਟਿਆਲਾ ਵੱਲੋਂ ਬਖਸ਼ੀ ਸਨਦ ਤੋਂ ਪ੍ਰਗਟ ਹੈ।

ਹੋਣ ਕਰਕੇ ਦਿੱਲੀ ਵਿਚ ਹੀ ਰਹੇ। ਉਨ੍ਹਾਂ ਦੀ ਸੇਵਾ ਵਿਚ ਭਾਈ ਸਾਹਿਬ ਦਾ ਭਤੀਜਾ ਭਾਈ ਅਘੜ ਸਿੰਘ (ਜੋ ਮਨੌਲੇ ਵਿਚ ਸ਼ਹੀਦ ਹੋਇਆ) ਤੇ ਸਾਹਿਬ ਦਿਆਲ ਮੁਨਸ਼ੀ ਰਹੇ। ਜਦ ਭਾਈ ਸਾਹਿਬ ਮਾਤਾ ਸਾਹਿਬ ਦੇਵਾਂ ਜੀ ਨੂੰ ਲੈਕੇ ਅਬਚਲ ਨਗਰ ਪਹੁੰਚੇ ਤਾਂ ਓਥੇ ਕਾਫ਼ੀ ਦੇਰ ਦਰਸ਼ਨਾਂ ਵਾਸਤੇ ਠਹਿਰੇ ਰਹੇ।

ਉਸ ਵੇਲੇ ਗੁਰੂ ਸਾਹਿਬ ਦੀ ਸੇਵਾ ਵਿਚ ਸਿੱਖਾਂ ਦੇ ਬੇਨਤੀ ਕਰਨ ਤੇ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਭਾਈ ਮਨੀ ਸਿੰਘ ਜੀ ਪਾਸੋਂ ਸੰਗਤਾਂ ਨੂੰ ਸੁਨਵਾਏ। ਗੁਰੂ ਸਾਹਿਬ ਜੀ ਨੇ 'ਭਾਈ' ਦੀ ਪਵਿੱਤ੍ਰ ਪਦਵੀ ਤਾਂ ਭਾਈ ਮਨੀ ਸਿੰਘ ਜੀ ਨੂੰ ਪਹਿਲਾਂ ਹੀ ਬਖਸ਼ੀ ਹੋਈ ਸੀ, ਪਰ ਉਸ ਦਿਨ ਤੋਂ ਭਾਈ ਸਾਹਿਬ ਨੂੰ ਗੁਰੂ ਸਾਹਿਬ ਜੀ ਵੱਲੋਂ 'ਗਯਾਨੀ' ਦੀ ਪਦਵੀ ਬਖਸ਼ੀ ਗਈ। ਜਿਸ ਕਰਕੇ ਸੰਪ੍ਰਦਾਈ ਅਰਥਾਂ ਦੇ ਬਾਨੀ ਭਾਈ ਮਨੀ ਸਿੰਘ ਜੀ ਨੂੰ ਪੰਥ ਵਿਚ ਮੰਨਿਆ ਜਾਂਦਾ ਹੈ। ਅਖੀਰ ਭਾਈ ਸਾਹਿਬ ਗੁਰੂ ਸਾਹਿਬ ਜੀ ਦੀ ਆਗਿਆ ਅਨੁਸਾਰ ਮਾਤਾ ਜੀ ਨੂੰ ਆਪਣੇ ਨਾਲ ਲੈਕੇ ਦਿੱਲੀ ਵਾਪਸ ਆ ਗਏ। ਓਧਰ ਪਿਛੋਂ ਗੁਰੂ ਸਾਹਿਬ ਜੀ ਜੋਤੀ ਜੋਤ ਸਮਾ ਗਏ। ਭਾਈ ਸਾਹਿਬ ਦੋਹਾਂ ਮਾਤਾਵਾਂ ਦੀ ਸੇਵਾ ਵਿਚ ਰਹੇ ਅਤੇ ਉਸ ਦਿਨ ਤੋਂ ਮਾਲਵਾ, ਮਾਝਾ, ਪੋਠੋਹਾਰ ਦੇ ਮਸੰਦਾਂ ਤੋਂ ਦਸਵੰਧ ਲਿਜਾਕੇ ਮਾਤਾ ਸਾਹਿਬਾਂ ਦੀ ਸੇਵਾ ਵਿਚ ਭੇਟਾ ਕਰਦੇ ਰਹੇ। ਗੁਰਦੁਆਰਿਆਂ ਤੇ ਸ੍ਰੀ ਹਰਮੰਦਰ ਸਾਹਿਬ ਜੀ ਦੀ ਸੇਵਾ ਵੀ ਇਨ੍ਹਾਂ ਦੇ ਹੱਥ ਵਿਚ ਰਹੀ। ਪ੍ਰੰਤੂ ਜਦੋਂ ਏਹ ਸਹੀਦ ਹੋ ਗਏ ਤਾਂ ਬਹੁਤ ਚਿਰ ਪਿਛੋਂ *ਸੂਰਤ ਸਿੰਘ ਨਾਮੀ ਖੱਤ੍ਰੀ ਚਨਿਓਟ ਪਿੰਡ ਵਾਸੀ (ਜਿਸ ਨੂੰ ਫਾਰਸੀ ਤੇ ਗੁਰਮੁਖੀ ਦੀ ਕਾਫ਼ੀ ਲਿਆਕਤ ਸੀ) ਸੰਮਤ ੧੮੦੭ ਬਿਕ੍ਰਮੀ ਨੂੰ ਅਹਿਮਦ ਸ਼ਾਹੀ ਤੇ ਨਾਦਰ ਸ਼ਾਹੀ ਫੌਜਾਂ ਦੇ ਹਮਲਿਆਂ ਤੋਂ ਤੰਗ ਆਕੇ ਅੰਮ੍ਰਿਤਸਰ ਵਿਚ ਆ ਰਿਹਾ, ਏਥੇ ਏਹ ਸੋਹਣੇ ਢੰਗ ਨਾਲ ਕਥਾ ਸੁਨਾਣ ਦੇ ਕਾਰਨ "ਗਿਆਨੀ" ਦੇ ਨਾਮ ਨਾਲ ਪ੍ਰਸਿੱਧ ਹੋ ਗਿਆ, ਆਪ ਦੇ ਸਪੁਤ੍ਰ ਭਾਈ ਸੰਤ ਸਿੰਘ ਨਾਮੀ ਨੇ ਪੰਡਤ ਨਿਹਾਲ ਸਿੰਘ ਜੀ (ਜੋ ਬੜੇ ਵਿਦਵਾਨ ਸਨ ਤੇ ਜਿਨ੍ਹਾਂ ਨੇ ਜਪੁਜੀ ਸਾਹਿਬ ਅਤੇ ਰਮਾਇਣ ਦੇ ਸੰਸਕ੍ਰਿਤ ਵਿਚ ਬੜੇ ਸੁੰਦਰ ਟੀਕੇ ਕੀਤੇ ਸਨ) ਤੋਂ ਹਨੂਮਾਨ ਨਾਟਕ ਆਦਿ ਗ੍ਰੰਥ ਪੜ੍ਹਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਥਾ ਕਰਨੀ ਅਰੰਭ ਕੀਤੀ†। ਏਹਨਾਂ ਦੀ ਮਨੋਹਰ ਕਥਾ ਪੁਰ ਪ੍ਰਸੰਨ ਹੋ ਕੇ ਸ੍ਰੀ ਦਰਬਾਰ ਸਾਹਿਬ ਵਿਚ ਕਥਾ ਕਰਨ ਦੀ ਏਹਨਾਂ ਨੂੰ ਆਗਿਆ ਦਿੱਤੀ ਗਈ, ਜਿਸ ਕਰਕੇ ਭਾਈ ਸੰਤ ਸਿੰਘ ਜੀ ਹੌਲੀ ਹੌਲੀ ਬੜੇ ਪ੍ਰਸਿੱਧ ਹੋ ਗਏ, ਮਨੀ ਸਿੰਘ ਜੀ ਗਯਾਨੀ ਦੀਆਂ ਜਾਰੀ ਕੀਤੀਆਂ ਹੋਈਆਂ ਰਸਮਾਂ

---

*ਸੂਰਤ ਸਿੰਘ ਦਾ ਭਰਾ ਭਾਈ ਗੁਰਦਾਸ ਨਾਮੇ ਸ੍ਰੀ ਦਰਬਾਰ ਸਾਹਿਬ ਦੀ ਸੇਵਾ ਕਰਿਆ ਕਰਦਾ ਸੀ।

†ਕਥਾ ਕਰਨ ਦਾ ਸਮਾਂ ਚਾਰ ਘੜੀ ਦੁਪੈਹਰ ਤੋਂ ਪਿਛੋਂ ਹੁੰਦਾ ਸੀ।

ਜੋ ਕਮਜ਼ੋਰ ਜਾਂ ਗੁੰਮ ਹੋ ਚੁਕੀਆਂ ਸਨ, ਏਹਨਾਂ ਮੁੜ ਸੁਰਜੀਤ ਕਰ ਦਿਤੀਆਂ, ਜੋ ਹੁਣ ਤੱਕ ਸ੍ਰੀ ਦਰਬਾਰ ਸਾਹਿਬ ਵਿਚ ਪ੍ਰਚਲਤ ਹਨ। ਭਾਈ ਸੰਤ ਸਿੰਘ ਜੀ ਗਯਾਨੀ ਦੀ ਵਡਿਆਈ ਦੀ ਖਬਰ ਸਿੱਖ ਸਰਦਾਰਾਂ ਤੇ ਮਹਾਰਾਜਾ ਰਣਜੀਤ ਸਿੰਘ ਜੀ ਤਕ ਪਹੁੰਚ ਗਈ, ਜਿਸ ਤੋਂ ਹੌਲੀ ਹੌਲੀ ਏਹ ਸ੍ਰੀ ਦਰਬਾਰ ਸਾਹਿਬ ਜੀ ਦੇ ਸੇਵਾਦਾਰਾਂ ਦੇ ਆਗੂ ਬਣ ਗਏ, ਅਤੇ ਸ੍ਰੀ ਦਰਬਾਰ ਸਾਹਿਬ ਜੀ ਦੀ ਇਮਾਰਤ ਦਾ ਸਾਰਾ ਕੰਮ ਏਹਨਾਂ ਦੀ ਰਾਹੀਂ ਹੋਣ ਲੱਗ ਪਿਆ।

੧੮੮੮ ਬਿ: ਵਿਚ ਭਾਈ ਸੰਤ ਸਿੰਘ ਜੀ ਦੇ ਚਲਾਣਾ ਕਰ ਜਾਣ ਕਰਕੇ ਓਹਨਾਂ ਦੇ ਵੱਡੇ ਪੁਤ੍ਰ ਭਾਈ ਗੁਰਮੁਖ ਸਿੰਘ ਜੀ ਨੇ ਆਪਣੇ ਪਿਤਾ ਜੀ ਦੀ 'ਗਯਾਨੀ' ਪਦਵੀ ਪ੍ਰਾਪਤ ਕੀਤੀ, ਜੋ ਮਹਾਰਾਜਾ ਸ਼ੇਰ ਸਿੰਘ ਜੀ ਦੇ ਸਮੇਂ ਇਕ ਉੱਚ ਦਰਜੇ ਦਾ ਅਹਿਲਕਾਰ ਬਣਿਆਂ। ਉਸ ਦੀ ਜਗੀਰ ਕਰੀਬਨ ਇਕ ਲੱਖ ਰੁਪਯਾ ਸੀ ਤੇ ਸ੍ਰੀ ਦਰਬਾਰ ਸਾਹਿਬ ਦੀ ਇਮਾਰਤ ਦਾ ਕੰਮ ਬੀ ਉਸੇ ਦੇ ਹੱਥ ਵਿਚ ਰਿਹਾ।

੧੮੯੮ ਬਿਕ੍ਰਮੀ ਵਿਚ ਭਾਈ ਗੁਰਮੁਖ ਸਿੰਘ ਜੀ ਦੇ ਚਲਾਣੇ ਪਿਛੋਂ ਆਪ ਦਾ ਵਡਾ ਪੁਤ੍ਰ ਭਾਈ ਪ੍ਰਦੁਮਨ ਸਿੰਘ ਆਪਣੇ ਪਿਤਾ ਦੀ ਥਾਂ 'ਗਯਾਨੀ' ਨੀਯਤ ਹੋਇਆ। ਏਹ ਭਾਈ ਸਾਹਿਬ ਜਿਸ ਤਰਾਂ ਸ਼ਤਰੰਜ ਚੌਪੜ, ਲਾਲ ਤੇ ਬੁਲਬੁਲ ਆਦਿ ਦੇ ਖਿਲਾਰੀ ਸਨ ਉਸੇ ਤਰਾਂ ਕਥਾ ਕਰਨ ਵਿਚ ਬੀ ਬੜੇ ਪ੍ਰਸਿੱਧ ਸਨ, ਆਪ ਦੀ ਕਥਾ ਨੂੰ ਸੁਣਕੇ ਬਹੁਤ ਲੋਕ ਗੁਰੂ ਘਰ ਦੇ ਸ੍ਰਧਾਲੂ ਬਣ ਜਾਂਦੇ ਸਨ। ੨੨ ਨਵੰਬਰ ੧੮੭੭ ਈ: ਮੁਤਾਬਕ ੧੯੩੪ ਬਿ: ਨੂੰ ਆਪ ਦੇ ਚਲਾਣੇ ਪਿਛੋਂ ਆਪ ਦੇ ਸਪੁਤ੍ਰ *ਭਾਈ ਗੁਰਬਖਸ਼ ਸਿੰਘ ਜੀ ਆਪ ਦੀ ਥਾਂ ਸ੍ਰੀ ਦਰਬਾਰ ਸਾਹਿਬ ਜੀ ਦੀ ਇਮਾਰਤ ਆਦਿ ਦੀ ਸੇਵਾ ਕਰੌਣ ਪੁਰ ਨੀਯਤ ਹੋਏ। ਸਰਕਾਰ ਅੰਗਰੇਜ਼ੀ ਵਲੋਂ ਜੇਹੜੀ ਜਗੀਰ ਸ੍ਰੀ ਦਰਬਾਰ ਸਾਹਿਬ ਜੀ ਦੀ ਮੁਰੰਮਤ ਆਦਿ ਲਈ ਮੁਕੱਰਰ ਹੈ ਓਹ ਸਭ ਇਨ੍ਹਾਂ ਦੇ ਹੱਥ ਹੈ। ਜਿਸ ਵਿਚੋਂ ਹੇਠ ਲਿਖੇ ਤਿੰਨ ਆਦਮੀਆਂ ਨੂੰ ਮਾਹਵਾਰੀ ਤਨਖਾਹ ਮਿਲਦੀ ਹੈ :–

ਭਾਈ ਗੁਰਬਖਸ਼ ਸਿੰਘ ੩੦) ਮੀਆਂ ਅਲਾ ਯਾਰ ਖਾਂ ਮਿਸਤ੍ਰੀ ੨੫) ਕਲਰਕ ੧੫)

ਮੁਤਸੱਦੀਆਂ, ਪੁਜਾਰੀਆਂ, ਪੱਤੀਦਾਰਾਂ ਅਰਦਾਸੀਆਂ ਤੇ ਧੂਪੀਆਂ ਆਦਿ ਦਾ ਹਾਲ !

ਪਹਿਲਾਂ ਗੁਰੂ ਅਰਜਨ ਦੇਵ ਜੀ ਦੇ ਸਮੇਂ ਤੋਂ (੧੬੬੩ ਬਿਕ੍ਰਮੀ ਤੋਂ ਮਾਤਾ ਸੁੰਦ੍ਰੀ ਜੀ ਦੇ

---

*ਇਸ ਖਾਨਦਾਨ ਦੇ ਬਿਨਾ ਕੋਈ ਆਦਮੀ ਸ੍ਰੀ ਦਰਬਾਰ ਸਾਹਿਬ ਵਿਚ ਕਥਾ ਨਹੀਂ ਕਰ ਸਕਦਾ ਸੀ ਪਰ ਭਾਈ ਗੁਰਬਖਸ਼ ਸਿੰਘ ਨੇ ਇਕ ਦਿਨ ਵੀ ਕਥਾ ਨਹੀਂ ਕੀਤੀ, ਜਿਸ ਵਾਸਤੇ ਸਤਸੰਗ ਦਾ ਰੰਗ ਕੁਰੰਗ ਹੋ ਗਿਆ।

ਸਮੇਂ ਸੰ: ੧੯੦੬ ਤੱਕ) ਏਹ ਨਿਯਮ ਰਿਹਾ ਕਿ ਜਿੰਨੀ ਨਜ਼ਰ ਭੇਟ ਸਾਲਾਨਾ ਸ੍ਰੀ ਹਰ ਮੰਦਰ ਜੀ ਵਿਚ ਆਉਂਦੀ ਰਹਿੰਦੀ; ਓਹ ਸਾਰੀ ਗੱਦੀ ਨਸ਼ੀਨ ਗੁਰੂ ਸਾਹਿਬਾਨ ਦੀ ਸੇਵਾ ਵਿਚ ਸੇਵਾਦਾਰਾਂ (ਮਸੰਦਾਂ) ਦੀ ਰਾਹੀਂ ਪਹੁੰਚਦੀ ਰਹਿੰਦੀ। ਪ੍ਰੰਤੂ ੧੭੭੮ ਨੂੰ ਸਿੱਖਾਂ ਤੇ ਬੰਦਈ ਸਿੱਖਾਂ ਵਿਚ ਪੂਜਾ ਦੇ ਕਾਰਨ ਝਗੜਾ ਹੋ ਪੈਣ ਤੋਂ ਉਪ੍ਰੋਕਤ ਪ੍ਰਬੰਧ ਵਿਗੜ ਗਿਆ, ਜਿਸ ਪਰ ਮਾਤਾ ਜੀ ਦੇ ਹੁਕਮ ਅਨਸਾਰ ਭਾਈ ਮਨੀ ਸਿੰਘ ਜੀ ਸਾਰੇ ਝਗੜੇ ਨਬੇੜਨ ਲਈ ਦਿੱਲੀ ਤੋਂ ਸ੍ਰੀ ਦਰਬਾਰ ਸਾਹਿਬ ਜੀ ਭੇਜੇ ਗਏ। ਇਨ੍ਹਾਂ ਨੇ ਬੰਦਈ ਅਤੇ ਤੱਤ ਖਾਲਸੇ ਵਿਚ ਇਤਫਾਕ ਕਰਾਕੇ ਬੜਾ ਉੱਤਮ ਪ੍ਰਬੰਧ ਰਖਿਆ ਅਤੇ ਹਰ ਇਕ ਕੰਮ ਨੂੰ ਬੜੇ ਸੁੰਦਰ ਢੰਗ ਨਾਲ ਸਿਰੇ ਚੜ੍ਹਾਇਆ। ਇਸ ਤੋਂ ਬਿਨਾਂ ਆਪ ਨੇ ਜਪੁਜੀ ਸਾਹਿਬ ਅਤੇ ਆਸਾ ਦੀ ਵਾਰ ਦਾ ਟੀਕਾ ਤਿਆਰ ਕੀਤਾ, ਅਤੇ ਇਕ ਪੁਸਤਕ "ਸਾਖੀਆਂ" ਨਾਮੇ ਗੁਰੂ ਘਰ ਦੀਆਂ ਪੁਰਾਤਨ ਰਸਮਾਂ ਦੀ ਉੱਨਤੀ ਵਾਸਤੇ ਰਚੀ।

੧੭੯੫ ਬਿਕ੍ਰਮੀ ਨੂੰ ਭਾਈ ਮਨੀ ਸਿੰਘ ਜੀ ਦੇ ਸ਼ਹੀਦ ਹੋਣ ਤੋਂ ਪਿਛੋਂ ਹੇਠ ਲਿਖੇ ਛੀ ਆਦਮੀ ਮੋਢੀ ਸੇਵਾਦਾਰ ਬਣੇ ਰਹੇ। ਜੋ ਆਪ ਦੀ ਮੌਜੂਦਗੀ ਵਿਚ ਵੀ ਆਪ ਦੇ ਮਾਤੈਹਤ ਮੁਤਸੱਦੀ ਪੁਜਾਰੀ ਆਦਿ ਅਹੁਦਿਆਂ ਪੁਰ ਨੀਯਤ ਸਨ। ਰਾਗੀਆਂ ਰਬਾਬੀਆਂ, ਅਤੇ ਹੋਰ ਸੇਵਾਦਾਰਾਂ ਆਦਿ ਨੂੰ ਤਨਖਾਹਾਂ ਦੇ ਕੇ ਸ੍ਰੀ ਦਰਬਾਰ ਸਾਹਿਬ ਜੀ ਦੀ ਚੜ੍ਹਤ ਵਿਚੋਂ ਜੋ ਕੁਛ ਬਚਦਾ ਓਹ ਹੇਠ ਲਿਖੇ ਛੀ ਹਿੱਸਿਆਂ ਵਿਚ ਹੁਣ ਤੱਕ ਹੇਠ ਲਿਖੇ ਛੀ ਆਦਮੀਆਂ ਦੀ ਸੰਤਾਨ ਨੂੰ ਮਿਲਦਾ ਹੈ :—

ਪਹਿਲੀ ਪੱਤੀ—ਮਾਨ ਸਿੰਘ, ਜਿਸ ਦੀ ਉਲਾਦ ਵਿਚੋਂ ਹੁਣ ਹਰਦਿਤ ਸਿੰਘ, ਧਰਮ ਸਿੰਘ ਆਦਿ ਹਨ।

ਦੂਜੀ ਪੱਤੀ—ਨਿਹਾਲ ਸਿੰਘ ਦੀ ਔਲਾਦ ਅਤਰ ਸਿੰਘ ਵਕੀਲ ਅਰ ਗੁਰਦਿਤ ਸਿੰਘ ਆਦਿ ਆਹਲੂਵਾਲੀਏ ਹਨ।

ਤੀਜੀ ਪੱਤੀ—ਖੁਸ਼ਹਾਲ ਸਿੰਘ ਦੀ ਔਲਾਦ ਕੁਲਦੀਪ ਸਿੰਘ, ਪ੍ਰਿਤਪਾਲ ਸਿੰਘ, ਨੱਥਾਸਿੰਘ ਅਤੇ ਮੱਖਨ ਸਿੰਘ ਆਦਿ ਹਨ।

ਚੌਥੀ ਪੱਤੀ—ਭਾਗ ਸਿੰਘ, ਚੇਤ ਸਿੰਘ ਜਿਸ ਦੀ ਉਲਾਦ ਵਿਚੋਂ ਸੇਵਾ ਸਿੰਘ ਜਵਾਹਰ ਸਿੰਘ ਅਰ ਨਿਹਾਲ ਸਿੰਘ ਹਨ ਇਨ੍ਹਾਂ ਨੂੰ ਡੇਉਢੀ ਪੱਤੀ ਮਿਲਦੀ ਹੈ।

ਪੰਜਵੀਂ ਪੱਤੀ—ਹਰੀ ਸਿੰਘ ਅਰਦਾਸੀਆ ਜਿਸ ਦੇ ਹਿੱਸੇ ਦੇ ਹੱਕਦਾਰ ਗੰਗਾ ਸਿੰਘ ਜ਼ਿਮੀਦਾਰ ਰੰਧਾਵਾ ਅਰ ਗੰਡਾ ਸਿੰਘ ਆਦਿ ਦੁੱਲਟ ਜਿਮੀਦਾਰ ਰਹੇ ਹਨ।

ਛੀਵੀਂ ਪੱਤੀ—ਦਿਆਲ ਸਿੰਘ ਧੂਪੀਆ ਜਿਸ ਦੀ ਸੰਤਾਨ ਵਿਚੋਂ ਭਾਈ ਹਰਸਾ ਸਿੰਘ ਤੇ ਠਾਕਰ ਸਿੰਘ ਆਦਿ ਹਨ, ਇਨ੍ਹਾਂ ਨੂੰ ਅੱਧੀ ਪੱਤੀ ਮਿਲਦੀ ਹੈ।

ਇਨ੍ਹਾਂ ਉਪ੍ਰੋਕਤ ਸੱਜਨਾਂ ਨੂੰ ਤਨਖਾਹਾਂ ਦੇਣ ਤੋਂ ਪਿਛੋਂ ਬਾਕੀ ਬਚਿਆ ਰੁਪਯਾ ਲੰਗਰ ਅਤੇ ਗਰੀਬਾਂ ਨੂੰ ਕੱਪੜੇ ਆਦਿ ਦੇਣ ਲਈ ਰੱਖਯਾ ਜਾਂਦਾ ਹੈ। ਭਾਈ ਮਨੀ ਸਿੰਘ ਜੀ ਦੇ ਪਿਛੋਂ ਵੀ ਬਹੁਤ ਚਿਰ ਤੱਕ ਸਿੱਖ ਸ੍ਰਦਾਰਾਂ ਨੇ ਇਹੋ ਤਰੀਕਾ ਜਾਰੀ ਰਖਿਆ, ਪਰ ਜਦੋਂ ਪੰਥ ਨੇ ਅਪਣਾ ਧਿਆਨ ਇੰਤਜ਼ਾਮ ਵਲੋਂ ਜ਼ਰਾ ਹਟਾ ਲਿਆ ਤਾਂ ਪੁਜਾਰੀ ਪੱਤੀਦਾਰ ਆਪਨੇ ਆਪ ਹੀ ਮਾਲਕ ਬਣ ਬੈਠੇ ਅਤੇ ਗ੍ਰੀਬਾਂ ਅਨਾਥਾਂ ਨੂੰ ਰੋਟੀ ਕੱਪੜਾ ਦੇਣ ਦੀ ਥਾਂ ਆਪਣੇ ਬਾਲ ਬੱਚਿਆਂ ਅਤੇ ਮੁਕੱਦਮਿਆਂ ਤੇ ਖਰਚ ਕਰਨ ਲੱਗ ਪਏ, ਅਰ ਵਾਹਿਗੁਰੂ ਜੀ ਦੇ ਨਾਮ ਤੇ ਇਕ ਪਾਈ ਤਕ ਵੀ ਧਰਮ ਅਰਥ ਨਹੀਂ ਦੇਂਦੇ ਸਨ।

ਅੰਦਾਜ਼ਨ ਆਮਦਨੀ ਪੂਜਾ ਸ੍ਰੀ ਦ੍ਰਬਾਰ ਸਾਹਿਬ ਜੀ ਦੀ ਡਿਪਟੀ ਕਮਿਸ਼ਨਰ ਕੂਪਰ ਸਾਹਿਬ ਦੇ ਵੇਲੇ ੧੨ ਦਸੰਬਰ ੧੮੫੯ ਈਸਵੀ ਮੁਤਾਬਿਕ ੨ ਭਾਦਰੋਂ ਸੰਮਤ ੧੯੧੬ ਬਿਕ੍ਰਮੀ ਦੇ ਦਿਨਾਂ ਵਿਚ ਸੋਲਾਂ ਹਜਾਰ ਸੀ, ਅੱਜ ਕੱਲ ੨੫੦੦੦ ਯਾ ੩੦੦੦੦ ਹਜਾਰ ਹੈ—

ਇਨ੍ਹਾਂ ਪੁਜਾਰੀਆਂ ਵਿਚ ਹਰਿ ਵੇਲੇ ਲੜਾਈ ਝਗੜਾ ਰਹਿਣ ਦੇ ਕਾਰਨ ਸ੍ਰਕਾਰ ਅੰਗਰੇਜ਼ੀ ਦੇ ਹੁਕਮ ਅਨੁਸਾਰ ੨੯ ਭਾਦਰੋਂ ਸੰਮਤ ੧੯੧੬ ਵਿਚ ਇਨ੍ਹਾਂ ਸ੍ਰਦਾਰਾਂ ਦੇ ਦਸਤਖਤ ਕਰਵਾਕੇ ਰਾਜਾ ਤੇਜਾ ਸਿੰਘ ਅਤੇ ਸ਼ਮਸ਼ੇਰ ਸਿੰਘ ਸੰਧਾ ਵਾਲੀਏ ਸ੍ਰ: ਦਿਆਲ ਸਿੰਘ ਮਜੀਠੀਆ ਭਾ: ਪ੍ਰਦੁਮਨ ਸਿੰਘ ਗਜਾਨੀ, ਸ੍ਰ: ਜੈਮਲ ਸਿੰਘ ਘਵਿੰਡ ਵਾਲਾ, ਸ੍ਰ: ਮਤਾਬ ਸਿੰਘ ਲੰਡੀ, ਰਾਏ ਮੂਲ ਸਿੰਘ, ਸ੍ਰ: ਮੰਗਲ ਸਿੰਘ ਰਾਮਗੜ੍ਹੀਆ, ਲਾਲ ਸਿੰਘ ਤਲਵੰਡੀ ਵਾਲਾ, ਸ੍ਰ: ਹਰਦਿਤ ਸਿੰਘ ਪਢਾਣੀਆਂ, ਤੇ ਸ੍ਰ: ਜੋਧ ਸਿੰਘ ਰਾਏ ਵਾਲੀਆ, ਬਾਬਾ ਸੁੰਦਰ ਸਿੰਘ ਆਦਿ ਇਕ ਕਿਤਾਬ "ਦਸਤੂਰ ਅਮਲ" ਨਾਮੇ ਸ੍ਰੀ ਦਰਬਾਰ ਸਾਹਿਬ ਜੀ ਦੇ ਕਾਨੂਨਾਂ ਦੀ ਬਨਾਈ ਜਿਸ ਵਿਚ ਸੇਵਾਦਾਰਾਂ ਦੇ ਦਰਜੇ ਕਾਇਮ ਕੀਤੇ।

ਦਰਜਾ ਪਹਲਾ	ਦਰਜਾ ਤੀਜਾ
ਗ੍ਰੰਥੀ	ਰਾਗੀ ਰਬਾਬੀ
ਦਰਜਾ ਦੂਜਾ	**ਦਰਜਾ ਚੌਥਾ**
ਪੁਜਾਰੀ	ਘੜਿਆਲੀਆ, ਚਰਾਗ਼ੀਆ ਅਰਦਾਸੀਆ ਆਦਿ

ਮਲਕੀਯਤ ਵਾਲੇ ਖਾਨੇ ਵਿੱਚ "ਗੁਰੂ ਰਾਮ ਦਾਸ ਜੀ ਦੀ ਸੰਗਤ" ਲਿਖ ਕਰ ਇਹ ਫੈਸਲਾ ਅਗੋਂ ਵਾਸਤੇ ਕਰ ਦਿਤਾ।

(੧) ਆਮਦਨੀ ਚੜ੍ਹਤ ਸ੍ਰੀ ਦਰਬਾਰ ਸਾਹਿਬ ਵਿਚੋਂ ਰਾਗੀਆਂ ਰਬਾਬੀਆਂ ਅਰ ਧਰਮ ਅਰਥ ਗਰੀਬਾਂ ਅਨਾਥਾਂ ਨੂੰ ਦੇਕਰ ਜੋ ਕੁਛ ਬਚੇ ਉਹ ਇਨਾਂ ਪੱਤੀ ਦਾਰਾਂ ਨੂੰ ਬਸ਼ਰਤੇ ਕਿ ਏਹ ਨੇਕ ਚਲਨ ਰਹਿਣ, ੨੭) ਰੁਪਏ ਰੋਜ ਹਿਸਾਬ ਨਾਲ ਦਿਤੇ ਜਾਇਆ ਕਰਨ ਜੋ ੪॥) ਇਕ

ਪਤੀ ਦੇ ਹੋਂਦੇ ਹਨ, ਜੇੜ੍ਹਾ ਰੁਪਯਾ ਏਹ ਵੰਡ ਹੋ ਜਾਣ ਤੋਂ ਪਿਛੋਂ ਬਚੇ ਉਹ ਖਜ਼ਾਨੇ ਸ੍ਰੀ ਦਰਬਾਰ ਜੀ ਵਿਚ ਜਮਾਂ ਹੋਇਆ ਕਰੇ।

(੨) ਕਿਸੀ ਪੱਤੀਦਾਰ ਜਾਂ ਨਾਵੇਂ ਦਾਰ ਨੂੰ ਆਪਣੀ ਪੱਤੀ ਜਾਂ ਨਾਵਾਂ ਵੇਚਨ ਜਾਂ ਗਹਿਣੇ ਪਾਉਣ ਦਾ ਹੱਕ ਨਹੀਂ ਹੋਵੇਗਾ, ਜੇ ਪੱਤੀਦਾਰ ਦੇ ਘਰ ਉਲਾਦ ਨਾ ਹੋਵੇ ਤਾਂ ਮੁਤਬੰਨਾ ਯਾ ਚੇਲਾ ਪੱਤੀ ਨਾਵੇਂ ਦਾ ਮਾਲਕ ਹੋਵੇਗਾ।

(੩) ਚੇਲੇ ਯਾ ਮੁਤਬੰਨੇ ਦੇ ਨਾਮ ਬੈ ਨਾਮਾ ਮਨਜ਼ੂਰ ਕਰਾਏ ਬਿਨਾਂ ਜੇੜ੍ਹਾ ਪੱਤੀਦਾਰ ਮਰ ਜਾਵੇਗਾ ਓਸ ਦੇ ਪਿਛੋਂ ਉਸ ਹਿੱਸੇ ਦਾ ਮਾਲਕ ਦਰਬਾਰ ਸਾਹਿਬ ਹੋਵੇਗਾ ਅਤੇ ਹਿੱਸਾ ਖਜ਼ਾਨੇ ਵਿਚ ਜਮਾਂ ਹੋਵੇਗਾ।

ਰਾਗੀਆਂ ਰਬਾਬੀਆ

ਪਹਿਲੇ ਪਹਲ ਗੁਰੂ ਨਾਨਕ ਦੇਵ ਜੀ ਦੇ ਪਾਸ ਸ਼ਬਦ ਅਲਾਪ ਕਰਨ ਦੇ ਵਾਸਤੇ ਭਾਈ ਮਰਦਾਨਾਂ ਤੇ ਉਸ ਦੀ ਅੰਸ ਹੀ ਰਹਿੰਦੀ ਸੀ, ਗੁਰੂ ਅੰਗਦ ਦੇਵ ਜੀ ਤੋਂ ਗੁਰੂ ਅਰਜਨ ਦੇਵ ਜੀ ਤੱਕ ਸੱਤਾ ਬਲਵੰਡ ਆਦਿ ਰਬਾਬੀ ਸ਼ਬਦ ਕੀਰਤਨ ਕਰਦੇ ਰਹੇ ਅਰ ਗੁਰੂ ਘਰ ਤੋਂ ਇੱਜ਼ਤ ਅਰ ਮਰਤਬਾ ਪ੍ਰਾਪਤ ਕਰਕੇ ਲਾਭ ਉਠਾਉਂਦੇ ਰਹੇ।

ਇਕ ਦਿਨ ਉਪ੍ਰੋਕਤ ਰਬਾਬੀਆਂ ਨੇ ਪ੍ਰਿਥੀ ਚੰਦ ਆਦਿ (ਗੁਰੂ ਘਰ ਨਾਲ ਈਰਖਾ ਤੇ ਵਰੋਧ ਰਖਣ ਵਾਲਿਆਂ) ਦੇ ਭੜਕਾਉਣ ਨਾਲ ਗੁਰੂ ਅਰਜਨ ਦੇਵ ਜੀ ਪਾਸੋਂ ਸੰਗਤਾਂ ਵਲੋਂ ਆਈ ਪੂਜਾ ਭੇਟ ਦਾ ਅੱਧਾ ਹਿੱਸਾ ਵੰਡਾਉਣ ਦਾ ਆਪਣੇ ਆਪ ਨੂੰ ਹੱਕਦਾਰ ਜਤਾਇਆ। ਇਸ ਪਰ ਗੁਰੂ ਸਾਹਿਬ ਜੀ ਨੇ ਉਨ੍ਹਾਂ ਦੀ ਲੋੜ ਅਨੁਸਾਰ ਬਹੁਤ ਸਾਰੀ ਮਾਯਾ ਉਨ੍ਹਾਂ ਨੂੰ ਬਖਸ਼ੀ ਅਤੇ ਦੱਸਿਆ ਕਿ ਹਿੱਸਾ ਆਦਿ ਮੰਗਣਾ ਤੁਹਾਡੀ ਭੁੱਲ ਹੈ। ਇਸ ਤੇ ਸਭ ਰਬਾਬੀ ਏੱਕਾ ਕਰਕੇ ਸ਼ਬਦ ਕੀਰਤਨ ਕਰਨੋਂ ਹਟ ਗਏ, ਅਤੇ ਥਾਂ ਥਾਂ ਸ੍ਰੀ ਗੁਰੂ ਅਰਜਨ ਦੇਵ ਜੀ ਤੇ ਪਹਲੇ ਸਤਿਗੁਰਾਂ ਜੀ ਦੀ ਸ਼ਾਨ ਵਿਚ ਮੰਦੇ ਬੋਲ ਬੋਲਕੇ ਆਪਣੀ ਅਕ੍ਰਿਤਘਣਤਾ ਦਾ ਸਬੂਤ ਦੇਣ ਲੱਗੇ।

ਗੁਰੂ ਅਰਜਨ ਦੇਵ ਜੀ ਨੇ ਇਨ੍ਹਾਂ ਦੀ ਏਹ ਭੈੜੀ ਕਰਤੂਤ ਦੇਖਕੇ ਹੁਕਮ ਦਿਤਾ ਕਿ "ਅੱਜ ਤੋਂ ਕੋਈ ਗੁਰੂ ਕਾ ਸਿੱਖ ਇਨ੍ਹਾਂ ਡੂਮਾਂ ਨਾਲ ਸੰਬੰਧ ਨਾ ਰੱਖੇ, ਅਤੇ ਨਾ ਇਨ੍ਹਾਂ ਨੂੰ ਕਿਸੇ ਪ੍ਰਕਾਰ ਦੀ ਕੋਈ ਸਹਾਇਤਾ ਦੇਵੇ, ਅਤੇ ਨਾ ਇਨ੍ਹਾਂ ਪਾਸੋਂ ਕੋਈ ਰਾਗ ਸੁਣੇ, ਬਲਕਿ ਸਾਡੇ ਪਾਸ ਇਨ੍ਹਾਂ ਦਾ ਕੋਈ ਨਾਮ ਤੱਕ ਨਾ ਲਵੇ ਤੇ ਨਾ ਇਨ੍ਹਾਂ ਬਾਬਤ ਸਫਾਰਸ਼ ਕਰੇ। ਜੇ ਕੋਈ ਆਦਮੀ ਇਸ ਹੁਕਮ ਦੇ ਵਿਰੁੱਧ ਕਰੇਗਾ ਤਾਂ ਉਸ ਦਾ ਮੂੰਹ ਕਾਲਾ ਕਰ, ਖੋਤੇ ਤੇ ਸਵਾਰ ਕਰਾ, ਜੁੱਤੀਆਂ ਦਾ ਹਾਰ ਗਲ ਵਿਚ ਪਾ, ਪਿੱਛੇ ਪਿੱਛੇ ਮੁੰਡਿਆਂ ਪਾਸੋਂ ਤੌੜੀਆਂ ਅਤੇ ਢੋਲ

ਵਜਵਾ, ਸ਼ੈਹਰ ਵਿੱਚ ਫਿਰਾਇਆ ਜਾਏਗਾ, ਕਿਉਂਕਿ ਇਨਾਂ ਪਾਪੀ ਰਬਾਬੀਆਂ ਨੇ ਸਾਡੇ ਬਜ਼ੁਰਗ ਸਤਿਗੁਰਾਂ ਦੀ ਬਹੁਤ ਬੇਅਦਬੀ ਕੀਤੀ ਹੈ।

ਗੁਰੂ ਜੀ ਨੇ ਏਹ ਹੁਕਮ ਦੇ ਕੇ ਰਬਾਬੀਆਂ ਨੂੰ ਦੂਰ ਕੀਤਾ, ਅਤੇ ਆਪਣੇ ਦਰਬਾਰ ਵਿੱਚ ਸ਼ਬਦ ਕੀਰਤਨ ਵਾਸਤੇ ੧੬੫੮ ਬਿਕ੍ਰਮੀ ਵਿੱਚ ਭਾਈ ਹਰੀ ਰਾਮ, ਗੁਰ ਸਰਨ ਤੇ ਸਾਹਬ ਰਾਮ ਆਦਿ ਸਿੱਖਾਂ ਨੂੰ ਰਾਗ ਕਰਨ ਦੀ ਆਗਿਆ ਕੀਤੀ, ਇਸ ਪਰ ਵੀ ਉਨ੍ਹਾਂ ਹੰਕਾਰੀ ਰਬਾਬੀਆਂ ਨੇ ਅਖਵਾ ਭੇਜਿਆ ਕਿ "ਕੀ ਹੋਇਆ ਜੇ ਸਿੱਖਾਂ ਪਾਸੋਂ ਸ਼ਬਦ ਕੀਰਤਨ ਕਰਵਾ ਲਿਆ, ਇਨ੍ਹਾਂ ਨੂੰ ਤਾਂ ਰਾਗ ਵਿੱਦਿਆ ਦੀ ਕੋਈ ਸੂਝ ਹੀ ਨਹੀਂ। ਭਲਾ ਜੇ ਉਨ੍ਹਾਂ ਨੇ ਕੁਛ ਰਾਗ ਕਰ ਹੀ ਲਿਆ ਤਾਂ ਕੇਹੜੀ ਮਾਣ ਦੀ ਗੱਲ ਹੈ, ਜਦ ਕਿ ਸਾਰੇ ਸਾਜ, ਰਬਾਬ, ਸਰੰਗੀ, ਕਛੂਆ ਤੇ ਮਰਦੰਗ ਆਦਿ ਸਾਡੇ ਬਜ਼ੁਰਗਾਂ ਦੇ ਹੀ ਬਨਾਏ ਹੋਏ ਹਨ ? ਏਹ ਸੁਣਕੇ ਗੁਰੂ ਸਾਹਿਬ ਜੀ ਨੇ ਉਨ੍ਹਾਂ ਦਾ ਹੰਕਾਰ ਤੋੜਨ ਹਿਤ ਪਿਛਲੇ ਸਾਰੇ ਸਾਜ ਉਡਵਾ ਦਿੱਤੇ ਅਤੇ ਸਰੰਗੀ ਦੀ ਥਾਂ "ਸਰੰਦਾ" ਅਤੇ ਮਰਦੰਗ ਦੀ ਥਾਂ "ਜੋੜੀ" ਤਿਆਰ ਕਰ ਸਿੱਖਾਂ ਪਾਸੋਂ ਰਾਗ ਕਰਾਉਣਾ ਅਰੰਭ ਕੀਤਾ, ਜਿਨ੍ਹਾਂ ਨੇ ਗੁਰੂ ਸਾਹਿਬ ਜੀ ਦੀ ਕ੍ਰਿਪਾ ਦ੍ਰਿਸ਼ਟੀ ਦ੍ਵਾਰਾ ਬਹੁਤ ਥੋੜੇ ਚਿਰ ਵਿੱਚ ਪੂਰੀ ਪੂਰੀ ਰਾਗ ਵਿੱਦਯਾ ਪ੍ਰਾਪਤ ਕਰ ਲਈ।

ਜਦ ਰਬਾਬੀਆਂ ਤੋਂ ਬਿਨਾਂ ਵੀ ਰਾਗ ਉੱਨਤੀ ਹੋਣ ਲੱਗੀ ਤੇ ਰਬਾਬੀਆਂ ਦਾ ਟੱਬਰ ਸਤਿਗੁਰੂ ਸਾਹਿਬਾਨ ਦੀ ਬੇ ਅਦਬੀ ਕਰਨ ਦੇ ਕਾਰਨ ਕੋੜ੍ਹ ਨਾਲ ਰੋਗੀ ਹੋ ਗਿਆ ਤੇ ਭੁੱਖੇ ਮਰਨ ਲੱਗੇ ਤਾਂ ਹਰ ਇਕ ਸਿੱਖ ਪਾਸੋਂ ਖਿਮਾਂ ਦੇ ਯਾਚਕ ਹੋਏ, ਤੇ ਆਪਣੀ ਕੀਤੀ ਭੁੱਲ ਪਰ ਪਸਚਾਤਾਪ ਕਰਨ ਲੱਗੇ। ਪਰ ਗੁਰੂ ਸਾਹਿਬ ਜੀ ਵਲੋਂ ਹੋਏ ਹੁਕਮ ਤੋਂ ਡਰਦਾ ਕੋਈ ਸਿੱਖ ਇਨ੍ਹਾਂ ਦੀ ਸਫਾਰਸ਼ ਗੁਰੂ ਸਾਹਿਬ ਪਾਸ ਨਹੀਂ ਕਰਦਾ ਸੀ। ਭਾਈ ਲੱਧਾ ਜੀ ਨੇ ਜੋ ਗੁਰੂ ਸਾਹਿਬ ਜੀ ਦੇ ਬੜੇ ਪ੍ਰੇਮੀ ਅਤੇ ਸ਼ਰਧਾ ਵਾਨ ਸਿੱਖ ਸਨ ਇਨ੍ਹਾਂ ਦੋਸ਼ੀ ਡੂਮਾਂ ਉੱਤੇ ਤਰਸ ਖਾਕੇ ਉਨ੍ਹਾਂ ਦੀ ਬਲਾ ਤੇ ਸਤਿਗੁਰੂ ਜੀ ਦੇ ਹੁਕਮ ਅਦੂਲੀ ਦੀ ਨਾਰਾਜ਼ਗੀ ਆਪਣੇ ਸਿਰ ਲੈਕੇ ਇਨ੍ਹਾਂ ਨੂੰ ਖਿਮਾਂ ਦਿਵਾਣ ਲਈ ਸਤਿਗੁਰੂ ਜੀ ਦੇ ਹੁਕਮ ਅਨੁਸਾਰ ਆਪਣਾ ਮੂੰਹ ਕਾਲਾ ਕਰ, ਖੋਤੇ ਤੇ ਸਵਾਰ ਹੋ ਸਾਰੇ ਸ਼ਹਿਰ ਵਿੱਚ ਫਿਰਕੇ ਸਤਿਗੁਰੂ ਜੀ ਦੇ ਹਜ਼ੂਰ ਹਾਜ਼ਰ ਹੋ ਕੇ ਇਨਾਂ ਰਬਾਬੀਆਂ ਦੀ ਭੁੱਲ ਬਖਸ਼ਣ ਲਈ ਸਤਿਗੁਰੂ ਜੀ ਦੀ ਸੇਵਾ ਵਿੱਚ ਬੇਨਤੀ ਕੀਤੀ। ਭਾਈ ਲੱਧਾ ਜੀ ਦੇ ਇਸ ਪਰ ਉਪਕਾਰ ਵਾਲੇ ਭਾਵ ਨੂੰ ਦੇਖਕੇ ਸਤਿਗੁਰੂ ਜੀ ਭਾਈ ਲੱਧਾ ਪਰ ਬਹੁਤ ਪ੍ਰਸੰਨ ਹੋਏ ਤੇ ਫ਼ਰਮਾਇਆ ਕਿ "ਧੰਨ ਭਾਈ ਲੱਧਾ ਪਰਉਪਕਾਰੀ ! ਧੰਨ ਭਾਈ ਲੱਧਾ ਪਰਉਪਕਾਰੀ" ਅਤੇ ਸਾਰੇ ਦੋਸ਼ੀ ਰਬਾਬੀਆਂ ਨੂੰ ਏਹ ਹੁਕਮ ਦੇਕੇ ਕਿ ਤੁਸੀਂ ਜਿਸ ਤਰ੍ਹਾਂ ਸਾਡੇ ਬਜ਼ੁਰਗ ਸਤਿਗੁਰੂ ਸਾਹਿਬਾਨ ਦੀ ਨਿੰਦਾ ਕੀਤੀ ਹੈ, ਉਸੇ ਤਰਾਂ ਸਤਿਗੁਰੂ ਜੀ ਦੀ ਉਸਤਤ ਕਰਕੇ

ਆਪਣਾ ਘੋਰ ਪਾਪ ਧੋਵੇ, ਤਾਂ ਉਨ੍ਹਾਂ ਰਬਾਬੀਆਂ ਸੱਤੇ ਬਲਵੰਡ ਨਾਮੀ ਨੇ ਸਤਿਗੁਰੂ ਸਾਹਿਬਾਨ ਦੀ ਉਸਤਤ ਵਿੱਚ ਰਾਗ ਰਾਮ ਕਲੀ ਵਿੱਚ ਲਿਖੀ 'ਵਾਰ' ਗਾਇਨ ਕੀਤੀ ਤਾਂ ਸਤਿਗੁਰੂ ਜੀ ਨੇ ਉਨਾਂ ਨੂੰ ਖਿਮਾਂ ਬਖਸ਼ਕੇ ਸਿੱਖ ਸੰਗਤਾਂ ਵਿੱਚ ਸ਼ਬਦ ਕੀਰਤਨ ਕਰਨ ਦੀ ਆਗਿਆ ਦਿੱਤੀ। ਭਾਵੇਂ ਸੱਤੇ ਬਲਵੰਡ ਦੀ ਸੰਤਾਨ ਭਾਈ ਅਤਰਾ ਆਦਿ ਰਬਾਬੀ ਸ੍ਰੀ ਦਰਬਾਰ ਸਾਹਿਬ ਵਿਚ ਸ਼ਬਦ ਕੀਰਤਨ ਕਰਦੇ ਸਨ ਪਰ ਹੋਰ ਵੀ ਜਿਸ ਕਿਸੇ ਰਬਾਬੀ ਨੇ ਭਾਈ ਸੰਤ ਸਿੰਘ ਜੀ ਗਯਾਨੀ ਦੀ ਖੁਸ਼ਾਮਦ ਕੀਤੀ, ਓਸ ਨੇ ਓਸੇ ਨੂੰ ਸ੍ਰੀ ਹਰਿਮੰਦ੍ਰ ਜੀ ਵਿਚ ਸ਼ਬਦ ਚੌਂਕੀ ਕਰਨ ਦੀ ਆਗਿਆ ਦੇ ਦਿਤੀ। ਇਸ ਤਰਾਂ ਚੌਂਕੀ ਕਰਨ ਵਾਲਿਆਂ ਦੀ ਗਿਣਤੀ ਬਹੁਤ ਵਧ ਗਈ, ਜਿਸ ਦਾ ਵੇਰਵਾ ਇਸ ਪ੍ਰਕਾਰ ਹੈ :—

ਰਾਗੀਆਂ ਵਿਚੋਂ ਪਹਲੇ ਪਹਲ ਭਾਈ ਮੱਸਾ ਸਿੰਘ ਰਾਗੀ ਬਹੁਤ ਚਿਰ ਤੱਕ ਆਸਾ ਦੀ ਵਾਰ ਦੀ ਚੌਂਕੀ ਕਰਦਾ ਰਿਹਾ, ਜਿਸ ਨੇ ਸੰਤਾਨ ਨਾ ਹੋਣ ਕਰਕੇ ਆਪਣੇ ਦੋਹਤਰੇ ਭਾਈ ਮਾਨ ਸਿੰਘ ਨੂੰ ਮੁਤਬੰਨਾ ਬਣਾਕੇ ਆਪਣੀ ਥਾਂ ਕਾਇਮ ਕੀਤਾ, ਜਿਸ ਨੂੰ ਸਾਰੇ ਸਿੱਖਾਂ ਵੱਲੋਂ ਸਿਰੋਪਾ ਮਿਲਨ ਤੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਵੀ ਸਿਰੋਪਾ ਤੇ ਕੁਝ ਜਗੀਰ ਬਖ਼ਸ਼ ਦਿਤੀ। ਉਸ ਦੇ ਸ਼ਗਿਰਦ ਤੇ ਉਸ ਦੀ ਸੰਤਾਨ ਭਾਈ ਜੀਤ ਸਿੰਘ ਆਦਿ ਹੁਣ ਤਕ ਸ੍ਰੀ ਦਰਬਾਰ ਸਾਹਿਬ ਜੀ ਵਿੱਚ ਆਸਾ ਦੀ ਵਾਰ ਦੀ ਚੌਂਕੀ ਕਰਦੇ ਹਨ, ਸਾਰੇ ਰਾਗੀਆਂ ਰਬਾਬੀਆਂ ਨੂੰ ੨੮੩) ਰੁਪਏ ਮਾਹਵਾਰ ਸ੍ਰੀ ਦਰਬਾਰ ਸਾਹਿਬ ਜੀ ਦੇ ਖ਼ਜਾਨੇ ਵਿਚੋਂ ਮਿਲਦੇ ਹਨ॥

ਦਰਬਾਰ ਸਾਹਿਬ ਦੇ ਰਾਗੀਆਂ, ਰਬਾਬੀਆਂ ਦਾ ਵੇਰਵਾ

ਨੰ:	ਰਾਗ ਚੌਂਕੀ	ਰਾਗੀਆਂ ਦੇ ਨਾਂ	ਗਿਣਤੀ	ਵੇਲਾ ਤੇ ਤਬਦੀਲੀ	ਵੇਰਵਾ
੧.	ਆਸਾ ਦੀ, ਵਾਰ	ਭਾਈ ਚੇਤ ਸਿੰਘ ਹਜਾਰਾ, ਸਿੰਘ	੧੦ ਆਦਮੀ	ਡੇਢ ਪਹਿਰ ਰਾਤ ਤੋਂ ਇਕ ਘੜੀ, ਦਿਨ ਚੜ੍ਹੇ ਤਕ	੧੧ ਘੜੀਆਂ
੨.	ਬਿਲਾਵਲ,	ਮਿਸਰਾ ਸਿੰਘ* ਕਪੂਰ ਸਿੰਘ, ਮੱਖਣ ਸਿੰਘ	੪ ਆਦਮੀ,	ਚਾਰ ਘੜੀ ਦਿਨ ਚੜ੍ਹੇ ਤਕ	੪ ਘੜੀਆਂ

---

*ਏਹਨਾਂ ਦੀ ਸਿਫਤ ਮਹੰਤ ਗੱਜਾ ਸਿੰਘ ਜੀ ਦੀ ਰਾਹੀਂ ਸੁਣਕੇ ਮਹਾਰਾਜਾ ਸਾਹਿਬ ਭੂਪੇਂਦ੍ਰ ਸਿੰਘ ਬਹਾਦਰ ਪਟਿਆਲਾ ਨੇ ਏਹਨਾਂ ਪਾਸੋਂ ਸੰਗੀਤ ਸ਼ਾਸਤ੍ਰ ਬਣਾਉਣ ਲਈ ੧੨੫) ਮਹੀਨੇ ਤੇ ਕੁਛ ਚਿਰ ਲਈ ਨੌਕਰ ਰੱਖਯਾ ਸੀ।

੩.		ਪੈੜਾ ਸਿੰਘ ਕਿਸ਼ਨ ਸਿੰਘ, ਗੁਰਦਿੱਤ ਸਿੰਘ ਆਦਿ	੩ ਆਦਮੀ	ਪੈਹਰ ਦਿਨ, ਚੜ੍ਹੇ ਤਕ	੪ ਘੜੀਆਂ
੪.		ਰਤਨ ਸਿੰਘ ਕਰਮ ਸਿੰਘ ਮੰਗਲ ਸਿੰਘ	੩ ਆਦਮੀ,	੪ ਘੜੀ,	੪ ਘੜੀਆਂ
੫.		ਗੰਡਾ ਸਿੰਘ ਜਮੀਤ ਸਿੰਘ, ਮੰਗਲ ਸਿੰਘ	੩ ਆਦਮੀ,	੩ ਘੜੀ	
੬.	ਆਨੰਦ	ਮਾਨ ਸਿੰਘ ਅਮੀਰ ਸਿੰਘ,	੨ ਆਦਮੀ,	੨ ਘੜੀ	
੭.		ਭਾਈ ਮਾਲਾ, ਹੁਸੈਨਾ, ਬੋਰੀ ਆਦਿ	੬ ਆਦਮੀ	੩ ਘੜੀ	(ਰਬਾਬੀ) ੧॥) ਦਿਹਾੜੀ
੮.	ਚਰਨ ਕਵਲ	ਗੁਲਾਬ, ਮੇਹਰਾ, ਸਾਧੂ,	੪ ਆਦਮੀ,	੩ ਘੜੀ	॥) ਦਿਹਾੜੀ
੯.		ਭਾਈ ਰਾਓ, ਲਾਡਾ, ਫੇਰਾ ਈਦੂ	੫ ਆਦਮੀ,	੩ ਘੜੀ	੧) ਦਿਹਾੜੀ
੧੦.	ਕਥਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ	ਭਾਈ ਗੁਰਬਖਸ਼ ਸਿੰਘ,	੧ ਆਦਮੀ,	੨ ਘੜੀ	੧) ਦਿਹਾੜੀ
੧੧.		ਭਾਈ ਅਤਰਾ ਤੇ ਵਧਾਵਾ,	੪ ਆਦਮੀ,	੩ ਘੜੀ	।≡) ਦਿਹਾੜੀ
੧੨.		ਭਾਈ ਦਿੱਤੂ, ਜੰਮੂ, ਮੰਮੂ,	੫ ਆਦਮੀ,	੨ ਘੜੀ	।≡) ਦਿਹਾੜੀ
੧੩.		ਸਾਹਿਬ, ਅਮੀਰਾ ਭਾਈ, ਝੰਡਾ, ਮੇਹਰਾ	੪ ਆਦਮੀ,	੩ ਘੜੀ	॥) ਦਿਹਾੜੀ
੧੪:		ਭਾਈ ਬਿਸ਼ਨ ਸਿੰਘ, ਬੁਧ ਸਿੰਘ ਆਦਿ	੪ ਆਦਮੀ,	੨ ਘੜੀ	॥) ਦਿਹਾੜੀ
੧੫.		ਠੱਬੂ, ਰੱਖੂ, ਖੈਰਾ ਆਦਿ,	੬ ਆਦਮੀ,	੨ ਘੜੀ	॥) ਦਿਹਾੜੀ
੧੬.		ਮੰਗਲ ਸਿੰਘ ਰਾਮ ਸਿੰਘ.	੪ ਆਦਮੀ,	੧ ਘੜੀ	
੧੭.		ਅਸਵਾਰਾ ਸਾਹਿਬ			ਚੌਕੀ ਸਾਹਿਬ ਦੇ ਨਾਲ ਭੋਗ ਪੈਕੇ ਸੰਤੋਖਿ-ਆ ਜਾਂਦਾ ਹੈ

ਚੌਂਕੀ ਸਾਹਿਬ ਦਾ ਹਾਲ

ਭਾਵੇਂ ਇਕ ਚੌਂਕੀ ਵਿਚ ਬਹੁਤ ਸਿਖ ਤੇ ਸਾਧ ਹੁੰਦੇ ਹਨ ਪਰ ਮਹੰਤ ਜਵਾਹਰ ਸਿੰਘ ਜੀ ਆਦਿ ਤਿੰਨ ਚਾਰ ਸਜਨ ਬੜਾ ਉਤਸਾਹ ਲੈਂਦੇ ਹਨ। ਰਹਿਰਾਸ ਦੇ ਪਿਛੋਂ ਗਸ਼ਤੀ ਚੌਂਕੀ ਦਰਸ਼ਨੀ ਦਰਵਾਜ਼ੇ ਤੋਂ ਨਸ਼ਾਨ ਸਾਹਿਬ ਉਠਾਈ ਸ਼ਬਦ ਪੜਦੀ ਤੇ ਕਦਮ ਕਦਮ ਤੇ ਠੈਹਰਦੀ ਚਲਦੀ ਹੈ ਤੇ ਬੜੇ ਸੁੰਦਰ ਗੁਰਵਾਕ ਅਲਾਪਦੀ ਹੈ। ਇਹ ਸਾਰੀ ਪ੍ਰਕਰਮਾ ਦੀ ਗਸ਼ਤ ਕਰਦੀ ਹੈ। ਇਕ ਸੁਨੈਹਰੀ ਝੰਡੇ ਵਾਲਾ ਤੇ ਇਕ ਮਸਾਲਚੀ ਅਗੇ ਅਗੇ ਹੁੰਦਾ ਹੈ ਭਾਵੇਂ ਹੋਰ ਕਈ ਚੌਂਕੀਆਂ ਵੀ ਏਸੇ ਤਰਾਂ ਦਰਬਾਰ ਸਾਹਿਬ ਦੀ ਪ੍ਰਕਾਰਮਾ ਕਰਦੀਆਂ ਹਨ ਪਰ ਜਿਨੀ ਰੌਣਕ ਇਸ ਚੌਂਕੀ ਨਾਲ ਹੁੰਦੀ ਹੈ ਹੋਰ ਕਿਸੇ ਨਾਲ ਨਹੀਂ ਹੁੰਦੀ ਇਸ ਦਾ ਕਾਰਨ ਏਹ ਹੈ ਕਿ ਕਈਆਂ ਮਰਦ ਜਨਾਨੀਆਂ ਦਾ ਯਕੀਨ ਹੈ ਕਿ ਵਡੀ ਚੌਂਕੀ ਨਾਲ ਰੈਹਣ ਨਾਲ ਜਨਮ ਮਰਨ (ਆਵਾਗੌਨ) ਦੀ ਫਾਹੀ ਕੱਟੀ ਜਾਂਦੀ ਹੈ।

ਮੁਕਦੀ ਗੱਲ ਚੌਂਕੀ ਸਾਰੀ ਵਡੀ ਪ੍ਰਕਰਮਾ ਕਰਕੇ, ਅਕਾਲ ਤਖਤ ਮਥਾ ਟੇਕਕੇ ਤੇ ਛੋਟੀ ਹਰਿਮੰਦਰ ਸਾਹਿਬ ਦੀ ਪ੍ਰਕਰਮਾ ਕਰ ਸਮਾਪਤ ਹੁੰਦੀ ਹੈ।

ਅਸਵਾਰਾ ਸਾਹਿਬ ਦਾ ਹਾਲ

ਤਿੰਨਾਂ ਚੌਂਕੀਆਂ ਦੇ ਖਤਮ ਹੋਣ ਮਗਰੋਂ ਡੇਢ ਪੈਹਰ ਰਾਤ ਗੁਜ਼ਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸੁਨੈਹਰੀ ਖਾਸੇ ਵਿਚ ਅਸਵਾਰ ਕਰਾ ਸ੍ਰੀ ਹਰਿਮੰਦਰ ਸਾਹਿਬ ਜੀ ਤੋਂ ਅਕਾਲ ਤਖਤ ਲੈ ਜਾਇਆ ਜਾਂਦਾ ਹੈ। ਪਿਛੋਂ ਹਰਿਮੰਦਰ ਸਾਹਿਬ ਦੇ ਫਾਟਕ ਬੰਦ ਕੀਤੇ ਜਾਂਦੇ ਹਨ, ਚਾਰ ਇਤਬਾਰੀ ਆਦਮੀ ਛੋਟੀ ਪ੍ਰਕਰਮਾ ਵਿਚ ਸੁਖਮਨੀ ਸਾਹਿਬ ਦਾ ਪਾਠ ਕਰਦੇ ਹੋਏ ਪੈਹਰਾ ਦੇਂਦੇ ਹਨ। ਰਾਤ ਨੂੰ ਇਕ ਵਜੇ ਤੋਂ ਪਿਛੋਂ ਹਰ ਕੀ ਪੌੜੀ ਵਿਚੋਂ ਜਲ ਲਿਆ ਕੇ ਹਰ ਮੰਦਰ ਸਾਹਿਬ ਨੂੰ ਇਸ਼ਨਾਨ ਕਰਵਾਇਆ ਜਾਂਦਾ ਹੈ। ਫੇਰ ਫ਼ਰਸ਼ ਵਛਾਕੇ ਸਾਰੇ ਦਰਵਾਜ਼ੇ ਖੋਲ੍ਹ ਦਿਤੇ ਜਾਂਦੇ ਹਨ ਅਤੇ ਹਰਮੰਦਰ ਸਾਹਿਬ ਦੇ ਵਿਚਕਾਰ ਮੰਜੀ ਸਾਹਿਬ ਸਜਾਈ ਜਾਂਦੀ ਹੈ, ਜਿਸ ਨੂੰ ਹਜੂਰੀ ਟੈਹਲ ਕਿਹਾ ਜਾਂਦਾ ਹੈ। ਦਰਸ਼ਨੀ ਦਰਵਾਜ਼ੇ ਦਾ ਦਰਵਾਜ਼ਾ ਖੁਲ੍ਹਨ ਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਖਾਸੇ ਵਿਚ ਸਵਾਰ ਕਰਵਾ ਬੜੀ ਧੂਮ ਧਾਮ ਨਾਲ ਅਕਾਲ ਬੁੰਗੇ ਵਿਚੋਂ ਹਰਮੰਦਰ ਜੀ ਵਿਚ ਲਿਆਯਾ ਜਾਂਦਾ ਹੈ। ਉਸ ਵੇਲੇ ਬਹੁਤ ਸਾਰੇ ਪ੍ਰੇਮੀ ਨਾਲ ਹੁੰਦੇ ਹਨ ਜੋ ਹਰਮੰਦਰ ਸਾਹਿਬ ਵਿਚ ਯਾਂ ਉਤਲੀ ਮੰਜ਼ਲ ਵਿਚ ਆਸਾ ਦੀ ਵਾਰ ਸੁਣਨ ਬੈਠ ਜਾਂਦੇ ਹਨ, ਜੋ ਰਾਗੀ ਸਿੰਘ ਉਸ ਵੇਲੇ ਸ਼ੁਰੂ ਕਰਦੇ ਹਨ।

ਵੱਡਾ ਗ੍ਰੰਥੀ ਜੋ ਅਕਾਲ ਬੁੰਗੇ ਤੋਂ ਅਸਵਾਰਾ ਸਾਹਿਬ ਦੇ ਨਾਲ ਆਉਂਦਾ ਹੈ ਅਸਵਾਰਾ ਸਾਹਿਬ ਨੂੰ ਸਿਰ ਤੇ ਚੁਕਕੇ ਮੰਜੀ ਸਾਹਿਬ ਤੇ ਸਜਾ ਦੇਂਦਾ ਹੈ, ਓਸ ਵੇਲੇ ਅਰਦਾਸੀਆ ਖਲੋਕੇ

ਅਰਦਾਸ ਕਰਦਾ ਹੈ ਅਤੇ ਇਸ ਅਰਦਾਸ ਵਿਚ ਓਨ੍ਹਾਂ ਰਾਜੇ ਮਹਾਰਾਜਿਆਂ, ਸ੍ਰਦਾਰਾਂ ਤੇ ਪ੍ਰੇਮੀਆਂ ਦੇ ਨਾਂ ਲਏ ਜਾਂਦੇ ਹਨ ਜਿਨ੍ਹਾਂ ਵਲੋਂ ਹਰਮੰਦਰ ਸਾਹਿਬ ਵਿਚ ਹਰ ਰੋਜ਼ ਕੜਾਹ ਪ੍ਰਸ਼ਾਦ ਤੇ ਭੇਟ ਪੂਜਾ ਆਂਵਦੀ ਹੈ। ਪਿਛੋਂ ਕੜਾਹ ਪ੍ਰਸ਼ਾਦ ਭੋਗ ਲਾ ਕੇ ਵਰਤਾਇਆ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਬੜੀ ਕੋਸ਼ਸ਼ ਨਾਲ ਹਰਮੰਦਰ ਸਾਹਿਬ, ਸਰੋਵਰ ਤੇ ਸ਼ੈਹਰ ਆਬਾਦ ਕੀਤਾ, ਪਿਛੋਂ ਇਸ ਕੰਮ ਨੂੰ ਸਿਰੇ ਚਾੜ੍ਹਨ ਵਿਚ ਗੁਰੂ ਜੀ ਦੀ ਪ੍ਰਸੰਨਤਾ ਸਮਝਕੇ ਮੁਸਾਫਰਾਂ ਦੇ ਆਰਾਮ ਲਈ ਸਿਖ ਸਰਦਾਰਾਂ ਨੇ ਸਰੋਵਰ ਦੇ ਇਰਦ ਗਿਰਦ ਬੜੇ ਸੁੰਦਰ ਸੁੰਦਰ ਮਕਾਨ ਬਨਵਾਏ, ਜਿਨ੍ਹਾਂ ਦਾ ਨਾਂ ਬੁੰਗੇ ਰੱਖਿਆ ਗਿਆ। ਹੇਠ ਦਿਤੇ ਨਕਸ਼ੇ ਤੋਂ ਬੁੰਗਿਆਂ ਦੀ ਮਲਕੀਅਤ, ਲਾਗਤ ਤੇ ਉਨ੍ਹਾਂ ਦੀ ਥਾਂ ਜਿਥੇ ਜਿਥੇ ਓਹ ਹਨ, ਇਨ੍ਹਾਂ ਸਾਰੀਆਂ ਗੱਲਾਂ ਦਾ ਪਤਾ ਲੱਗੇਗਾ:—

ਵੱਡੀ ਪ੍ਰਕਰਮਾਂ ਵਿਚਲੇ ਬੁੰਗਿਆਂ ਦਾ ਵੇਰਵਾ

[ਪੱਛਮ ਦਾ ਪਾਸਾ]

ਨੰ:	ਨਾਮ ਬੁੰਗਾ	ਕਿੰਨੀਆਂ ਛੱਤਾਂ	ਬਣਨ ਦਾ ਸੰ:	ਕਿੰਨੀ ਲਾਗਤ
੧.	ਬੁੰਗਾ ਜੱਲ੍ਹਿਆਂ ਵਾਲਾ	੩ ਮੰਜ਼ਲਾ	੧੮੩੦ ਬਿ:	੧੧੦੦੦)
੨.	ਬੁੰਗਾ ਸ਼ਾਹ-ਬਾਦੀਆਂ (ਸੰਤ ਕਰਮ ਸਿੰਘ ਨਿਰ-ਮਲੇ ਨੇ ਬਨਵਾਯਾ)	੩ ਮੰਜ਼ਲਾ	੧੮੩੦ ਬਿ:	੮੦੦੦)
੩.	ਬੁੰਗਾ ਮਜੀਠੀਆਂ	੩ ਮੰਜ਼ਲਾ	੧੮੭੦ ਬਿ:	੧੧੦੦੦)
੪.	ਬੁੰਗਾ ਸਿੰਘ ਪੁਰੀਆਂ (ਸ੍ਰ: ਬੁਧ ਸਿੰਘ ਖੁਸ਼ਹਾਲ ਸਿੰਘ ਨੇ ਬਨਵਾਯਾ)	੨ ਮੰਜ਼ਲਾ	੧੮੯੦ ਬਿ:	੫੦੦੦)
੫.	ਬੁੰਗਾ ਸਿੰਘ ਪੁਰੀਆਂ ਦੂਜਾ (ਸ੍ਰ: ਅਤਰ ਸਿੰਘ ਨੇ ਬਨਵਾਯਾ)	੨ ਮੰਜ਼ਲਾ	੧੮੬੫ ਬਿ:	੪੦੦੦)

੬.	ਬੁੰਗਾ ਗੱਦੋ ਵਾਲੀਆਂ	੧ ਮੰਜ਼ਲਾ	੧੮੫੦ ਬਿ:	੪੫੦੦)
੭.	ਬੁੰਗਾ ੩ ਮੰਜ਼ਲਾ, (ਜਮਾਦਾਰ ਖੁਸ਼ਹਾਲ ਸਿੰਘ ਨੇ ਬੁਲਾਕਾ ਸਿੰਘ ਪਾਸੋਂ ਥਾਂ ਲੈ ਕੇ ਬਨਵਾਯਾ)	੩ ਮੰਜ਼ਲਾ	੧੮੭੧ ਬਿ:	੯੩੪੦)
੮.	ਬੁੰਗਾ ਘਨੱਯਾਂ ਸਰਦਾਰਾਂ	੩ ਮੰਜ਼ਲਾ	੧੮੦੯ ਬਿ:	੯੦੦੦)

ਇਹ ਬੁੰਗਾ ਪਹਿਲਾਂ ੯੦੦੦) ਲੱਗ ਕੇ ਦੋ ਮੰਜ਼ਲਾ ਬਣਿਆਂ ਸੀ ਤੇ ਪਿੱਛੋਂ ਸਰਦਾਰ ਕਰਮ ਸਿੰਘ ਨੇ ਢੁਹਾ ਕੇ ਨਵੇਂ ਸਿਰੇ ਬਨਵਾਇਆ। ਕਰਮ ਸਿੰਘ ਮਹਾਰਾਜਾ ਸ਼ੇਰ ਸਿੰਘ ਦਾ ਧਰਮ ਪੁੱਤ੍ਰ ਸੀ, ੧੫੦੦) ਖਰਚ ਕਰਕੇ ੧੯੧੨ ਵਿੱਚ ਬਨਵਾਇਆ।

੯.	ਬੁੰਗਾ ਰਾਜਾ ਧਿਆਨ ਸਿੰਘ	੩ ਮੰਜ਼ਲਾ	੧੮੮੧ ਬਿ:	੬੫੪੭)

ਇਹ ਬੁੰਗਾ ਪਹਿਲਾਂ ਅਟਾਰੀ ਵਾਲਿਆਂ ਦਾ ਸੀ, ਜਿਸਨੂੰ ਰਾਜਾ ਧਿਆਨ ਸਿੰਘ ਨੇ ਵੇਲਾ ਪਾਕੇ ਆਪਣੇ ਕਬਜ਼ੇ ਵਿੱਚ ਕਰ ਲਿਆ ਸੀ।

੧੦.	ਬੁੰਗਾ ਬਾਰਾਂਦਰੀ ਵਾਲਾ (ਨਕਈ ਸਰਦਾਰਾਂ ਦੇ ਕਬਜ਼ੇ ਵਿਚ ਰਿਹਾ)	੨ ਮੰਜ਼ਲਾ	੧੮੨੭ ਬਿ:	੪੦੦੦) ਕਈ ੬੦੩੫) ਦਸਦੇ ਹਨ
੧੧.	ਅਕਾਲ ਬੁੰਗਾ (ਇਸਦਾ ਪੂਰਾ ਬ੍ਰਿਤਾਂਤ ਵੱਖਰਾ ਲਿਖਾਂਗੇ)	੩ ਮੰਜਲਾ	੧੬੬੩ ਬਿ:	੨੭੩੪੦੦)
੧੨.	ਬੁੰਗਾ ਜੋਧ ਸਿੰਘ ਛਾਪਾ ਵਾਲਾ	੧ ਮੰਜ਼ਲਾ	੧੮੫੦ ਬਿ:	੨੫੦੦)
੧੩.	ਬੁੰਗਾ ਭਾਗ ਸਿੰਘ ਸ਼ਹੀਦ ਵਾਲਾ	ਇਹ ਦੋਵੇਂ ਬੁੰਗੇ ਦੋ ਦੋ ਮੰਜ਼ਲੇ ਹਨ ਤੇ ੧੮੨੨ ਵਿਚ ਬਣੇ, ਖਰਚ ਸੱਤ ਹਜ਼ਾਰ ਆਇਆ।		
੧੪.	ਬੁੰਗਾ ਦੇਵਾ ਸਿੰਘ ਸ਼ਹੀਦ (ਇਹ ਬਿਲਕੁਲ ਉਜੜਯਾ ਪਿਆ ਹੈ)			

੧੫.	ਬੁੰਗਾ, ਰਾਗੀ ਧਨਪਤ ਸਿੰਘ	੨ ਮੰਜ਼ਲਾ	੧੮੩੦ ਬਿ:	੭੦੦)
੧੬.	ਬੁੰਗਾ, ਜਰਨੈਲ ਮੀਹਾਂ ਸਿੰਘ	੪ ਮੰਜ਼ਲਾ	੧੮੭੧ ਬਿ:	੯੦੦੦)
੧੭.	ਬੁੰਗਾ, ਭਾ: ਗੁਰ-ਦਾਸ ਗਿਆਨੀ	੨ ਮੰਜ਼ਲਾ	੧੮੬੧ ਬਿ:	੧੨੫੦)
੧੮.	ਬੁੰਗਾ, ਅਭੈ ਸਿੰਘ ਹੁਕਮ ਨਾਮੀਆਂ	੨ ਮੰਜ਼ਲਾ	੧੮੫੮ ਬਿ:	੭੦੦)
੧੯.	ਬੁੰਗਾ, ਨਕਈ ਸਰਦਾਰਾਂ ਵਾਲਾ	੨ ਮੰਜ਼ਲਾ	੧੮੪੭ ਬਿ:	੩੦੦੦)

ਇਸ ਨਾਲ ੬੭੨) ਰੁਪਏ ਦੀ ਜਗੀਰ ਲੱਗੀ ਹੋਈ ਸੀ, ਹੁਣ ੨੦੦) ਦੀ ਜਾਗੀਰ ਹੈ।

੨੦.	ਬੁੰਗਾ, ਬਰਕੀ ਵਾਲੇ ਸ੍ਰਦਾਰਾਂ ਦਾ (ਅਨੋਖ ਸਿੰਘ ਨੇ ਬਨਵਾਯਾ)	੨ ਮੰਜਲਾ	੧੮੩੬ ਬਿ:	੫੦੦੦)
੨੧.	ਬੁੰਗਾ, ਘੜਯਾ-ਲੀਆਂ ਵਾਲਾ	੩ ਮੰਜ਼ਲਾ	੧੮੪੧ ਬਿ:	੪੯੦੦)

ਏਸ ਬੁੰਗੇ ਨਾਲ ੧੬੮੦) ਦੀ ਜਗੀਰ ਸੀ, ਤੇ ਏਥੇ ਘੜਯਾਲ ਵਜਾਇਆ ਜਾਂਦਾ ਹੈ।

੨੨.	ਝੰਡਾ ਬੁੰਗਾ	੩ ਮੰਜ਼ਲਾ	੧੮੪੦ ਬਿ:	੬੦੦੦)

ਇਸਦੇ ਅੱਗੇ ਬਾਵਾ ਪ੍ਰੀਤਮ ਦਾਸ ਜੀ ਨੇ ਇੱਕ ਲੱਕੜੀ ਦਾ ਝੰਡਾ ਖੜਾ ਕੀਤਾ ਸੀ, ਜੋ ੧੮੮੦ ਵਿੱਚ ਟੁੱਟ ਜਾਣ ਤੇ ਸਰਦਾਰ ਦੇਸਾ ਸਿੰਘ ਮਜੀਠੀਏ ਨੇ ਲੋਹੇ ਦਾ ਬਨਵਾ ਕੇ ਉੱਪਰ ਸੁਨੈਹਰੀ ਕੰਮ ਕਰਵਾ ਕੇ ਖੜਾ ਕੀਤਾ ਸੀ, ਜੋ ੧੮੯੮ ਬਿਕ੍ਰਮੀ ਵਿੱਚ ਆਪੇ ਟੁੱਟ ਜਾਣ ਕਰਕੇ ਫੇਰ ਸਰਦਾਰ ਲਹਿਣਾ ਸਿੰਘ ਮਜੀਠੀਏ ਨੇ ਮੁਰੰਮਤ ਕਰਵਾਕੇ ਖੜਾ ਕੀਤਾ ਸੀ। ਦੂਜਾ ਝੰਡਾ ਜਿਸ ਉੱਪਰ ਬਹੁਤਾ ਸੋਨਾ ਚੜ੍ਹਿਆ ਹੋਇਆ ਹੈ, ਉਸਨੂੰ ਮਹਾਰਾਜਾ ਸ਼ੇਰ ਸਿੰਘ ਜੀ ਨੇ ਗੱਦੀ ਉੱਪਰ ਬੈਠਣ ਸਮੇਂ ਬਨਵਾਇਆ ਸੀ, ੧੦੦੦) ਸਾਲਾਨਾ ਪਿੰਡ ਖਪਰਾਲਾ ਦੀ ਆਮਦਨ ਵਿੱਚੋਂ ਇਸ ਬੁੰਗੇ ਦੇ ਨਾਮ ਹੈ, ਇਹ ਚੌਥੇ ਦਰਜੇ ਦਾ ਗੁਰਦਵਾਰਾ ਹੈ, ੩੧ ਨਾਵੇਂ ਇਸ

ਬੁੰਗੇ ਦੇ ਨਾਂ ਹਨ। ਏਥੇ ਉਲਾਦ ਵਾਲੇ ਪੁਜਾਰੀ ਨੂੰ ੩ ਹਿੱਸੇ ਹਮੇਸ਼ਾਂ ਮਿਲਦੇ ਹਨ ਤੇ ਧਰਮ ਦਾ ਪੁੱਤਰ ਬਣਾਨ ਵਾਲੇ ਨੂੰ ਕੁੱਛ ਨਹੀਂ ਮਿਲਦਾ ।

੨੩.	ਬੁੰਗਾ ਚਮਾਰੀ ਵਾਲੇ ਸੁਦਾਰਾਂ ਦਾ	੨ ਮੰਜ਼ਲਾ	੧੮੪੧ ਬਿ:	੫੫੦੦)
	(ਸਰਦਾਰ ਹਰਨਾਮ ਸਿੰਘ ਨੇ ਬਨਵਾਕੇ ਗਿਆਨੀ ਸੰਤ ਸਿੰਘ ਨੂੰ ਅਰਦਾਸ ਕਰਾਇਆ)			
੨੪.	ਬੁੰਗਾ, ਖਡੂਰੀਆਂ	੨ ਮੰਜ਼ਲਾ	੧੮੪੦ ਬਿ:	੨੫੦੦)
	(ਗੁਰੂ ਅੰਗਦ ਜੀ ਦੀ ਸੰਤਾਨ ਦੇ ਪਾਸ ਹੈ)			
੨੫.	ਬੁੰਗਾ, ਸਿਆਲ ਕੋਟੀਆਂ	੨ ਮੰਜ਼ਲਾ	੧੮੫੦ ਬਿ:	੨੦੦੦)
੨੬.	ਬੁੰਗਾ, ਗੋਬਿੰਦ ਦਾਸੀਆਂ	੧ ਮੰਜ਼ਲਾ	੧੮੫੦ ਬਿ:	੨੫੦੦)
	(ਪਹਿਲੇ ਭੱਲੇ ਸਾਹਿਬਜ਼ਾਦਿਆਂ ਦੇ ਪਾਸ ਸੀ)			
੨੭.	ਬੁੰਗਾ ਚੀਚੇ ਵਾਲੇ ਸਰਦਾਰਾਂ ਦਾ	੨ ਮੰਜ਼ਲਾ	੧੮੫੬ ਬਿ:	੧੨੦੦)
੨੮.	ਬੁੰਗਾ, ਸੁੱਕਰ ਚੱਕੀਏ ਸੁਦਾਰਾਂ ਦਾ	੩ ਮੰਜ਼ਲਾ	੧੮੩੮ ਬਿ:	੫੫੦੦)

[ਉੱਤ੍ਰ ਦਾ ਪਾਸਾ]

੧.	ਘੰਟਾ ਘਰ	——	੧੯੨੪ ਬਿ:	੧੦੦੦੦੦)
	(ਏਥੇ ਪਹਿਲਾਂ ਲਾਡਵੀਏ ਸਰਦਾਰਾਂ ਦਾ ਬੁੰਗਾ ਸੀ ।)			
੨.	ਬੁੰਗਾ ਸੋਢੀ ਅਨੰਦ ਪੁਰੀਆਂ	੨ ਮੰਜ਼ਲਾ	੧੮੫੦ ਬਿ:	੧੨੦੦੦)
	(ਇਸ ਨੂੰ ਸੋਢੀ ਕੇਸਰ ਸਿੰਘ ਅਨੰਦ ਪੁਰੀਏ ਨੇ ਬਨਵਾਇਆ ਸੀ ਤੇ ਇਸ ਵੇਲੇ ਸੋਢੀ ਕਿਸ਼ਨ ਸਿੰਘ ਦੇ ਕਬਜ਼ੇ ਵਿੱਚ ਹੈ)			
੩.	ਬੁੰਗਾ ਕਾਹਨ ਸਿੰਘ ਨਿਰਮਲਾ	੩ ਮੰਜ਼ਲਾ	੧੮੮੨ ਬਿ:	੨੫੦੦)
	(ਪ੍ਰਸਿੱਧ ਟੂਟੀ ਵਾਲਾ)			
੪.	ਬੁੰਗਾ ਰਾਗੀ ਕਾਹਨ ਸਿੰਘ	੧ ਮੰਜ਼ਲਾ	੧੮੬੪ ਬਿ:	੩੦੦੦)
	(ਏਹ ਪਹਿਲਾਂ ਹੀਰਾ ਸਿੰਘ ਤੋਸ਼ੇਖਾਨੀਏਂ ਦੇ ਪਾਸ ਸੀ ਹੁਣ ਗੁਰਦਿੱਤ ਸਿੰਘ ਵੈਦਰਾਜ ਪਾਸ ਹੈ)			

੫. ਬੁੰਗਾ ਨੂਰ ਮਹੱਲੀਆਂ — ੨ ਮੰਜ਼ਲਾ — ੧੮੭੦ ਬਿ: — ੨੦੦੦)

੬. ਬੁੰਗਾ ਆਹਲੂ ਵਾਲੀਆਂ — ੩ ਮੰਜ਼ਲਾ — ੧੮੬੧ ਬਿ: — ੩੩੦੦੦)

(ਜਿਸ ਨੂੰ ਫਤੇ ਸਿੰਘ ਮਹਾਰਾਜਾ ਕਪੂਰਥਲਾ ਨੇ ਬਣਵਾਯਾ)

੭. ਬੁੰਗਾ ਮਲਵਈਆਂ — ੪ ਮੰਜ਼ਲਾ — ੧੮੩੫ ਬਿ: — ੪੫੦੦੦)

ਏਸ ਬੁੰਗੇ ਨੂੰ ਮਾਲਵੇ ਦੇ ਮਹਾਰਾਜਿਆਂ ਤੇ ਸ੍ਰਦਾਰਾਂ ਨੇ ਬਨਵਾਯਾ ਸੀ, ਇਸ ਨਾਲ ੭੦੦੦) ਦੀ ਸਾਲਾਨਾ ਜਗੀਰ ਵੀ ਹੈ)

ਇਸ ਬੁੰਗੇ ਦੇ ਪ੍ਰਬੰਧਕ ਹੁਣ ਧਰਮ ਅਰਥ ਖਰਚ ਨਹੀਂ ਕਰਦੇ । ਪ੍ਰੰਤੂ ਅਯੋਗ ਕੰਮਾਂ ਵਿਚ ਖਰਚ ਕਰਦੇ ਹਨ। ਇਸ ਬੁੰਗੇ ਦੇ ਹੁਣ ਦੇ ਪ੍ਰਬੰਧਕ ਨੇ ਸ਼ਰਾਬ ਤੇ ਬਦਚਲਨੀ ਦੇ ਕਾਰਨ ਬੁੰਗੇ ਦਾ ਬਹੁਤ ਸਾਰਾ ਹਿੱਸਾ ਸ੍ਰ: ਪ੍ਰਦੁਮਨ ਸਿੰਘ ਕੁਆਤੜਾ ਅਕਾਲਗੜ੍ਹ ਜ਼ਿਲਾ ਗੁਜਰਾਂ ਵਾਲੇ ਪਾਸ ਵੇਚ ਦਿੱਤਾ ਤੇ ਗਹਿਣੇ ਪਾ ਦਿੱਤਾ ਹੈ। ਜੇਕਰ ਏਹੋ ਦਸ਼ਾ ਕੁਛ ਦਿਨ ਰਹੀ ਤੇ ਕੁਛ ਯੋਗ ਪ੍ਰਬੰਧ ਨ ਕੀਤਾ ਗਿਆ ਤਾਂ ਮਾਲਵੇ ਵਾਲਿਆਂ ਦੇ ਨਾਮ ਨੂੰ ਕਲੰਕ ਦਾ ਟਿੱਕਾ ਲੱਗ ਜਾਵੇਗਾ । ਇਸ ਲਈ ਮਹਾਰਾਜੇ ਫੂਲ ਤੇ ਮਲਵਈ ਸ੍ਰਦਾਰਾਂ ਨੂੰ ਏਸ ਪਾਸੇ ਛੇਤੀ ਹੀ ਧਿਆਨ ਦੇਣਾ ਚਾਹੀਦਾ ਹੈ। ਤਾਂ ਕਿ ਬੁੰਗਾ ਲੋਕਾਂ ਦੀ ਨਜਰੋਂ ਨਾ ਡਿੱਗ ਜਾਵੇ ॥

੮. ਬੁੰਗਾ ਭਾਈ ਸਾਹਿਬਾਨ ਕੈਂਥਲ — ੨ ਮੰਜ਼ਲਾ — ੧੮੬੩ ਬਿ: — ੫੦੦੦)

(ਸਿੱਧੂ ਵਾਲੀਆਂ ਭਾਈ ਭਗਤੂ ਦਾ ਹੈ)

੯. ਬੁੰਗਾ ਸ੍ਰਦਾਰਾਂ ਜੱਲ੍ਹੇ ਵਾਲਿਆਂ — ੫ ਮੰਜ਼ਲਾ — ੧੮੬੮ ਬਿ: — ੩੪੦੦੦)

[ਪੂਰਬ ਪਾਸਾ]

੧. ਬੁੰਗਾ ਅਖਾੜਾ ਮਹੰਤ ਸੰਤੋਖ ਦਾਸ — ੬ ਮੰਜ਼ਲਾ — ੧੮੧੨ ਬਿ: — ੩੧੫੦੦੦)

(ਇਸ ਬੁੰਗੇ ਦਾ ਪੂਰਾ ਵੇਰਵਾ ਅਖਾੜਿਆਂ ਦੇ ਹਾਲ ਵਿੱਚ ਲਿਖਿਆ ਗਿਆ ਹੈ)

੨. ਬੁੰਗਾ ਰਾਮ ਸਿੰਘ ਗਿਆਨੀ — ੨ ਮੰਜ਼ਲਾ — ੧੮੩੫ ਬਿ: — ੧੮੦੦)

੩. ਬੁੰਗਾ ਜੱਸਾ ਸਿੰਘ ਰਾਮਗੜ੍ਹੀਆ — ੨ ਮੰਜ਼ਲਾ — ੧੮੧੨ ਬਿ: — ੨੭੫੦੦੦)

੪.	ਬੁੰਗਾ ਬੂੜੀਏ ਵਾਲੇ ਸੂਦਾਰਾਂ (ਬ੍ਰਾਹਮਨ)	੨ ਮੰਜ਼ਲਾ	੧੮੨੮ ਬਿ:	੫੨੫੦੦)
੫.	ਬੁੰਗਾ ਜੇਠੂ ਵਾਲੀਆਂ	੨ ਮੰਜ਼ਲਾ	੧੮੩੫ ਬਿ:	੨੦੦੦)
੬.	ਬੁੰਗਾ ਮਜਬੀ ਸਿੱਖਾਂ	੧ ਮੰਜ਼ਲਾ	੧੬੩੪ ਬਿ:	੫੦੦੦)
੭.	ਬੁੰਗਾ ਭਾਈ ਵਸਤੀ ਰਾਮ	੩ ਮੰਜ਼ਲਾ	੧੮੭੦ ਬਿ:	੨੫੦੦੦)

ਇਸ ਬੁੰਗੇ ਦੇ ਨਾਂ ਅਕਾਲ ਬੁੰਗੇ ਵਲੋਂ ਪੰਜ ਨਾਵੇਂ ਹੈਨ, ਇਸ ਵਿਚ ਇਕ ਸਰਦ ਖਾਨਾ ਵੀ ਹੈ। ਇਥੇ ਦੀਵਾਲੀ ਨੂੰ ਆਤਸ਼ ਬਾਜੀ ਚਲਦੀ ਹੈ।

੮.	ਬੁੰਗਾ, ਜਵਾਲਾ ਸਿੰਘ ਭੜਾਨੀਆਂ	੩ ਮੰਜ਼ਲਾ	੧੮੬੫ ਬਿ:	੧੮੦੦੦)
੯.	ਬੁੰਗਾ, ਸੰਤ ਜੋਗਾ ਸਿੰਘ ਨਿਰਮਲਾ (ਇਸ ਦੀ ਨੀਂਹ ਭਾਈ ਰਣ ਸਿੰਘ ਨੇ ਰਖੀ ਸੀ)	੩ ਮੰਜ਼ਲਾ	੧੮੦੭ ਬਿ:	੫੨੮੦੦)
੧੦.	ਬੁੰਗਾ; ਟੇਕ ਸਿੰਘ ਵਾਲਾ	੨ ਮੰਜ਼ਲਾ	੧੮੬੦ ਬਿ:	੧੮੦੦)

[ਦੱਖਣੀ ਪਾਸੇ ਦੇ ਬੁੰਗਿਆਂ ਦਾ ਵੇਰਵਾ]

੧.	ਬੁੰਗਾ ਸਰਦਾਰਾਨ ਸੋਲ੍ਹਾਂ ਵਾਲੀਏ	੨ ਮੰਜ਼ਲਾ	੧੮੪੨ ਬਿ:	੩੮੦੦)
੨.	ਬੁੰਗਾ ਬੁਧ ਸਿੰਘ ਵਾਲਾ	੧ ਮੰਜ਼ਲਾ	੧੮੪੭ ਬਿ:	੧੫੦੦)
੩.	ਬੁੰਗਾ ਸੋਹੀਆਂ ਵਾਲਾ	੨ ਮੰਜ਼ਲਾ	੧੮੬੩ ਬਿ:	੧੩੦੦)
੪.	ਸ਼ਹੀਦ ਬੁੰਗਾ	੨ ਮੰਜ਼ਲਾ	੧੮੨੧ ਬਿ:	੨੨੦੦੦)

ਇਹ ਬੁੰਗਾ ਬਾਬਾ ਦੀਪ ਸਿੰਘ ਜੀ ਸ਼ਹੀਦ ਨੇ ਬਨਵਾਇਆ, ਇਸ ਦੇ ਨਾਮ ਜਾਗੀਰ ਹੈ ਜੋ ਯਾਰਾਂ ਹਿੱਸਿਆਂ ਵਿੱਚ ਵੰਡੀਂਦੀ ਹੈ। ਇਸ ਦੇ ਸਾਮ੍ਹਣੇ ਇਕ ਝੰਡਾ ਸਾਹਿਬ ਲੱਗਾ ਹੋਇਆ ਹੈ।

੫.	ਬੁੰਗਾ ਕੇਸਗੜ੍ਹੀਆਂ	੨ ਮੰਜ਼ਲਾ	੧੮੨੨ ਬਿ:	੧੫੦੦)

੬.	ਬੁੰਗਾ ਆਨੰਦ ਪੁਰੀਆਂ	੨ ਮੰਜ਼ਲਾ	੧੯੨੪ ਬਿ:	੨੫੦੦)
੭.	ਬੁੰਗਾ ਦਸੌਂਧਾ ਸਿੰਘ ਸਿੱਧਵਾਂ	੧ ਮੰਜ਼ਲਾ	੧੯੨੪ ਬਿ:	੨੫੦੦)
੮.	ਬੁੰਗਾ ਝਬਾਲੀਆਂ	੨ ਮੰਜ਼ਲਾ	੧੯੪੫ ਬਿ:	੨੩੧੦੦)
੯.	ਬੁੰਗਾ ਕਾਲਿਆਂ ਵਾਲੇ ਸਰਦਾਰਾਂ ਦਾ	੧ ਮੰਜ਼ਲਾ	੧੯੫੨ ਬਿ:	੨੯੪੫)
੧੦.	ਬੁੰਗਾ ਤਾਰਾ ਸਿੰਘ ਗੈਬਾ	੨ ਮੰਜ਼ਲਾ	੧੯੨੨ ਬਿ:	੪੭੦੯)
੧੧.	ਬੁੰਗਾ ਤਾਰਾ ਸਿੰਘ ਕਾਹਨ ਸਿੰਘ ਮਾਨ ਇਸ ਵਿਚ ਪਹਿਲੇ ਮਹੰਤ ਮੰਨਾ ਸਿੰਘ ਸੀ । ਹੁਣ ਆਤਮਾ ਸਿੰਘ ਸਿਰਕੀ ਵਾਲੇ ਦੇ ਕਬਜ਼ੇ ਹੈ, ਏਥੇ ਸਦਾ ਪ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਰਹਿੰਦਾ ਹੈ ।	੨ ਮੰਜ਼ਲਾ	੧੯੨੨ ਬਿ:	੪੫੦੦)
੧੨.	ਬੁੰਗਾ ਭੰਗਾ ਸਿੰਘ ਥਾਨੇਸਰੀ	੨ ਮੰਜ਼ਲਾ	੧੯੧੯ ਬਿ:	੨੬੦੦)
੧੩.	ਬੁੰਗਾ ਮੱਜਾ ਸਿੰਘ ਸਾਨ੍ਹਾ ਵਾਲੀਆ (ਜੇਹੜਾ ਅੱਜ ਕੱਲ ਚਰਾਗੀਆਂ ਦੇ ਕਬਜ਼ੇ ਹੈ ।)	੨ ਮੰਜ਼ਲਾ	੧੯੧੩ ਬਿ:	੨੮੦੦)
੧੪.	ਬੁੰਗਾ ਬਘੇਲ ਸਿੰਘ (ਪ੍ਰਸਿੱਧ ਮਾਨਾਂ ਵਾਲੀਆ)	੩ ਮੰਜ਼ਲਾ	੧੯੨੧ ਬਿ: ਏਥੇ ਦੀਪਮਾਲਾ ਨੂੰ ਆਤਸ਼ਬਾਜ਼ੀ ਚਲਦੀ ਹੈ ।	੨੨੦੦)
੧੫.	ਬੁੰਗਾ ਮੀਰਾਂ ਕੋਟੀਆਂ	੧ ਮੰਜ਼ਲਾ	੧੯੪੮ ਬਿ:	੨੯੨੭)
੧੬.	ਬੁੰਗਾ ਸ਼ਾਮ ਸਿੰਘ ਅਟਾਰੀ ਵਾਲਾ	੨ ਮੰਜ਼ਲਾ	੧੯੫੫ ਬਿ:	੫੮੮੩)
੧੭.	ਬੁੰਗਾ ਜੱਸਾ ਸਿੰਘ ਨਿਰਮਲਾ	੩ ਮੰਜ਼ਲਾ	੧੯੨੧ ਬਿ:	੩੦੦੦)
੧੮.	ਬੁੰਗਾ ਲੱਖਾ ਸਿੰਘ ਨਿਰਮਲਾ	੩ ਮੰਜ਼ਲਾ	੧੯੫੧ ਬਿ:	੫੦੦੦)
੧੯.	ਬੁੰਗਾ ਚੜ੍ਹਤ ਸਿੰਘ ਰਾਗੀ	੩ ਮੰਜ਼ਲਾ	੧੯੫੦ ਬਿ:	੩੫੦੦)

੨੦.	ਬੁੰਗਾ ਜੋਧ ਸਿੰਘ ਸਉੜੀਆਂ ਵਾਲਾ	੨ ਮੰਜ਼ਲਾ	੧੮੨੧ ਬਿ:	੪੫੦੦)
੨੧.	ਬੁੰਗਾ ਜਵਾਲਾ ਸਿੰਘ ਪੜ੍ਹਾਨੀਆਂ	੨ ਮੰਜ਼ਲਾ	੧੮੬੭ ਬਿ:	੩੫੦੦)
੨੨.	ਬੁੰਗਾ ਕਬੂਲੇ ਵਾਲੀਆਂ	੧ ਮੰਜ਼ਲਾ	੧੮੩੧ ਬਿ:	੩੯੦੦)

ਏਹ ਬੁੰਗਾ ਵੱਡੇ ਪੌਣੇ ਦੇ ਕੋਲ ਹੈ।

ਨੋਟ—ਜਿਸ ਵੇਲੇ ਇਹ ਬੁੰਗੇ ਬਣੇ ਸਨ ਉਸ ਵੇਲੇ ਇੱਟਾਂ ।।=) ਦਸ ਆਨੇ ਹਜ਼ਾਰ ਮਿਲਦੀਆਂ ਸਨ।

[ਜੋੜ ਬੁੰਗਿਆਂ ਦੀ ਲਾਗਤ ਤੇ ਗਿਣਤੀ ਆਦਿ]

ਜੋੜ ਬੁੰਗਿਆਂ ੨੨

ਲਾਗਤ ੧੫੦੩੬੬੨)

ਦਰਬਾਰ ਸਾਹਿਬ ਨੂੰ ਜਾਣ ਵਾਲੇ ਰਸਤਿਆਂ ਦਾ ਵੇਰਵਾ

(੧) ਅਕਾਲ ਬੁੰਗੇ ਦੇ ਪਾਸ—ਗੁਰੂ ਤੇਗ ਬਹਾਦਰ ਜੀ ਦੇ ਥੜੇ ਪਾਸੋਂ ਉੱਤਰਦਾ ਹੈ। ਪੈਰ ਧੋਣ ਲਈ ਚੁਬੱਚਾ ਹੈ, ਸੰਖ ਮਰਮਰ ਲੱਗਾ ਹੋਇਆ ਹੈ।

(੨) ਰਸਤਾ ਝੂਠੇ ਗਹਿਣਿਆਂ ਦੇ ਬਾਜ਼ਾਰ ਵਾਲਾ—ਇਸ ਦੇ ਸਾਹਮਣੇ ਇਮਲੀ ਦਾ ਦ੍ਰਖਤ ਹੈ। ਚੁਬੱਚਾ ਏਥੇ ਵੀ ਹੈ।

(੩) ਸ਼ਾਹਬਾਦੀਆਂ ਵਾਲਾ—ਜੱਲ੍ਹਿਆਂ ਵਾਲੇ ਬੁੰਗੇ ਦੇ ਪਾਸ ਹੈ।

(੪) ਸਾਵਨ ਸਿੰਘ ਨਿਰਮਲੇ ਵਾਲਾ—ਅਟਾਰੀ ਵਾਲੇ ਬੁੰਗੇ ਵਿੱਚੋਂ ਨਿਕਲਦਾ ਹੈ।

(੫) ਸ਼ਕਰੀ ਖੂਹੀ—ਏਹ ਖੂਹ ਭਾਈ ਦੇਸ ਰਾਜ ਦੀ ਸੁਪਤਨੀ ਤੇ ਓਹਨਾਂ ਦੀ ਪੁੱਤ੍ਰੀ ਨੇ ਦਰਬਾਰ ਸਾਹਿਬ ਦਾ ਚੂਨਾ ਪੀਹ ਕੇ ਮਜ਼ਦੂਰੀ ਨਾਲ ਬਨਵਾਯਾ ਸੀ। ਇਸ ਦਾ ਪਾਣੀ ਮਿੱਠਾ ਹੋਣ ਕਰਕੇ ਇਸ ਦਾ ਨਾਮ ਸ਼ਕਰੀ ਖੂਹੀ ਪੈ ਗਿਆ।

(੬) ਗਲੀ ਸ਼ਹੀਦ ਬੁੰਗਾ—ਕੌਲਸਰ ਵੱਲੋਂ ਔਂਦੀ ਹੈ, ਏਥੇ ਵੀ ਚੁਬੱਚਾ ਹੈ।

(੭) ਨਿਰਮਲੇ ਸੰਤਾਂ ਵਾਲਾ—ਇਹ ਨਿਰਮਲੇ ਸੰਤਾਂ ਦੇ ਬੁੰਗੇ ਹੇਠੋਂ ਔਂਦਾ ਹੈ, ਏਥੇ ਵੀ ਚਬੱਚਾ ਹੈ।

(੮) ਗਲੀ ਰਾਮ ਬਾਗ—ਬੁੰਗਾ ਮਜ਼ਹਬੀਆਂ ਤੇ ਰਾਮ ਬਾਗ ਦੋ ਵਿਚਕਾਰ ਹੈ।

(੯) ਗਲੀ ਬ੍ਰਹਮ ਬੂਟਾ—ਅਖਾੜਾ ਬ੍ਰਹਮ ਬੂਟਾ ਤੇ ਰਾਮਗੜੀਆਂ ਦੇ ਵਿਚਕਾਰ ਹੈ। ਏਥੇ ਚੁਬੱਚਾ ਤੇ ਨਲਕਾ ਹੈ।

(੧੦) ਟੂਟੀ ਵਾਲਾ–ਬੁੰਗਾ ਟੂਟੀ ਵਾਲਾ, ਭਾਈ ਹੀਰਾ ਸਿੰਘ ਤੋਸ਼ੇ ਖਾਨੀਏਂ ਦੇ ਵਿਚਕਾਰ ਚਬੱਚਾ ਹੈ।

(੧੧) ਰਸਤਾ ਘੰਟਾ ਘਰ–ਬੁੰਗਾ ਸੋਢੀਆਂ, ਤੇ ਘੰਟਾ ਘਰ ਦੇ ਵਿਚਕਾਰ ਹੈ।

(੧੨) ਘੰਟਾ ਘਰ ਦੀਆਂ ਪੌੜੀਆਂ–ਬਾਬਾ ਬੁਢੇ ਜੀ ਦੀ ਬੇਰ ਦੇ ਪਾਸੋਂ।

(੧੩) ਪੌੜੀਆਂ ਬੁੰਗਾ ਸ੍ਰਕਾਰ–ਜਿਥੇ ਆਮ ਲੋਕਾਂ ਦੀ ਇਤਲਾਹ ਲਈ ਇਕ ਬੋਰਡ ਲੱਗਾ ਹੋਇਆ ਹੈ, ਇਸ ਤੋਂ ਬਗੈਰ ਹੋਰ ਕਈ ਰਸਤੇ ਵੀ ਦਰਬਾਰ ਸਾਹਿਬ ਜਾਨ ਨੂੰ ਹਨ।

(੧੪) ਗਿਆਨੀਆਂ ਤੇ ਸ੍ਰਕਾਰੀ ਬੁੰਗੇ ਦੇ ਵਿਚਕਾਰ ਇਕ ਰਸਤਾ ਹੈ।

(੧੫) ਝੰਡੇ ਬੁੰਗੇ ਤੋਂ ਉਤਰ ਕੇ ਬੁੰਗਾ ਨਕਈਆਂ ਵਲ ਵੀ ਇਕ ਰਸਤਾ ਜਾਂ ਨਿਕਲਦਾ ਹੈ।

ਸ੍ਰੀ ਦਰਬਾਰ ਸਾਹਿਬ ਜੀ ਦੀ ਪ੍ਰਕਰਮਾਂ ਵਿੱਚ ਲਗੇ ਸੰਖ ਮਰਮਰ ਦਾ ਵੇਰਵਾ:–

(੧) ਮਹਾਰਾਜਾ ਸ਼ੇਰ ਸਿੰਘ ਜੀ ਨੇ ਦਰਸ਼ਨੀ ਦਰਵਾਜ਼ੇ ਤੋਂ ਬਾਬੇ ਦੀ ਬੇਰ ਤੱਕ ੧੮੧੭ ਬਿ: ਵਿੱਚ ੧੩੦੦੦੦) ਇਕ ਲੱਖ ੩੦ ਹਜ਼ਾਰ ਦਾ ਸੰਖ ਮਰਮਰ ਲਵਾਇਆ॥

(੨) ਭਾਈ ਪਰਦੁਮਨ ਸਿੰਘ ਜਾਗੀਰਦਾਰ ਸ੍ਰੀ ਦਰਬਾਰ ਸਾਹਿਬ ਨੇ ਬਾਬੇ ਦੀ ਬੇਰ ਤੋਂ ਇਸ਼ਨਾਨ ਘਰ(ਪੌਣੇ) ਤੀਕ ਸੰ: ੧੯੧੬ ਤੋਂ ੧੯੨੦ ਤੱਕ ਪੰਦਰਾਂ ਹਜ਼ਾਰ ਦਾ ਫਰਸ਼ ਸੰਖ ਮਰਮਰ ਪੌੜੀਆਂ ਸਮੇਤ ਬਨਵਾਇਆ।

(੩) ਰਾਜਾ ਰਨਧੀਰ ਸਿੰਘ ਵਾਲੀਏ ਰਿਆਸਤ ਕਪੂਰਥਲਾ ਨੇ ਇਸ਼ਨਾਨ ਘਰ ਤੋਂ ਅੱਠ ਸੱਠ ਤੀਰਥ ਤੱਕ ੨੨੦੦੦) ਖਰਚ ਕਰਕੇ ਸੰ: ੧੯੨੩ ਤੋਂ ੧੯੨੮ ਤੱਕ ਸਿਰਫ ਪਰਕਰਮਾਂ ਬਨਵਾਈ, ਜਿੱਥੇ ਜਿੱਥੇ ਚਿੱਟੇ ਪੱਥਰ ਵਿੱਚ ਲਾਲ ਪੱਥਰ ਲੱਗਾ ਹੋਇਆ ਹੈ ਓਹ ਸਭ ਆਹਲੂਵਾਲੀਆਂ ਦਾ ਲਗਵਾਯਾ ਹੋਇਆ ਹੈ।

(੪) ਰਾਜਾ ਰਘਬੀਰ ਸਿੰਘ ਵਾਲੀਏ ਰਿਆਸਤ ਜੀਂਦ–ਗੁਰੂ ਕੇ ਬਾਗ ਦੇ ਛੋਟੇ ਰਸਤੇ ਤੋਂ ਮਜੀਠੀਆਂ ਦੇ ਬੁੰਗੇ ਤੱਕ ੧੦੦੦੦੦) ਲਾਗਤ ਆਈ ਤੇ ੧੯੩੬ ਤੋਂ ੧੯੪੪ ਤੱਕ ਤਿਆਰ ਹੋਯਾ।

(੫) ਸਰਦਾਰ ਗੁਲਾਬ ਸਿੰਘ ਭਾਗੋ ਵਾਲੀਏ–(ਸ੍ਰੀ ਦਰਬਾਰ ਸਾਹਿਬ ਦੀ ਜਾਗੀਰ ਵਿਚੋਂ) ਬੁੰਗੇ ਮਜੀਠੀਆਂ ਤੋਂ ਬੁੰਗੇ ਜਮਾਂਦਾਰ ਤੱਕ ੧੯੪੪ ਤੋਂ ੧੯੫੦ ਤੱਕ ਫਰਸ਼ ਬਨਵਾਇਆ।

(੬) ਰਾਇ ਕਲਯਾਨ ਸਿੰਘ ਜਾਗੀਰਦਾਰ (ਦਰਬਾਰ ਸਾਹਿਬ ਦੀ ਜਾਗੀਰ ਵਿਚੋਂ)

ਬੁੰਗੇ ਜਮਾਂਦਾਰ ਤੋਂ ਬੁੰਗਾ ਮੀਰਾਂ ਕੋਟੀਏ ਤੇ ਮਾਨਾਂ ਵਾਲੇ ਤੱਕ ਪੌੜੀਆਂ ਸਮੇਤ ਫਰਸ਼ ਬਨਵਾਇਆ ॥

(੭) ਦਰਬਾਰ ਸਾਹਿਬ ਦੀ ਜਗੀਰ ਵਿਚੋਂ ਅਠ ਸਠ ਤੀਰਥ ਦੀਆਂ ਪੌੜੀਆਂ ਤਿਆਰ ਹੋਈਆਂ ॥

(੮) ਤੁਲਸੀ ਰਾਮ ਭਗਤ ਰਾਮ ਸ਼ਾਹੂਕਾਰਾਂ ਨੇ ਦੁਖ ਭੰਜਨੀ ਬੇਰ ਦੀਆਂ ਪੌੜੀਆਂ ਬਨਵਾਈਆਂ।

(੯) ਗਿਆਨੀ ਗੁਰਬਖਸ਼ ਸਿੰਘ ਨੇ (ਦਰਬਾਰ ਸਾਹਿਬ ਦੀ ਜਾਗੀਰ ਵਿਚੋਂ) ਬੁੰਗਾ ਮੀਰਾਂ ਕੋਟੀਏ ਵਾਲੇ ਤੋਂ ਲੈਕੇ ਬੁੰਗਾ ਮਾਨਾਂਵਾਲਾ ਤੋਂ ਅੱਗੇ ਤੱਕ ਸਿਰਫ਼ ਤਿੰਨ ਪੌੜੀਆਂ ਸੰ: ੧੯੫੧ ਵਿਚ ਬਨਵਾਈਆਂ।

(੧੦) ਰਾਜਾ ਰਣਧੀਰ ਸਿੰਘ ਵਾਲੀਏ ਰਿਆਸਤ ਕਪੂਰਥਲਾ ਨੇ ੧੯) ਗਜ਼ ਮੁਰੱਬਾ ਦੇ ਹਿਸਾਬ ਸੰਖ ਮਰਮਰ ਲਗਵਾਇਆ ॥

(੧੧) ਰਾਜਾ ਰਘੁਬੀਰ ਸਿੰਘ ਵਾਲੀਏ ਜੀਂਦ ਨੇ ੫) ਗਜ਼ ਦੇ ਹਿਸਾਬ ਨਾਲ ਫਰਸ਼ ਬਨਵਾਇਆ ਅਤੇ ਇਸੇ ਤਰਾਂ ਰਣ ਸਿੰਘ ਮਕਰਾਨਾ ਨੇ ਲਵਾਇਆ ॥

ਦੁਖ ਭੰਜਨੀ ਸਾਹਿਬ ਦਾ ਹਾਲ

ਏਥੇ ਸ੍ਰੀ ਗੁਰੂ ਅਰਜਨ ਸਾਹਿਬ ਜੀ ਦੇ ਬੈਠਣ ਦਾ ਇਕ ਥੜਾ ਤੇ ਬੇਰ ਦੇ ਥੱਲੇ ਇਕ ਘਾਟ ਹੈ। ਏਥੇ ਇਕ ਕੋਹੜੀ ਰਾਜੀ ਹੋ ਗਿਆ ਸੀ ਇਸ ਲਈ ਏਸ ਥਾਂ ਨੂੰ ਦੁਖ ਭੰਜਨੀ ਸਾਹਿਬ ਕਹਿੰਦੇ ਹਨ। ਭਾਈ ਜੱਸਾ ਸਿੰਘ ਗ੍ਰੰਥੀ ਤੇ ਭਾਗ ਸਿੰਘ ਮੁਸਤੱਦੀ ਨੇ ਥੜੇ ਦੇ ਉੱਤੇ ਇਕ ਬੁੰਗਾ ਤਿਆਰ ਕਰਵਾਇਆ ਜਿਸਨੂੰ ਸੰਮਤ ੧੮੮੧ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਚਾਰ ਹਜ਼ਾਰ ਰੁਪੱਯਾ ਖਰਚ ਕੇ ਸੁਨੈਹਰੀ ਬਨਵਾਇਆ ॥

ਦੁਖ ਭੰਜਨੀ ਦੇ ਥੱਲੇ ਦੇਵੀ ਦਵਾਰਾ ਨਾਮੇਂ 'ਇਕ ਮਕਾਨ ਹੈ। ਸੰ: ੧੮੮੦ ਵਿਚ ਜਵਾਲਾ ਸਿੰਘ ਭੜਾਨੀਏ ਨੇ ਇਸ ਨੂੰ ਸੁਨੈਹਰੀ ਕਰਵਾਇਆ। ਸੰਮਤ ੧੮੮੨ ਵਿਚ ਘਾਟ ਦੁਖ ਭੰਜਨੀ ਦੇ ਦੋਹਾਂ ਪਾਸਿਆਂ ਦੇ ਦੋਵੇਂ ਬੰਗਲੇ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਨੈਹਰੀ ਬਣਵਾਏ। ੧੮੯੯ ਵਿਚ ਘਾਟ ਦੁਖ ਭੰਜਨੀ ਦੇ ਸੱਜੇ ਪਾਸੇ ਦਾ ਮਕਾਨ ਪੁਜਾਰੀਆਂ ਵਲੋਂ ਚੰਦੇ ਨਾਲ ਤਿਆਰ ਹੋਯਾ। ਦੁਖ ਭੰਜਨੀ ਸਾਹਿਬ ਦੇ ਕੋਲ ਅਸ਼ਨਾਨ ਵਾਲਾ ਪੌਣਾ ਜਾਗੀਰ ਦਰਬਾਰ ਸਾਹਿਬ ਵਿਚੋਂ ਤਿਆਰ ਹੋਯਾ। ਭੜਾਨੀਆਂ ਦੇ ਬੁੰਗੇ ਦੇ ਸਾਮ੍ਹਣੇ ਵਾਲੀ ਤਿੰਨ ਦਰੀ ਸੰਮਤ ੧੯੦੪ ਵਿਚ ਰਾਮ ਸ਼ਾਹ ਪਸ਼ੌਰੀਏ ਨੇ ਤਿਆਰ ਕਰਵਾਈ। ਸੰਮਤ ੧੯੧੦ ਵਿੱਚ ਦੱਖਣੀ ਪੌਣੇ ਦੇ ਨਾਲ ਦਾ ਬੁੰਗਾ ਸੂਦਾਰ ਸਰਦੂਲ ਸਿੰਘ ਮਾਨ ਨੇ ਬਨਵਾਇਆ। ਸੰਮਤ ੧੯੦੫ ਵਿੱਚ ਇਲਾਚੀ ਬੇਰੀ ਦੇ ਨਾਲ ਦਾ ਬੁੰਗਾ ਹੀਰਾ ਸਿੰਘ ਪਸ਼ੌਰੀਏ ਨੇ ਤਿਆਰ ਕਰਵਾਇਆ ਜਿੱਥੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ।

ਗੁਰੂ ਕੇ ਬਾਗ ਦਾ ਹਾਲ

ਪਹਿਲਾਂ ਏਥੇ ਬੇਰ, ਬੋੜ੍ਹ ਤੇ ਪਿਪਲ ਆਦਿ ਦੇ ਬ੍ਰਿਛ ਹੁੰਦੇ ਸਨ ਜਿਨ੍ਹਾਂ ਦੀ ਸੰਘਣੀ ਛਾਂ ਹੇਠ ਬੈਠਕੇ ਕਈ ਵਾਰੀ ਗੁਰੂ ਅਰਜਨ ਦੇਵ ਸਾਹਿਬ ਜੀ ਇਸ ਨੂੰ ਗੁਰੂ ਕਾ ਬਾਗ ਕਿਹਾ ਕਰਦੇ ਸਨ। ਇਕ ਖੂਹ ਇਸ ਬਾਗ ਵਿਚ ਤੇ ਦੂਸਰਾ ਬਾਬਾ ਅਟਲ ਸਾਹਿਬ ਕੋਲ ਹੈ । ਇਹ ਦੋਵੇਂ ਖੂਹ ਇਸ ਬਾਗ ਵਿਚ ਸ਼ੈਹਰ ਆਬਾਦ ਹੋਣ ਤੋਂ ਪਹਿਲਾਂ ਸੁਲਤਾਨ ਵਿੰਡ ਦੇ ਜ਼ਿਮੀਦਾਰਾਂ ਅਪਨੇ ਖੇਤਾਂ ਵਿਚ ਲਵਾਏ। ਬਾਗ ਵਾਲੇ ਖੂਹ ਦੇ ਕੋਲ ਪੰਡਤ ਭਗਤ ਸਿੰਘ ਜੀ ਨਿਰਮਲੇ ਭਾਈ ਮਨੀ ਸਿੰਘ ਜੀ ਦੇ ਚੇਲੇ ਰਿਹਾ ਕਰਦੇ ਸਨ ਤੇ ਸਰਧਾ ਸਿੰਘ ਸਾਧੂ ਉਨ੍ਹਾਂ ਦਾ ਚੇਲਾ ਭੀਖ ਮੰਗ ਮੰਗ ਲੰਗਰ ਚਲਾਂਦਾ ਤੇ ਲੋਕਾਂ ਨੂੰ ਕਥਾ ਸੁਣਾਂਦਾ ਸੀ। ਕਹਿੰਦੇ ਹਨ ਕਿ ਓਹਨਾਂ ਦਾ ਲੰਗਰ ਕਦੀ ਠੰਢਾ ਨਹੀਂ ਹੁੰਦਾ ਸੀ। ਹਰ ਵੇਲੇ ਲੋਹ ਤਪੀ ਰਹਿੰਦੀ ਸੀ। ਸਿੱਖ ਸਰਦਾਰ ਆਪਣੀ ਆਮਦਨ ਦਾ ਹਿੱਸਾ ਲੰਗਰ ਵਿਚ ਦੇਕੇ ਸਹਾਇਤਾ ਕਰਦੇ ਰਹੇ। ਏਹਨਾਂ ਦਾ ਚੇਲਾ ਸਰੂਪ ਸਿੰਘ ਬਾਰਾਂ ਵਰ੍ਹੇ ਤਕ ਭੀਖ ਮੰਗਕੇ ਲੰਗਰ ਦੀ ਸੇਵਾ ਕਰਦਾ ਰਿਹਾ ਜਿਸ ਦੇ ਬਦਲੇ ਓਹ ਇਕ ਪੂਰਾ ਸਾਧੂ ਹੋ ਗਿਆ।

ਅਫ਼ਗਾਨੀ ਹਮਲਿਆਂ ਵੇਲੇ ਭਾਵੇਂ ਓਹ ਮਕਾਨ ਡਿੱਗਨ ਵਾਲਾ ਹੋ ਗਿਆ ਸੀ ਪਰ ਸਾਹਿਬ ਸਿੰਘ ਰਣ ਸਿੰਘ (ਜਿਨ੍ਹਾਂ ਦਾ ਬੁੰਗਾ ਪ੍ਰਕਰਮਾ ਵਿਚ ਬਣਿਆ ਹੋਇਆ ਹੈ) ਨਿਰਮਲੇ ਸਾਧੂ ਓਸ ਥਾਂ ਬੈਠੇ ਰਹੇ । ਸਿਖ ਸ੍ਰਦਾਰਾਂ ਨੇ ਓਹਨਾਂ ਨੂੰ ਜਾਗੀਰਾਂ ਦਾ ਵੀ ਲਾਲਚ ਦਿੱਤਾ ਪਰ ਓਹ ਤਿਆਗੀ ਹੀ ਬਣੇ ਰਹੇ। ਭਾਈ ਸੱਦਾ ਸਿੰਘ ਜਿਸ ਨੇ ਕਾਂਸ਼ੀ ਵਿਚ ਚੇਤਨ ਮਿੱਠਾ ਇਕ ਸੰਗਤ ਬਨਵਾਈ, ਭਾਈ ਮਾਨ ਸਿੰਘ ਜਿਨ੍ਹਾਂ ਨੇ ਸ਼ੈਹਰ ਥਨੇਸਰ ਦੇ ਬਾਹਰ ਕੁਮੇਸਰ ਪਰ ਇਕ ਮਕਾਨ ਬਨਵਾਇਆ, ਤੇ ਭਾਈ ਮਾਨ ਸਿੰਘ ਦੂਸਰੇ ਨੇ ਫੂਲ ਪ੍ਰਾਚੀ ਪਰ। ਭਾਈ ਗੁਲਾਬ ਸਿੰਘ (ਜਿਨ੍ਹਾਂ ਅਧਜਾਤਮ ਰਾਮਾਇਣ ਆਦਿ ਬਹੁਤ ਪੁਸਤਕਾਂ ਰਚੀਆਂ ਹਨ) ਤੇ ਪੰਡਤ ਨਿਹਾਲ ਸ਼ਿੰਘ ਜੀ (ਟੀਕਾਕਾਰ ਜਪੁਜੀ ਸਾਹਿਬ ਸੰਸਕ੍ਰਿਤ) ਆਦਿ ਇਸ ਸੰਪ੍ਰਦਾਇ ਵਿੱਚੋਂ ਹੀ ਹੋਏ ਹਨ।

ਮਹਾਰਾਜਾ ਰਣਜੀਤ ਸਿੰਘ ਦੇ ਪਿਛੋਂ ਗਿਆਨੀ ਸੰਤ ਸਿੰਘ ਨੇ ਉਪ੍ਰੋਕਤ ਆਦਮੀਆਂ ਕੋਲੋਂ ਬਾਗ਼ ਖੋਹ ਲਿਆ ਤੇ ਗੁਰਦੁਆਰੇ ਦੇ ਨਾਮ ਕਰਵਾ ਦਿੱਤਾ। ਏਥੇ ਸੰਮਤ ੧੯੭੨ ਵਿਚ ਨਿੰਬੂ ਆਦਿ ਦੇ ਬੂਟੇ ਲਵਾਕੇ ਬਿਲਕੁਲ ਬਾਗ਼ ਦੀ ਸ਼ਕਲ ਵਿਚ ਬਣਾ ਦਿੱਤਾ ਗਿਆ।

ਨੋਟ—ਇਹ ਹਾਲ ਭਾਈ ਮੁਕਤਾ ਸਿੰਘ ਜੀ ਪਾਸੋਂ (ਜੋ ਕੋਲਸਰ ਉੱਤੇ ਰਿਹਾ ਕਰਦੇ ਸਨ ਤੇ ੧੧੩ ਸਾਲ ਦੀ ਉਮਰ ਭੋਗ ਕੇ ਸੰ: ੧੯੪੨ ਵਿਚ ਚਲਾਣਾ ਕਰ ਗਏ) ਤੇ ਭਾਈ ਹਜ਼ੂਰੀ ਪਾਸੋਂ (ਜਿਨਾਂ ਸੰ: ੧੯੩੪ ਵਿਚ ੧੨੬ ਸਾਲ ਦੀ ਆਯੂ ਭੋਗਕੇ ਚੜ੍ਹਾਈ ਕੀਤੀ) ਤੇ ਭਾਈ

ਸੰਪੂਰਨ ਸਿੰਘ ਮੇਹਰ ਸਿੰਘ ਚੇਲਾ ਜੋਗੀ ਕੋਲੋਂ (ਜਿਨ੍ਹਾਂ ੧੨੭ ਬਰਸ ਦੀ ਆਯੂ ਵਿਚ ਚਲਾਣਾ ਕੀਤਾ) ਸੁਣਕੇ ਕਰਤਾ ਨੇ ਲਿਖੇ ਹਨ। ਇਨ੍ਹਾਂ ਦੀ ਏਨੀ ਉਮਰ ਬਾਬਤ ਸਿਆਣੇ ਡਾਕਟਰਾਂ ਵੀ ਤਸਦੀਕ ਕਰਕੇ ਪੁਸ਼ਟੀ ਕੀਤੀ ਸੀ।

ਇਸ ਬਾਗ ਵਿਚ ਜਿੱਥੇ ਗੁਰੂ ਅਰਜਨ ਦੇਵ ਜੀ ਸਾਹਿਬ ਬੈਠਿਆ ਕਰਦੇ ਸਨ ਹੁਣ ਸੰਖ ਮਰਮਰ ਦੀ ਮੰਜੀ ਸਾਹਿਬ ਬੰਗਲੇ ਸਮੇਤ ਬਹੁਤ ਸੁੰਦਰ ਬਣੀ ਹੋਈ ਹੈ। ਏਥੇ ਹੁਨ ਟੁਕੜੀ ਦਾ ਮੇਲਾ ਲਗਦਾ ਹੈ, ਮੰਜੀ ਸਾਹਿਬ ਦੇ ਪੂਰਬ ਵੱਲ ਸੱਤ ਫ਼ਵਾਰੇ ਚਿੱਟੇ ਪੱਥਰ ਦੇ ਬਨੇ ਹੋਏ ਹਨ। ਏਥੇ ਬੈਠਕੇ ਸੰਤ ਮਹਾਤਮਾਂ ਗਿਆਨ ਚਰਚਾ ਕਰਦੇ ਹਨ। ਪੱਛਮ ਵਿਚ ਇਕ ਤਿੰਨ ਦਰੀ ਅਥਵਾ ਮੁਸਾਫਰ ਖਾਨਾ ਹੈ ਜਿੱਥੇ ਕਥਾ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਹੁੰਦਾ ਰਹਿੰਦਾ ਹੈ। ਇਸ ਦੇ ਨਾਲ ਨਾਲ ਹੀ ਸੰਮਤ ੧੯੪੮ ਨੂੰ ਦਰਬਾਰ ਸਾਹਿਬ ਜਾਣ ਲਈ ਇਕ ਰਸਤਾ ਕੱਢਿਆ ਗਿਆ, ਜੋ ਸੰਮਤ ੫੯੨੧ ਵਿਚ ਦਰਬਾਰ ਸਾਹਿਬ ਦੀ ਚੜ੍ਹਤ ਨਾਲ ਤਿਆਰ ਹੋਇਆ ਸੀ। ਮੰਜੀ ਸਾਹਿਬ ਦੇ ਦੱਖਨ ਵੱਲ ਇਕ ਖੂਹ ਸੰਮਤ ੧੯੨੧ ਵਿਚ ਕਢਵਾਇਆ ਗਿਆ। ਇਸ ਤੋਂ ਅਗੇ ਏਸੇ ਪਾਸੇ ਇਕ ਬੰਗਲਾ ਸੰਗ ਮਰਮਰ ਤੇ ਇਕ ਲਾਲ ਪੱਥਰ ਦਾ ਦੋਵੇਂ ਸੰ: ੧੯੧੫ ਵਿਚ ਰਾਮਬਾਗ਼ ਤੋਂ ਉਖਾੜਕੇ ਡਿਪਟੀ ਕੂਪਰ ਸਾਹਿਬ ਨੇ ਏਥੇ ਕਾਇਮ ਕਰਵਾਏ। ਤੇ ਇਕ ਚਬੂਤਰਾ ਵਡਾ (ਜਿਸ ਦੀਆਂ ਪੌੜੀਆਂ ਤੇ ਲਾਲ ਪੱਥਰ ਦਾ ਬੰਗਲਾ ਬਨਿਆ ਹੋਇਆ ਹੈ ਅਤੇ ਵਿਚਕਾਰ ਇਕ ਫਵਾਰਾ ਲਗਾ ਹੋਇਆ ਹੈ) ਏਥੇ ਗਡਿਆ ਹੋਇਆ ਹੈ, ਫ਼ਵਾਰੇ ਦੇ ਕੋਲ ਇਕ ਪੱਥਰ ਦੀ ਚਾਦਰ ਤੇ ਪੈਂਦਾ ਹੋਇਆ ਸਾਫ਼ ਪਾਨੀ ਬੜਾ ਸੁੰਦਰ ਭਾਸਦਾ ਹੈ। ਥੜੇ ਸਾਹਿਬ ਦੇ ਦੱਖਨ ਵਲ ਸ਼ਹੀਦਾਂ ਦੀ ਮੰਜੀ ਕੋਲ ਦੇ ਇਕ ਫ਼ਵਾਰਾ ਸੰਗ ਮਰਮਰ ਦਾ ਬਣਿਆ ਹੋਇਆ ਹੈ ਜਿਥੇ ਹਰ ਇਕ ਚੰਦ ਦੀ ਪੰਜਵੀਂ ਨੂੰ ਮੇਲਾ ਲਗਦਾ ਹੈ। ਇਸ ਤੋਂ ਪੂਰਬ ਵਲ ਇਕ ਬਾਰਾਂਦਰੀ ਲਾਲ ਪਥਰ ਦੀ ਤੇ ਇਕ ਹੌਜ਼ ਜਿਸ ਵਿਚ ਫ਼ਵਾਰੇ ਹਨ ਰਾਮਬਾਗ ਵਿਚੋਂ ਲਿਆਕੇ ਲਾਏ ਗਏ ਸਨ।

ਇਕ ਹੌਜ਼ ਤੇ ਲਾਲ ਪੱਥਰ ਦੀ ਬਾਰਾਂਦਰੀ ਮਹਾਰਾਜਾ ਰਣਜੀਤ ਸਿੰਘ ਦੀ ਸਮਾਧ ਦੇ ਸਾਮ੍ਹਣੇ ਹੈ ਜਿਸ ਨੂੰ ਮਹਾਰਾਜਾ ਸ਼ੇਰ ਸਿੰਘ ਨੇ ਸੰਮਤ ੧੮੯੬ ਵਿਚ ਬਨਵਾਇਆ ਸੀ, ਏਥੋਂ ਲੰਘਕੇ ਬਾਬਾ ਅਟੱਲ ਸਾਹਿਬ ਨੂੰ ਰਸਤਾ ਜਾਂਦਾ ਹੈ ਤੇ ਇਕ ਖੂਹ ਹੈ ਜਿਸ ਨੂੰ ਸੰਮਤ ੧੯੨੦ ਵਿਚ ਕੋਟੂ ਮੱਲ ਖੱਤਰੀ ਨੇ ਤਿਆਰ ਕਰਵਾਇਆ ਸੀ। ਸ਼ਾਮ ਦੇ ਵੇਲੇ ਏਥੇ ਰੋਜ਼ ਮੇਲਾ ਲਗਾ ਰਹਿੰਦਾ ਹੈ। ਥਾਂ ਥਾਂ ਤੇ ਸਾਧੂ ਸੰਤ ਗੁਨੀ ਪੰਡਤ ਮਹਾਤਮਾ ਕਥਾ ਕੀਰਤਨ ਤੇ ਉਪਦੇਸ਼ ਕਰਦੇ ਹਨ। ਇਸ ਦੇ ਚਾਰ ਦਰਵਾਜੇ ਹਨ, ਦੋ ਬਾਬਾ ਅਟੱਲ ਸਾਹਿਬ ਵਲ ਤੇ ਦੋ ਦਰਬਾਰ ਸਾਹਿਬ ਵਲ।

ਬਾਬਾ ਅਟੱਲ ਸਾਹਿਬ ਦਾ ਹਾਲ

ਬਾਬਾ ਅਟੱਲ ਰਾਇ ਜੀ ਸ੍ਰੀ ਗੁਰੂ ਹਰ ਗੋਬਿੰਦ ਸਾਹਿਬ ਜੀ ਦੇ ਲਾਇਕ ਸਪੁਤ੍ਰ ਸਨ। ਏਹਨਾਂ ਨੇ ਮੋਹਨ ਖੱਤ੍ਰੀ ਨੂੰ ਮੁਰਦੇ ਤੋਂ ਜੀਊਂਦਾ ਕਰ ਦਿਤਾ ਸੀ ਜਿਸ ਕਰਕੇ ਗੁਰੂ ਹਰ ਗੋਬਿੰਦ ਸਾਹਿਬ ਜੀ ਨੇ ਫਰਮਾਇਆ ਕਿ ਇਕ ਮਿਆਨ ਵਿਚ ਦੋ ਤਲਵਾਰਾਂ ਨਹੀਂ ਸਮਾ ਸਕਦੀਆਂ। ਇਹ ਜਵਾਬ ਸੁਨਕੇ ਬਾਬਾ ਅਟੱਲ ਰਾਇ ਜੀ ਜੋ ਉਸ ਵੇਲੇ ਸਿਰਫ ਸੱਤ ਸਾਲ ਦੇ ਸਨ ਇਸ ਵੈਰਾਨ ਜੰਗਲ ਵਿਚ ਚਲੇ ਆਏ, ਜਿਥੇ ਹੁਨ ਓਨ੍ਹਾਂ ਦੀ ਸਮਾਧ ਹੈ, ਸੰਮਤ ੧੬੬੫ ਵਿਚ ਏਥੇ ਜੋਤੀ ਜੋਤ ਸਮਾ ਗਏ। ਇਸ ਵਡਿਆਈ ਨੂੰ ਵੇਖ ਕੇ ਗੁਰੂ ਸਾਹਿਬ ਨੇ ਫਰਮਾਇਆ ਕਿ "ਜੋ ਏਨਾ ਨੂੰ ਮੰਨੇਗਾ ਉਸ ਦੀ ਸੇਵਾ ਗੁਰੂ ਘਰ ਵਿਚ ਪ੍ਰਵਾਨ ਹੋਵੇਗੀ" ਇਸ ਤਰਾਂ ਬਾਬਾ ਅਟੱਲ ਸਾਹਿਬ ਗੁਰੂ ਘਰ ਦੇ ਥਾਣੇਦਾਰ ਮੰਨੇ ਗਏ। ਏਹਨਾਂ ਦੀ ਸਮਾਧ ਜੋ ਸ਼ੁਰੂ ਵਿਚ ਬਨੀ ਸੀ ਉਹ ਬਹੁਤ ਛੋਟੀ ਜਹੀ ਸੀ ਪਰ ਕੌਮ ਖਾਲਸਾ ਦੀ ਤਰੱਕੀ ਦੇ ਵੇਲੇ ਸੰਮਤ ੧੮੦੭ ਵਿਚ ਚੰਦੇ ਨਾਲ-ਜੋ ਸਿਖਾਂ ਨੇ ਇਸ ਸਮਾਧ ਲਈ ਜਮਾਂ ਕਰ ਰਖਿਆ ਸੀ–ਇਹ ਸਮਾਧ ਤਿੰਨ ਮੰਜ਼ਲੀ ਅੱਠਾਂ ਨੁੱਕਰਾਂ ਵਾਲੀ ਤਿਆਰ ਕੀਤੀ ਗਈ, ਜਿਸ ਨੂੰ ਸੰਮਤ ੧੮੭੮ ਵਿਚ ਮਹਾਰਾਜਾ ਰਣਜੀਤ ਸਿੰਘ ਜੀ ਨੇ ਸਰਦਾਰ ਦਿਆਲ ਸਿੰਘ ਦੀ ਰਾਹੀਂ ੯ ਮੰਜ਼ਲੀ ਬਨਵਾ ਕੇ ਉਪਰਲੀ ਮੰਜ਼ਲ ਦਾ ਗੁੰਬਜ਼ ਸੁਨੈਹਰੀ ਤਿਆਰ ਕਰਵਾਇਆ, ਇਸ ਦੀਆਂ ਤਿੰਨਾਂ ਛੱਤਾਂ ਤੱਕ ਹਰ ਇਕ ਛੱਤ ਦੇ ਹਰ ਇਕ ਪਾਸੇ ਦੋ ਦੋ ਬਾਰੀਆਂ ਹਨ ਅਤੇ ਚੋਥੀ ਤੇ ਪੰਜਵੀਂ ਮੰਜ਼ਲ ਵਿਚ ਏਹਨਾਂ ਬਾਰੀਆਂ ਤੋਂ ਛੁੱਟ ਇਕ ਇਕ ਬੁਖਾਰਚਾ ਹੋਰ ਵਧਾਇਆ ਗਿਆ ਹੈ।ਇਹ ਇਮਾਰਤ ਬੜੀ ਮੁਸ਼ਕਲ ਮੁਨਾਰੇ ਦੀ ਸ਼ਕਲ ਦੀ ਤਿਆਰ ਕਰਾਈ ਗਈ ਹੈ, ਜੋ ੧੨੫ ਮੁਰੱਬਾ ਫ਼ੁਟ ਗੋਲ ਤੇ ਹਰ ਇਕ ਪਾਸਾ ੧੯ ਫੁਟ ਅਤੇ ਉਚਾਈ ੧੫੦ ਫ਼ੁਟ ਹੈ, ਜਿਸ ਦੇ ਵਿਚ ਛੇ ਮੰਜ਼ਲਾਂ ਵੱਡੀਆਂ ਤੇ ਤਿੰਨ ਛੋਟੀਆਂ ਹਨ। ਜੇ ਸੋਨੇ ਦਾ ਕਲਸ ਤੇ ਸੋਨੇ ਦਾ ਗੁੰਬਜ਼ ਵੀ ਗਿਣਿਆਂ ਜਾਵੇ ਤਾਂ ਯਾਰਾਂ ਮਨਜ਼ਲਾ ਮਕਾਨ ਹੁੰਦਾ ਹੈ। ਭਾਵੇਂ ਇਸ ਦੀ ਇਮਾਰਤ ਚੂਨੇ ਤੇ ਇਟਾਂ ਦੀ ਹੈ ਪਰ ਮਜ਼ਬੂਤੀ ਤੇ ਪਕਿਆਈ ਵਿਚ ਪਥਰ ਤੋਂ ਵੀ ਮਜ਼ਬੂਤ ਹੈ। ਇਸ ਦੀ ਬਨਾਵਟ, ਨੱਕਾਸ਼ੀ ਤੇ ਮੀਨਾਕਾਰੀ ਦਾ ਨਕਸ਼ਾ ਹੇਠਾਂ ਦਿਤਾ ਹੈ, ਜਿਸ ਵਿਚੋਂ ਸੇਵਾ ਕਰੌਣ ਵਾਲੇ ਪ੍ਰੇਮੀ ਦਾ ਨਾਮ, ਜਿਸ ਸਾਲ ਵਿਚ ਸੇਵਾ ਹੋਈ ਉਸ ਦਾ ਪਤਾ ਤੇ ਜਿਸ ਥਾਂ ਦੀ ਸੇਵਾ ਹੋਈ ਉਸ ਦਾ ਵੇਰਵਾ ਮੁਫੱਸਲ ਤੌਰ ਤੇ ਲਿਖਿਆ ਗਿਆ ਹੈ:–

ਸੰਮਤ ੧੮੭੫ ਵਿੱਚ ਪ੍ਰਕਰਮਾਂ ਦੀ ਉੱਤ੍ਰੀ ਛੱਤ ਰਾਣੀ ਸਦਾ ਕੌਰ ਨੇ ਬੇਲਦਾਰ ਬਣਵਾਈ॥

ਸੰਮਤ ੧੮੯੨ ਵਿਚ ਪ੍ਰਕਰਮਾਂ ਦੇ ਅੰਦਰ ਦੱਖਨੀ ਪਾਸਾ ਰਾਣੀ ਜਿੰਦਾਂ ਨੇ ਮੀਨਾਕਾਰੀ ਕਰਕੇ ਤਯਾਰ ਕਰਾਇਆ॥

ਸੰਮਤ ੧੮੯੧ ਵਿਚ ਤੀਜਾ ਪਾਸਾ ਭਾਈ ਤਾਰਾ ਸਿੰਘ ਗੁੰਥੀ ਮੀਨਾ ਮਲ ਤੇ ਟੈਹਨੀ ਮਲ ਨੇ ਸੁਨੈਹਰੀ ਕੰਮ ਕਰਾ ਕੇ ਤਿਆਰ ਕਰਵਾਇਆ।

ਸੰਮਤ ੧੮੮੯ ਵਿਚ ਚੌਥਾ ਪਾਸਾ ਜਮਾਂਦਾਰ ਸੁੰਦਰ ਸਿੰਘ ਨੇ ਬਣਵਾਇਆ।

ਸੰਮਤ ੧੮੯੦ ਵਿਚ ਪੰਜਵਾਂ ਉੱਤ੍ਰੀ ਦਰਵਾਜ਼ਾ ਭਾ: ਅਤਰ ਸਿੰਘ ਘੜਿਆਲੀਏ ਨੇ ਬਣਵਾਇਆ॥

ਸੰਮਤ ੧੮੯੭ ਵਿਚ ਦਰਸ਼ਨੀ ਦਰਵਾਜ਼ੇ ਦਾ ਬਾਹਰਲਾ ਪਾਸਾ ਕਿਰਪਾ ਰਾਮ ਲੋਹਟੀਏ ਨੇ ਨੱਕਾਸ਼ੀ ਤੇ ਗੱਚਕਾਰੀ ਕਰਕੇ ਬਨਵਾਇਆ।

ਸੰਮਤ ੧੯੦੭ ਵਿਚ ਦਰਸ਼ਨੀ ਦਰਵਾਜ਼ਾ (ਅੰਦਰੋਂ) ਭਾਈ ਮੀਹਾਂ ਸਿੰਘ ਪਸ਼ੌਰੀਏ ਨੇ ਬੇਲਦਾਰ ਗਚਕਾਰੀ ਕਰਾਕੇ ਤਿਆਰ ਕਰਵਾਇਆ॥

ਸੰਮਤ ੧੮੬੪ ਵਿਚ ਦਰਸ਼ਨੀ ਦਰਵਾਜ਼ੇ ਦਾ ਸੱਜਾ ਪਾਸਾ ਸੁਨੈਹਰੀ ਛੱਤ ਤੇ ਦੀਵਾਰ ਸਮੇਤ ਸ਼ਾਮ ਸਿੰਘ ਅਟਾਰੀ ਵਾਲੇ ਨੇ ਬੇਲਦਾਰ ਗਚਕਾਰੀ ਕਰਾਕੇ ਬਣਵਾਇਆ॥

ਸੰਮਤ ੧੮੦੩ ਵਿਚ ੩ ਗਜ਼ ਕੰਧ ਸੁਹੇਲ ਸਿੰਘ ਹਲਵਾਈ ਨੇ ਵੇਲ ਦਾਰ ਗਚਕਾਰੀ ਕਰਾਕੇ ਬਣਵਾਈ॥

ਸੰਮਤ ੧੮੯੩ ਵਿਚ ਪ੍ਰਕਰਮਾਂ ਤੇ ਪੂਰਬੀ ਦਰਵਾਜ਼ੇ ਦੀ ਅੰਦਰਲੀ ਛੱਤ ਰਾਜਾ ਜਸਵੰਤ ਸਿੰਘ ਵਾਲੀਏ ਰਿਆਸਤ ਨਾਭਾ ਨੇ ਵੇਲ ਦਾਰ ਗਚਕਾਰੀ ਕਰਾਕੇ ਬਣਵਾਈ॥

ਸੰਮਤ ੧੯੦੯ ਵਿਚ ਕੰਧ ੩ ਗਜ਼ ਹੀਰਾ ਸਿੰਘ ਪਸ਼ੌਰੀਏ ਨੇ ਵੇਲਦਾਰ ਕਰਕੇ ਬਣਵਾਈ।

ਸੰਮਤ ੧੮੯੧ ਵਿਚ ਅੰਦ੍ਰਲੀ ਕੰਧ ਗੁਰਬਖਸ਼ ਸਿੰਘ ਅਤਾਰ ਨੇ ਸੁਨੈਹਰੀ ਤੇ ਬੇਲਦਾਰ ਬਣਵਾਈ।

ਸੰਮਤ ੧੯੧੧ ਵਿਚ ਦੱਖਣੀ ਛੱਤ ਪ੍ਰਕਰਮਾਂ ਸਮੇਤ ਬੂੜਾ ਮਲ ਅਤਾਰ ਤੇ ਲਾਲਾ ਸ਼ਿਵ ਦਯਾਲ ਵਾਸੀ ਕਾਹਨਾ ਨੇ ਸੁਨੈਹਰੀ ਤੇ ਬੇਲਦਾਰ ਬਨਵਾਈ॥

ਸੰ: ੧੮੯੨ ਵਿਚ ੨ ਗਜ਼ ਕੰਧ ਅੰਦ੍ਰਲੀਆਂ ਗਰਦਨਾਂ ਸਮੇਤ ਜੀਵਨ ਮਲ ਪਸ਼ੌਰੀਏ ਨੇ ਸੁਨੈਹਰੀ ਤੇ ਬੇਲਦਾਰ ਬਣਵਾਈ।

ਸੰਮਤ ੧੮੯੯ ਵਿਚ ਦੱਖਨੀ ਪ੍ਰਕਰਮਾਂ ੫ ਗਜ਼ ਬੂੜਾ ਮੱਲ ਅਤਾਰ ਨੇ ਬਨਵਾਈ॥

ਸੰਮਤ ੧੮੯੯ ਵਿਚ ੨ ਗਜ਼ ਕੰਧ ਸਮੇਤ ਗਰਦਨਾਂ ਸ੍ਰ: ਠਾਕਰ ਸਿੰਘ ਅਟਾਰੀ ਵਾਲੇ ਨੇ ਸੁਨੈਹਰੀ ਬੇਲਦਾਰ ਬਣਵਾਈ॥

ਸੰਮਤ ੧੮੯੧ ਵਿਚ ਛੱਤ ਪੱਛਮੀਂ, ਪ੍ਰਕਰਮਾ ੨ ਗਜ ਗਰਦਨਾ ਸਮੇਤ ਹਰੀ ਸਿੰਘ ਤੇ ਚਰਨ ਸਿੰਘ ਪਸ਼ੌਰੀਏ ਨੇ ਸੁਨੈਹਰੀ ਤੇ ਗਚਕਾਰੀ ਕਰਵਾਈ॥

ਸੰਮਤ ੧੮੧੨ ਵਿਚ ਗਰਦਨਾ ੨ ਗਜ਼ ਭਾ: ਸਰਮੁਖ ਸਿੰਘ ਲਕੜੀ ਵਾਲੇ ਨੇ ਸੁਨੈਹਰੀ

ਗਚਕਾਰੀ ਕਰਵਾਈ ॥

ਸੰਮਤ ੧੯੦੮ ਵਿਚ ਸੱਤਵੀਂ ਛੱਤ ਗਹਿਣਾ ਸਿੰਘ ਪਸ਼ੌਰੀਏ ਨੇ ਅੰਦ੍ਰੂੰ ਸਾਦੀ ਤੇ ਬਾਹਰੋਂ ਬੇਲਦਾਰ ਬਣਵਾਈ ॥

ਸੰਮਤ ੧੯੯੨ ਵਿੱਚ ਅੰਦ੍ਰਲੀ ਕੰਧ ੩ ਗਜ ਕਾਹਨ ਸਿੰਘ ਗੁਰਮੁਖ ਸਿੰਘ ਪਸ਼ੌਰੀਏ ਨੇ ਸੁਨੈਹਰੀ ਤੇ ਗਚਕਾਰੀ ਕਰਵਾਈ ॥

ਸੰਮਤ ੧੯੦੨ ਵਿਚ ਪੱਛਮ ਵ੍ਲ ਪ੍ਰਕਰਮਾਂ ਦਾ ਪਾਸਾ ਸਰਮੁਖ ਸਿੰਘ ਲਕੜੀਆਂ ਵਾਲੇ ਨੇ ਸੁਨੈਹਰੀ ਗਚਕਾਰੀ ਕਰਵਾਈ ਤੇ ਸ਼ੀਸ਼ੇ ਲੁਆਏ।

ਸੰਮਤ ੧੯੯੦ ਵਿੱਚ ਗਰਦਨਾ ਤੇ ੩ ਗਜ ਕੰਧ ਦੇਵਾ ਸਿੰਘ ਆਹਲੂਵਾਲੀਏ ਨੇ ਸੁਨੈਹਰੀ ਗਚਕਾਰੀ, ਸ਼ੀਸ਼ੇ ਤੇ ਸੋਨਾ ਲੁਆਇਆ।

ਸੰਮਤ ੧੯੯੭ ਵਿਚ ਛੱਤ ਦੂਜੀ ਮੰਜ਼ਲ ਸ੍ਰ: ਮੀਹਾਂ ਸਿੰਘ ਭਾਗੋਵਾਲੀਏ ਨੇ ਸੁਨੈਹਰੀ ਬੇਲਦਾਰ ਤੇ ਸ਼ੀਸ਼ੇ ਲੁਆਏ ॥

ਸੰਮਤ ੧੯੮੬ ਬਿ: ਵਿਚ ਸ੍ਰੀ ਦਰਬਾਰ ਸਾਹਿਬ ਦੀ ਚੜ੍ਹਤ ਨਾਲ ਬਾਬੇ ਅਟੱਲ ਸਾਹਿਬ ਦੀ ਬਾਹਰਲੀ ਮੀਨਾਕਾਰੀ ਸਰਦਾਰ ਦੇਸਾ ਸਿੰਘ ਦੀ ਮਾਰਫ਼ਤ ਕਰਵਾਈ ਗਈ। ਪ੍ਰਕਰਮਾਂ ਦੇ ਅੰਦਰਲੇ ਚਾਰ ਦਰਵਾਜ਼ੇ ੬੪ ਮੁਰੱਬਾ ਫ਼ੁਟ ਹਨ ਅਰ ਪੂਰਬ ਤੇ ਪੱਛਮ ਵੱਲ ਦੋ ਪੌੜੀਆਂ ਹਨ ਜੋ ਛੇਵੀਂ ਛੱਤ ਤੱਕ ਜਾਂਦੀਆਂ ਹਨ। ਦੇਖਣ ਵਾਲੇ ਇਸਦੀ ਉਚਾਈ ਤੋਂ ਤਰਨ ਤਾਰਨ ਸਾਹਿਬ ਤੱਕ ਦਾ ਨਜ਼ਾਰਾ ਵੇਖ ਸਕਦੇ ਹਨ। ਇਸ ਦੇ ਉੱਤੇ ਸਾਰੀ ਰਾਤ ਬਿਜਲੀ ਜਗਦੀ ਰਹਿੰਦੀ ਹੈ ਜੋ ਹਨੇਰੇ ਵਿਚ ਮੁਸਾਫ਼ਰਾਂ ਨੂੰ ਰਾਹ ਦਸਦੀ ਹੈ। ਬਾਕੀ ਸਾਰੀਆਂ ਛੱਤਾਂ ਸਾਦਾ ਬਨੀਆਂ ਹੋਈਆਂ ਹਨ। ਬਾਹਰਲੇ ਦਰਵਾਜ਼ਿਆਂ ਦੀਆਂ ਤਿੰਨ ਵੱਡੀਆਂ ਚੁਗਾਠਾਂ ਸੰਗ ਮਰਮਰ ਦੀਆਂ ਬਨੀਆਂ ਹੋਈਆਂ ਹਨ ਅਰ ਕੰਧਾਂ ਤੇ ਸਾਰੀ ਪਾਸੀਂ ਸੰਗ ਮਰਮਰ ਲੱਗਾ ਹੋਇਆ ਹੈ।

ਭਾਵੇਂ ਬਾਬੇ ਅਟੱਲ ਜੀ ਦੇ ਨਾਮ ਕੋਈ ਜਾਗੀਰ ਨਹੀਂ, ਫਿਰ ਵੀ ਲਗ ਭਗ ਵੀਹ ਹਜ਼ਾਰ ਰੁਪਯਾ ਸਾਲਾਨਾ ਆਮਦਨੀ ਹੋ ਜਾਂਦੀ ਹੈ, ਜਿਸ ਵਿਚੋਂ ਅੱਧੀ ਮੰਦਰ ਦੀ ਮੁਰੰਮਤ ਆਦਿ ਲਈ ਰੱਖ ਕੇ ਬਾਕੀ ਅੱਧੀ ਪੁਜਾਰੀਆਂ ਨੂੰ ਦਿੱਤੀ ਜਾਂਦੀ ਹੈ, ਜਿਨ੍ਹਾਂ ਦੇ ਨਾਮ ਏਹ ਹਨ:–

(੧) ਵਸਾਖਾ ਸਿੰਘ ਅਰੋੜਾ ਜਿਸਦਾ ਦੋਹਤਰਾ ਨੌ ਆਨੇ ਰੋਜ਼ ਤਨਖਾਹ ਪਾਂਦਾ ਹੈ।

(੨) ਜੱਸਾ ਸਿੰਘ ਅਰੋੜਾ ਤੇ ਗੁਲਾਬ ਸਿੰਘ ਲਾਭ ਸਿੰਘ ਆਦਿ ਜਿਨ੍ਹਾਂ ਨੂੰ ਤੇਰਾਂ ਆਨੇ ਰੋਜ਼ ਮਿਲਦੇ ਹਨ।

(੩) ਜਵਾਹਰ ਸਿੰਘ ਜ਼ਿਮੀਂਦਾਰ ਤੇ ਧਰਮ ਸਿੰਘ ਕਰਮ ਸਿੰਘ ਅਰੋੜੇ ਜਿਨ੍ਹਾਂ ਨੂੰ ਦਸ ਆਨੇ ਰੋਜ਼ ਮਿਲਦੇ ਹਨ ॥

(੪) ਚੇਤ ਸਿੰਘ, ਧੰਨਾ ਸਿੰਘ; ਸੁੱਖੀ ਤੇ ਸਰਮੁਖ ਸਿੰਘ ਅਰੋੜਾ ਜਿਨ੍ਹਾਂ ਨੂੰ ਛੇ ਆਨੇ

ਰੋਜ਼ ਖਜ਼ਾਨਿਓਂ ਮਿਲਦੇ ਹਨ॥

ਸੰਮਤ ੧੯੫੧ ਵਿਚ ਮਹਾਰਾਜਾ ਹੀਰਾ ਸਿੰਘ ਸਾਹਿਬ ਵਾਲੀਏ ਰਿਆਸਤ ਨਾਭਾ ਨੇ ੨੪੦੦੦) ਏਥੇ ਭੇਟਾ ਕੀਤਾ, ਜਿਸ ਵਿਚੋਂ ੬੧੬੪) ਭਾਈ ਈਸ਼ਰ ਸਿੰਘ ਮਹੰਤ ਮਲਵਈ ਬੁੰਗਾ ਨੂੰ ਦੇਕੇ ਬਾਕੀ ਰੁਪਯਾ ਪੁਜਾਰੀਆਂ ਨੂੰ ਵੰਡਿਆ ਗਿਆ ਪਰ ਬਾਬੇ ਅਟੱਲ ਸਾਹਿਬ ਦੀ ਮੁਰੰਮਤ, ਗਰੀਬਾਂ, ਫਕੀਰਾਂ ਦੇ ਲੰਗਰ ਯਾ ਕਿਸੇ ਹੋਰ ਧਰਮ ਕਾਰਜ ਵਿਚ ਖਰਚ ਹੋਣ ਦੀ ਥਾਂ ਏਹ ਸਾਰਾ ਰੁਪਯਾ ਉਪ੍ਰੋਕਤ ਪੁਜਾਰੀਆਂ ਦੇ ਕੰਮ ਹੀ ਆਯਾ।

ਭਾਵੇਂ ਪਿੱਛੇ ਦੱਸੇ ਅਨੁਸਾਰ ਇਸ ਮੰਦਰ ਨਾਲ ਕੋਈ ਖਾਸ ਮੁਕੱਰਰਾ ਆਮਦਨੀ ਨਹੀਂ ਫਿਰ ਵੀ ਏਥੇ ਗਰੀਬਾਂ ਤੇ ਫ਼ਕੀਰਾਂ ਨੂੰ ਏਨਾਂ ਰੋਟੀ ਕਪੜਾ ਮਿਲਦਾ ਹੈ ਕਿ ਹੋਰ ਕਿਸੇ ਥਾਂ ਏਨਾ ਦਾਨ ਨਹੀਂ ਹੁੰਦਾ। ਇਸ ਲਈ ਇਕ ਪੰਜਾਬੀ ਕਹਾਵਤ ਮਸ਼ਹੂਰ ਹੈ ਕਿ "ਬਾਬਾ ਅਟੱਲ ਪੱਕੀਆਂ ਪਕਾਈਆਂ ਘੱਲ" ਕਿਉਂਕਿ ਏਥੇ ਜੋ ਕੋਈ ਪ੍ਰਸ਼ਾਦ ਆਦਿ ਲਿਆਉਂਦਾ ਹੈ ਉਸ ਦਾ ਭੋਗ ਲਗਾਕੇ ਥੋੜਾ ਥੋੜਾ ਪੁਜਾਰੀਆਂ ਨੂੰ ਦੇ ਕੇ ਬਾਕੀ ਸਾਰਾ ਗਰੀਬਾਂ ਵਿਚ ਹੀ ਵੰਡ ਦਿੱਤਾ ਜਾਂਦਾ ਹੈ। ਇਸ ਦੇ ਸਾਮ੍ਹਨੇ ਇਕ ਸੁਨੈਹਰੀ ਝੰਡਾ ਖੜਾ ਹੈ ਅਰ ਇਕ ਪੱਥਰ ਦੀ ਸਿਲ ਹੈ ਜਿਸ ਨੂੰ ਭਾਈ ਨਗਰ ਸਿੰਘ ਵਲਦ ਰੂਪ ਸਿੰਘ ਸ਼ਿਕਾਰ ਪੁਰੀਏ ਨੇ ਬਨਵਾਇਆ। ਇਸ ਦੇ ਕੋਲ ਕੁਝ ਸਮਾਧਾਂ ਸਰਦਾਰ ਦੇਸਾ ਸਿੰਘ ਮਜੀਠਾ ਆਦਿ ਦੀਆਂ ਹਨ, ਜਿਨ੍ਹਾਂ ਦਾ ਪੂਰਾ ਹਾਲ ਸਮਾਧਾਂ ਦੇ ਹਾਲ ਵਿਚ ਲਿਖਿਆ ਜਾਵੇਗਾ।

ਅਕਾਲ ਤਖਤ ਦਾ ਹਾਲ

ਏਥੇ ਤੀਰਥ ਅੰਮ੍ਰਿਤਸਰ ਜੀ ਦੇ ਕੋਲ ਪਹਿਲਾਂ ਇੱਕ ਚਬੂਤਰਾ ਸੀ। ਜਿਸ ਵੇਲੇ ਗੁਰੂ ਅਰਜਨ ਦੇਵ ਜੀ ਏਥੋਂ ਤਲਾ ਦੀ ਪੁਟਵਾਈ ਕਰਾਉਂਦੇ ਹੁੰਦੇ ਸਨ ਉਸ ਵੇਲੇ ਓਹਨਾਂ ਦੇ ਨਾਲ ਗੁਰੂ ਹਰਿ ਗੋਬਿੰਦ ਸਾਹਿਬ ਜੀ(ਜੋ ਅੱਠ ਸੱਤ ਸਾਲ ਦੀ ਉਮਰ ਦੇ ਸਨ)ਆਉਂਦੇ ਹੁੰਦੇ ਸਨ ਅਰ ਖੇਲਨ ਵਿਚ ਹੀ ਇਸ ਚਬੂਤਰੇ ਨੂੰ 'ਅਕਾਲ ਤਖਤ" ਕੈਂਹਦੇ ਹੁੰਦੇ ਸਨ। ਸੰਮਤ ੧੬੫੬ ਬਿਕ੍ਰਮੀ ਵਿਚ ਗੁਰੂ ਅਰਜਨ ਦੇਵ ਜੀ ਨੇ ਇਸ ਥੜੇ ਨਾਲ ਆਪਣੇ ਸਾਹਿਬਜ਼ਾਦੇ ਦੀ ਮੁਹੱਬਤ ਦੇਖਕੇ ਇਸਨੂੰ ਪੱਕਾ ਬਨਵਾ ਦਿੱਤਾ, ਅਰ ਉਸ ਵੇਲੇ ਭਾਵੇਂ ਇਸ ਚਬੂਤਰੇ ਦੇ ਇਰਦ ਗਿਰਦ ਵੈਰਾਨ ਜੰਗਲ ਸੀ ਅਰ ਡੰਗਰਾਂ ਦੇ ਚਰਨ ਵਾਲੀ ਥਾਂ ਸੀ, ਪਰ ਗੁਰੂ ਸਾਹਿਬ ਦੇ ਪ੍ਰਤਾਪ ਨਾਲ ਏਥੇ ਬੜੀ ਰੌਣਕ ਹੋ ਗਈ।

ਸੰਮਤ ੧੬੬੩ ਬਿਕ੍ਰਮੀ ਵਿਚ ਜਦੋਂ ਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾ ਗਏ ਅਰ ਛੇਵੇਂ ਗੁਰੂ ਸਾਹਿਬ ਜੀ ਨੂੰ ਗੁਰਿਆਈ ਦੀ ਗੱਦੀ ਤੇ ਬਿਠਾਣ ਦਾ ਵਕਤ ਆਇਆ ਤਾਂ ਆਪ ਨੇ ਇਸੇ ਚਬੂਤਰੇ ਤੇ ਦਸਤਾਰ ਬੰਦੀ ਦੀ ਰਸਮ ਪੂਰੀ ਕਰਨ ਲਈ ਤਿਆਰੀ ਕੀਤੀ, ਅਰ ਜਦ ਬਾਬਾ ਬੁੱਢਾ ਜੀ ਨੇ ਛੇਵੇਂ ਗੁਰੂ ਜੀ ਨੂੰ ਗੱਦੀ ਤੇ ਬੈਠਾਕੇ ਪੁਰਾਤਨ ਰਸਮ ਪੂਰੀ

ਕਰਨੀ ਚਾਹੀ ਤਾਂ ਗੁਰੂ ਸਾਹਿਬ ਨੇ ਹੁਕਮ ਦਿੱਤਾ ਕਿ "ਮੰਜੀ ਸਾਹਿਬ ਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੋਇਆ ਕਰੇ, ਸਾਨੂੰ ਸਿਰਫ ਦਸਤਾਰ ਅਰ ਤਲਵਾਰ ਦੀ ਲੋੜ ਹੈ।" ਇਸ ਲਈ ਗੁਰੂ ਜੀ ਦੇ ਹੁਕਮ ਦੀ ਤਾਮੀਲ ਹੋਈ, ਪਰੰਤੂ ਤਲਵਾਰ ਖੱਬੇ ਪਾਸੇ ਪੁਆਣ ਦੀ ਥਾਂ ਸੱਜੇ ਪਾਸੇ ਪੁਆਈ ਗਈ, ਜਿਸਨੂੰ ਬਾਬਾ ਬੁੱਢਾ ਜੀ ਪਿੱਛੋਂ ਖੱਬੇ ਪਾਸੇ ਪੁਆਣ ਲੱਗੇ, ਪਰ ਗੁਰੂ ਸਾਹਿਬ ਜੀ ਨੇ ਫਰਮਾਯਾ ਕਿ "ਇਸਨੂੰ ਏਥੇ ਹੀ ਰਹਿਣ ਦਿਓ ਅਰ ਦੂਜੇ ਪਾਸੇ ਇਕ ਹੋਰ ਪੁਆ ਦਿਓ, ਇਹ ਦੋਵੇਂ ਤਲਵਾਰਾਂ ਮੀਰੀ ਤੇ ਪੀਰੀ ਦੀ ਰਾਖੀ ਕਰਨਗੀਆਂ"। ਇਹ ਆਖ ਕੇ ਦਸਤਾਰ ਤੇ ਕਲਗੀ ਆਦਿ ਸੀਸ ਤੇ ਬੰਨ੍ਹ ਲਈ ਅਤੇ ਸਜ ਸਜਾ ਕੇ ਫੁਰਮਾਇਆ ਕਿ "ਜੋ ਕੋਈ ਗੁਰੂ ਦਾ ਸਿੱਖ ਚੰਗਾ ਘੋੜਾ, ਚੰਗਾ ਸ਼ਸਤਰ ਅਰ ਦਲੇਰ ਤੇ ਬਹਾਦਰ ਜਵਾਨ ਫੌਜ ਵਿਚ ਭਰਤੀ ਕਰਾਏਗਾ ਓਹ ਗੁਰੂ ਨਾਨਕ ਦੇਵ ਜੀ ਦੇ ਘਰੋਂ ਆਪਣੀਆਂ ਮੁਰਾਦਾਂ ਹਾਸਲ ਕਰੇਗਾ।" ਇਸ ਹੁਕਮ ਦੇ ਜਾਰੀ ਹੋਣ ਤੋਂ ਲੋਕਾਂ ਨੂੰ ਇਹ ਯਕੀਨ ਹੋ ਗਿਆ ਕਿ ਇਹ ਗੁਰੂ ਸਾਹਿਬ ਖਲਕਤ ਨੂੰ ਜ਼ਾਲਮਾਂ ਦੇ ਪੰਜੇ ਵਿਚੋਂ ਛੁਡਾਣਗੇ, ਕਿਉਂਕਿ ਉਸ ਵੇਲੇ ਜ਼ਾਲਮ ਹੁਕਮਰਾਨ ਕੌਮ ਹਿੰਦੂਆਂ ਨਾਲ ਅਜੇਹਾ ਸਲੂਕ ਕਰਦੀ ਸੀ ਜਿਹਾ ਕਿ ਮੁਰਦੇ ਨਾਲ ਇੱਲਾਂ, ਕਾਂ ਯਾ ਗਿੱਦੜ, ਕੁੱਤੇ ਕਰਦੇ ਹਨ।

ਹਿੰਦੂਆਂ ਉਤੇ ਵਡੇ ਵਡੇ ਟੈਕਸ ਤੇ ਤਾਵਾਨ ਲਾਏ ਜਾਂਦੇ ਸਨ ਜਿਸਤੋਂ ਇਹ ਮਤਲਬ ਸੀ ਕਿ ਗਰੀਬ ਤੰਗ ਹੋਕੇ ਆਪੇ ਹੀ ਮੁਸਲਮਾਨ ਹੋ ਜਾਣ। ਇਧਰ ਗੁਰੂ ਸਾਹਿਬ ਏਹਨਾਂ ਮੁਸੀਬਤਾਂ ਨੂੰ ਦੂਰ ਕਰਨਾ ਚਾਹੁੰਦੇ ਸਨ, ਓਹਨਾਂ ਨੇ ਪੁਰਾਣੇ ਜੰਗੀ ਬਹਾਦਰਾਂ ਦੇ ਕਾਰਨਾਮੇ ਸੁਣਾ ਸੁਣਾ ਕੇ ਸੰਗਤਾਂ ਦੇ ਦਿਲ ਵਿਚ ਅਜੇਹਾ ਜੋਸ਼ ਭਰਨਾ ਸ਼ੁਰੂ ਕਰ ਦਿੱਤਾ ਕਿ ਜਿਸ ਨਾਲ ਮੁਰਦਾ ਦਿਲ ਵਾਲਿਆਂ ਲੋਕਾਂ ਵਿਚ ਭੀ ਹੌਸਲਾ ਪੈਦਾ ਹੋਕੇ ਧਰਮ ਪੁਰ ਪਰਪੱਕ ਰਹਿਣ ਦੇ ਖਿਆਲ ਪੈਦਾ ਹੋਣ ਲੱਗ ਪਏ।

ਚੁਨਾਂਚਿ ਦੁੱਲਾ ਭੱਟੀ ਰਾਜਪੂਤ, ਜੈਮਲ ਫ਼ੱਤਾ; ਰਾਣਾ ਕੈਲਾਸ਼, ਰਾਣਾ ਮਲ ਭੱਟੀ, ਚੰਦਰਹੜਾ, ਸੋਹੀਆ, ਰਾਜਾ ਅਮਰ ਸਿੰਘ ਅਰ ਭੱਲਣ ਬੈਰਾੜ ਆਦਿ ਸੂਰਬੀਰਾਂ (ਜੋ ਭਰੇ ਦਰਬਾਰ ਵਿਚ ਤਲਵਾਰ ਚਲਾ ਕੇ ਦੁਨੀਆਂ ਵਿਚ ਬਹਾਦਰੀ ਦਾ ਸਿੱਕਾ ਬਿਠਾ ਗਏ ਹਨ) ਦੀਆਂ ਵਾਰਾਂ ਜਿੰਨੀਆਂ ਕੁ ਮਿਲੀਆਂ ਗੁਰੂ ਸਾਹਿਬ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬਾਈ ਵਾਰਾਂ ਵਿੱਚ ਨੌ ਵਾਰਾਂ ਉਪ੍ਰੋਕਤ ਵਾਰਾਂ ਦੀ ਤਰਜ਼ ਤੇ ਚੜ੍ਹਾ ਕੇ ਸਿਖਾਂ ਦੇ ਉਤਸ਼ਾਹ ਅਤੇ ਜੋਸ਼ ਨੂੰ ਦੂਣਾ ਕਰ ਦਖਾਯਾ, ਅਜਿਹੇ ਉਪਦੇਸ਼ ਅਰ ਜੋਸ਼ੀਲੇ ਕਾਰਨਾਮੇ ਸੁਣਕੇ ਡਰਪੋਕ ਹਿੰਦੂ ਸ਼ੇਰ ਦਿਲ ਹੋ ਕੇ ਮਰਨ ਮਾਰਨ ਲਈ ਤਿਆਰ ਹੋ ਗਏ ਅਤੇ ਸ਼ਾਹ ਜਹਾਂ ਦੇ ਲਸ਼ਕਰ ਦੇ ਨਾਲ ਵੀ ਮੁਕਾਬਲੇ ਵਿਚ ਬੜੀ ਬਹਾਦਰੀ ਨਾਲ ਡਟੇ ਰਹਿੰਦੇ ਰਹੇ ਅਰ ਪੈਂਦੇ ਖਾਂ, ਨਾਜ਼ਮ ਕੁਤਬ ਦੀਨ ਜਲੰਧਰੀ, ਦਹੇੜ ਖਤਰੀ, ਕਮਰ ਬੇਗ ਆਦਿ ਫੌਜਦਾਰਾਂ ਨੂੰ ੨੨ ਹਜ਼ਾਰ ਫੌਜ

ਸਮੇਤ ਮਿੱਟੀ ਵਿੱਚ ਮਿਲਾ ਦਿੱਤਾ ਅਰ ਅਪਨੇ ਆਪ ਨੂੰ ਛੇਵਾਂ ਗੁਰੂ ਸੱਚੇ ਪਾਤਸ਼ਾਹ ਅਖਵਾਕੇ ਬਾਦਸ਼ਾਹਾਂ ਵਾਲੇ ਹੀ ਕੰਮ ਕਰ ਦਿਖਾਏ ਅਤੇ ਮਿੱਟੀ ਦੇ ਚਬੂਤਰੇ ਨੂੰ ਸੱਚ ਮੁੱਚ "ਅਕਾਲ ਤਖਤ" ਹੀ ਬਨਾ ਕੇ ਦਖਾ ਦਿਤਾ, ਜਿਸ ਉੱਪਰ ਦੋ ਲਖ ਪਚਾਨਵੇਂ ਹਜ਼ਾਰ ਰੁਪਯਾ ਖਰਚ ਹੋ ਚੁਕਾ ਹੈ, ਜੋ ਆਪਣੀ ਨਜ਼ੀਰ ਆਪ ਹੀ ਹੈ । ਏਹ ਤਖਤ ਸਾਰਾ ਪੱਥਰ ਦੀ ਚੁਨਾਈ ਨਾਲ ਤਯਾਰ ਹੋਇਆ ਹੈ, ਏਸ ਦੇ ਗੋਲ ਥੰਮ੍ਹ ਸੁਨੈਹਰੀ ਬੇਲ ਬੂਟਿਆਂ ਨਾਲ ਸਜਾਏ ਹੋਏ ਹਨ। ਇਸ ਮੰਦਰ ਦੀਆਂ ਪੰਜ ਛੱਤਾਂ ਹਨ, ਜੋ ਹਰ ਇਕ ਮੌਸਮ ਵਿਚ ਆਰਾਮ ਦੇਣ ਵਾਲੀਆਂ ਹਨ। ਸੰਮਤ ੧੮੩੧ ਬਿਕ੍ਰਮੀ ਵਿਚ ਇਸਦੀ ਪੈਹਲੀ ਮੰਜ਼ਲ ਦੀ ਛਤ ਇਸੇ ਦੀ ਪੂਜਾ ਦੀ ਆਮਦਨੀ ਨਾਲ ਤਯਾਰ ਹੋਈ, ਬਾਕੀ ਚਾਰ ਮੰਜ਼ਲਾਂ ਮਹਾਰਾਜਾ ਰਣਜੀਤ ਸਿੰਘ ਜੀ ਨੇ ਤਯਾਰ ਕਰਵਾਈਆਂ। ਸਭ ਤੋਂ ਉੱਪਰ ਦਾ ਬੰਗਲਾ ਅਰ ਸੁਨੈਹਰੀ ਗੁੰਬਜ਼ ਸਰਦਾਰ ਹਰੀ ਸਿੰਘ ਨਲੂਏ ਨੇ ਸੁਨੈਹਰੀ ਬਨਵਾਇਆ, ਜਿਸ ਨੂੰ ਖੂਬਸੂਰਤ ਬਨਿਆ ਹੋਇਆ ਵੇਖਕੇ ਅਰ ਖੁਸ਼ ਹੋ ਕੇ ਮੰਦਰ ਅਕਾਲ ਤਖਤ ਨੂੰ ਸਿਰ ਤੋਂ ਪੈਰਾਂ ਤਕ ਸੁਨੈਹਰੀ ਬਨਾਣ ਲਈ ਸ੍ਰ: ਹਰੀ ਸਿੰਘ ਨਲੂਏ ਨੇ ੧ ਲੱਖ ੨੫ ਹਜ਼ਾਰ ਰੁਪੈ ਦਾ ਸੋਨਾ ਗਿਆਨੀ ਗੁਰਮੁਖ ਸਿੰਘ ਦੀ ਸਪੁਰਦਗੀ ਵਿਚ ਦੇ ਕੇ ਹੁਕਮ ਦਿਤਾ ਕਿ ਇਸ ਮੰਦਰ ਨੂੰ ਸੁਨੈਹਰੀ ਬਨਾਣ ਵਿਚ ਜਿੰਨਾਂ ਭੀ ਸੋਨਾ ਲਗੇਗਾ ਉਹ ਏਹ ਗੁਰੂ ਦਾ ਸੇਵਕ (ਹਰੀ ਸਿੰਘ) ਦੇਵੇਗਾ। ਭਾਵੇਂ ਇਸ ਬਹਾਦਰ ਗੁਰੂ ਸੇਵਕ ਸੂਰਬੀਰ ਸਿੰਘ ਦਾ ਗੁਰੂ ਦੀ ਸੇਵਾ ਵਿਚ ਇੰਨਾਂ ਯਕੀਨ ਸੀ ਪਰ ਇਸ ਦੇ ਸ਼ਹੀਦ ਹੁੰਦੇ ਹੀ ਗਿਆਨੀ ਗੁਰਮੁਖ ਸਿੰਘ ਨੇ ਲਾਲਚ ਵਿਚ ਆਕੇ ਸਾਰਾ ਸੋਨਾ ਗ਼ਬਨ ਕਰ ਲਿਆ, ਜਿਸ ਦਾ ਫਲ ਭੀ ਉਸਨੂੰ ਏਹ ਭੋਗਣਾ ਪਿਆ ਕਿ ਉਸਨੂੰ ਮਹਾਰਾਜਾ ਹੀਰਾ ਸਿੰਘ ਦੇ ਹੁਕਮ ਨਾਲ ਮੁਸਲਮਾਨਾਂ ਦੇ ਹੱਥ ਦੇ ਦਿਤਾ ਗਿਆ, ਜਿਥੇ ਉਸ ਨੂੰ ਪਖਾਨੇ ਦੀ ਥਾਂ ਵਿਚ ਬੰਦ ਕਰਕੇ ਬੜੇ ਤਸੀਹੇ ਦੇ ਕੇ ਮਾਰਿਆ ਗਿਆ ਅਤੇ ਘਰ ਬਾਰ ਜ਼ਬਤ ਹੋ ਜਾਨ ਤੇ ਗ਼ਬਨ ਕੀਤਾ ਹੋਇਆ ਸੋਨਾ ਭੀ ਰਾਜਾ ਹੀਰਾ ਸਿੰਘ ਲੈ ਗਿਆ। ਇਸ ਦੇ ਅੰਦਰ ਦਾ ਬੰਗਲਾ ਮਹਾਰਾਜਾ ਰਣਜੀਤ ਸਿੰਘ ਜੀ ਨੇ ਸੁਨੈਹਰੀ ਬਨਵਾਇਆ। ਇਸ ਵਿਚ ਛੇਵੇਂ ਗੁਰੂ ਸਾਹਿਬ ਦੇ ਸ਼ਸਤਰ ਸੈਫ਼ ਤੇਗਾ ਢਾਲ ਆਦਿ ਦਰਸ਼ਨ ਦੇ ਲਾਇਕ ਹਨ। ਇਸ ਤੋਂ ਛੁਟ ਦਸਮ ਗੁਰੂ ਸਾਹਿਬ, ਮਹਾਰਾਜਾ ਰਣਜੀਤ ਸਿੰਘ ਅਰ ਹੋਰ ਸੂਰਬੀਰ ਸਿੰਘਾਂ ਦੇ ਸ਼ਸਤ੍ਰ ਭੀ ਮੌਜੂਦ ਹਨ। ਇਸ ਦੇ ਅੱਗੇ ਸਫ਼ੈਦ ਸੰਗਮਰਮਰ ਦੇ ਥੰਮ੍ਹਾਂ ਤੇ ਜੋ ਅੱਗੇ ਵਧਿਆ ਹੋਇਆ ਜਾਲੀਦਾਰ ਹਿੱਸਾ ਹੈ ਇਸੇ ਨੂੰ ਤਖਤ ਕਿਹਾ ਜ਼ਾਂਦਾ ਹੈ ਅਰ ਇਸੇ ਥਾਂ ਬੈਠਕੇ ਅੰਮ੍ਰਿਤ ਛਕਾਇਆ ਜਾਂਦਾ ਹੈ, ਜੋ ਪਹਿਲਾਂ ਇੱਟਾਂ ਤੇ ਚੂਨੇ ਦਾ ਬਨਿਆਂ ਹੋਇਆ ਸੀ ਤੇ ਸੰਮਤ ੧੯੧੬ ਬਿਕ੍ਰਮੀ ਨੂੰ ਕੂਪਰ ਸਾਹਿਬ ਡਿਪਟੀ ਕਮਿਸ਼ਨਰ ਨੇ ਇਕ ਸੰਗ ਮਰਮਰ ਦੀ ਚੌਂਕੀ (ਜਿਸ ਤੇ ਬੈਠਕੇ ਮਹਾਰਾਜਾ ਰਣਜੀਤ ਸਿੰਘ ਰਾਮਬਾਗ਼ ਵਿੱਚ ਕਚੈਹਰੀ ਕਰਦੇ ਹੁੰਦੇ ਸਨ) ਬੜੀ ਵਡਮੁੱਲੀ ਰਾਮਬਾਗ਼ ਵਿੱਚੋਂ ਉਖੜਾਕੇ ਏਥੇ ਰਖਵਾ ਦਿੱਤੀ, ਜਿਸ ਤੇ ਹੁਣ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ । ਹੋਰ ਸਾਮਾਨ ਤੋਂ ਛੁਟ ਇੱਕ ਸਨੇ ਦਾ ਛਤਰ ਵੀ ਹੈ ਜੋ ਡੇਢ ਲੱਖ ਰੁਪੈ ਤੋਂ ਘੱਟ ਕੀਮਤ ਦੀ ਨਹੀਂ, ਅਰ ਕਦੇ ਕਦੇ ਕਿਸੇ ਖਾਸ ਮੇਲੇ ਦੇ ਦਿਨ ਸਜਾਇਆ ਜਾਂਦਾ ਹੈ ॥

ਪਹਿਲਾਂ ਇਸ ਥਾਂ ਨਜ਼ਰ ਭੇਟ (ਘੋੜੇ, ਸ਼ਸਤਰ, ਨਕਦ ਰੁਪਯਾ ਆਦਿ) ਦੀ ਬਹੁਤ ਆਮਦਨੀ ਸੀ ਅਤੇ ਅੱਠ ਹਜ਼ਾਰ ਦੀ ਜਾਗੀਰ ਸੀ, ਜਿਸ ਵਿੱਚੋਂ ਠੇਕੇਦਾਰ ਸਾਢੇ ਛੇ ਹਜ਼ਾਰ ਰੁਪਯਾ ਖਜ਼ਾਨੇ ਵਿੱਚ ਦਿੱਤਾ ਕਰਦਾ ਸੀ, ਫਿਰ ਅੰਗਰੇਜ਼ੀ ਬੰਦੋਬਸਤ ਵੇਲੇ ਦੋ ਹਜ਼ਾਰ ਦੋ ਸੌ ਰੁਪੈ ਦੀ ਆਮਦਨੀ ਤਿੰਨਾਂ ਮਹੰਤਾਂ ਦੇ ਨਾਮ ਰਹੀ ਜੋ ਏਥੋਂ ਦੇ ਨੰਬਰਦਾਰ ਬੋਲੇ ਜਾਂਦੇ ਸਨ । ਪਰੰਤੂ ਏਹ ਭੀ ਸੰਮਤ ੧੯੪੯ ਵਿੱਚ ਮਹੰਤ ਗੁਲਾਬ ਸਿੰਘ ਦੇ ਚਲਾਣਾ ਕਰ ਜਾਣ ਪਿੱਛੋਂ ਜ਼ਬਤ ਹੋ ਗਈ। ਹੁਣ ਫਿਰ ਪੁਜਾਰੀਆਂ ਵੱਲੋਂ ਦਰਖਾਸਤਾਂ ਹੋ ਰਹੀਆਂ ਹਨ, ਸ਼ਾਇਦ ਫਿਰ ਮਿਲਨੀ ਸ਼ੁਰੂ ਹੋ ਜਾਵੇ । ਇਥੋਂ ਦੇ ਖਜ਼ਾਨੇ ਦਾ ਰਵਾਜ ਵੀ ਦਰਬਾਰ ਸਾਹਿਬ ਦੀ ਤਰਾਂ ਹੈ । ਚਾਰ ਘੜੀ ਦਿਨ ਰਹਿਣ ਤੋਂ ਏਥੇ ਰਾਗੀ ਰਬਾਬੀ ਸ਼ਬਦ ਕੀਰਤਨ ਦੀ ਖੂਬ ਰੌਣਕ ਕਰ ਦੇਂਦੇ ਹਨ, ਇਸਦੇ ਅਗੇ ਇਮਲੀ ਦੇ ਦਰੱਖਤ ਥੱਲੇ ਇੱਕ ਫ਼ੁਹਾਰੇ ਵਾਲਾ ਹੌਜ਼ ਸੰਗ ਮਰਮਰ ਦਾ ਬਣਿਆ ਹੋਇਆ ਹੈ, ਜਿਸ ਵਿੱਚ ਖੂਹ ਦਾ ਪਾਣੀ (ਜੋ ਬੁੰਗੇ ਦੇ ਪਿਛਲੇ ਪਾਸੇ ਹੈ) ਪੈਂਦਾ ਹੈ ਅਰ ਇੱਕ ਪੇਚਦਾਰ ਫ਼ੁਹਾਰਾ ਭੀ ਬਣਿਆ ਹੋਇਆ ਹੈ ਜਿਸ ਵਿੱਚ ਲੋੜ ਦੇ ਦਿਨ ਗੁਲਾਬ ਦਾ ਅਰਕ ਆਦਿ ਪਾਕੇ ਫਰਸ਼ ਨੂੰ ਸੁਗੰਧਤ ਕਰ ਦਿੱਤਾ ਜਾਂਦਾ ਹੈ।

ਸ਼ਹਿਰ ਦੇ ਅਖਾੜਿਆਂ ਦਾ ਹਾਲ

੫ ਭਾਦ੍ਰੋਂ ਸੰਮਤ ੧੫੫੧ ਵਿੱਚ ਗੁਰੂ ਨਾਨਕ ਦੇਵ ਜੀ ਦੇ ਘਰ ਵੱਡਾ ਪੁਤਰ ਸ੍ਰੀ ਚੰਦ ਪੈਦਾ ਹੋਇਆ, ਜੋ ਜਵਾਨ ਹੋਕੇ ਆਪਣੇ ਪਿਤਾ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਹੁਕਮਾਂ ਦੀ ਪਾਲਨਾ ਤੇ ਸੇਵਾ ਵਿੱਚ ਪੂਰਾ ਨ ਉਤਰ ਸਕਿਆ, ਜਿਸ ਕਰਕੇ ਗੁਰੂ ਨਾਨਕ ਦੇਵ ਜੀ ਸੰਮਤ ੧੫੯੬ ਵਿੱਚ ਗੁਰੂ ਅੰਗਦ ਦੇਵ ਜੀ ਨੂੰ ਆਪਣੀ ਗੱਦੀ ਸੌਂਪ ਗਏ, ਜਿਸ ਤੋਂ ਸ੍ਰੀ ਚੰਦ ਨੂੰ ਬੜਾ ਖੇਦ ਹੋਇਆ ਅਰ ਕਰਤਾਰ ਪੁਰ ਦੇ ਬਾਹਰ ਟਾਹਲੀ ਦੇ ਦਰੱਖਤ ਥੱਲੇ ਬੈਠੇ ਰਹਿਣ ਲੱਗੇ। ਇਸ ਤੋਂ ਪਿਛੋਂ ਸੰਮਤ ੧੬੬੯ ਵਿੱਚ ਪਿੰਡ ਬਾਹਠ ਜ਼ਿਲਾ ਗੁਰਦਾਸਪੁਰ ਵਿੱਚ ਦੁਨੀਆਂ ਨੂੰ ਤਯਾਗਕੇ ਭਗਤੀ ਸ਼ੁਰੂ ਕਰ ਦਿੱਤੀ, ਓਨ੍ਹਾਂ ਦੀ ਉਦਾਸ ਸ਼ਕਲ ਨੂੰ ਵੇਖਕੇ ਲੋਕ ਉਦਾਸੀ ਕਹਣ ਲੱਗ ਪਏ। ਇਨ੍ਹਾਂ ਨੇ ਬਾਬਾ ਗੁਰਦਿੱਤਾ (ਜੋ ਗੁਰੂ ਹਰਿ ਗੋਬਿੰਦ ਜੀ ਦੇ ਵੱਡੇ ਸਪੁੱਤ੍ਰ ਸਨ) ਜੀ ਨੂੰ ਆਪਣਾ ਚੇਲਾ ਬਨਾਇਆ, ਸਿਰਫ ਇਹੀ ਇੱਕ ਚੇਲਾ ਸੀ ਜਿਸਦੇ ਚਾਰ ਚੇਲੇ ਹੋਕੇ ਚਾਰ ਸ਼ਾਖਾਂ (ਚਾਰ ਧੂਏਂ) ਹੋ ਗਈਆਂ।

ਪੈਹਲਾ ਚੇਲਾ ਫੂਲ ਸਾਹਿਬ, ਦੂਜਾ ਚੇਲਾ ਗੋਬਿੰਦ ਸਾਹਿਬ, ਤੀਜਾ ਚੇਲਾ ਮਾਬੋ ਹਸਣਾ

ਸਾਹਿਬ, ਚੌਥਾ ਅਲਮਸਤ ਸਾਹਿਬ। ਇਨ੍ਹਾਂ ਚੌਹਾਂ ਅਖਾੜਿਆਂ ਤੋਂ ਪੈਹਲਾ ਅਖਾੜਾ ਪੰਚਾਇਤੀ ਦੇ ਨਾਂ ਨਾਲ ਕਾਇਮ ਹੋਇਆ। ਦੂਜਾ ਅਖਾੜਾ ਸੰਗਤ ਸਾਹਿਬ ਦਾ ਹੈ ਜਿਸ ਨੂੰ ਗੁਰੂ ਹਰਿਰਾਇ ਜੀ ਨੇ ਇੱਕ ਵੱਡੀ ਲੋਹ, ਸੇਲ੍ਹੀ ਟੋਪੀ ਅਰ ਧੌਂਸਾ ਬਖਸ਼ਿਆ ਸੀ ਅਰ ਗੁਰੂ ਗੋਬਿੰਦ ਸਿੰਘ ਜੀ ਨੇ ਅੱਧੀ ਦਸਤਾਰ ਬਖਸ਼ੀ ਸੀ। ਭਾਵੇਂ ਸ਼ਹਿਰ ਅੰਮ੍ਰਿਤਸਰ ਵਿਚ ਉਦਾਸੀਆਂ ਦੇ ਬਹੁਤ ਸਾਰੇ ਮੰਦਰ ਹਨ ਪਰ ਇਨ੍ਹਾਂ ਵਿੱਚੋਂ ਸਿਰਫ਼ ਬਾਰਾਂ ਅਖਾੜੇ ਜਾਗੀਰਦਾਰ ਹਨ ਜਿਨ੍ਹਾਂ ਦਾ ਵੇਰਵਾ ਥੱਲੇ ਦਰਜ ਕੀਤਾ ਜਾਂਦਾ ਹੈ ॥

(੧) ਪਹਿਲਾ ਅਖਾੜਾ ਸੰਤੋਖਦਾਸ

ਅੰਮ੍ਰਿਤਸਰ ਸਰੋਵਰ ਦੇ ਪੂਰਬੀ ਉੱਤਰੀ ਕੋਨੇ ਵਿਚ ਹੈ, ਜੋ ਹੁਣ "ਬ੍ਰਹਮ ਬੂਟੇ" ਦੇ ਨਾਮ ਨਾਲ ਪ੍ਰਸਿਧ ਹੈ। ਪਹਿਲਾਂ ਸਿਖ ਸਰਦਾਰਾਂ ਵੱਲੋਂ ੧ ਲੱਖ ਸੱਤ ਹਜ਼ਾਰ ਸੱਤ ਸੌ ਦੀ ਖ਼ਰਾਇਤੀ ਜਾਗੀਰ ਇਸ ਅਖਾੜੇ ਦੇ ਨਾਂ ਸੀ ਪਰ ਸਰਕਾਰ ਅੰਗਰੇਜ਼ੀ ਦੀ ਅਮਲਦਾਰੀ ਸੰਮਤ ੧੯੦੬ ਵਿਚ ਬੰਦੋ ਬਸਤ ਦੇ ਵੇਲੇ ਮਹੰਤ ਬ੍ਰਹਮ ਹਰੀ ਦੀ ਮਹੰਤੀ ਸਮੇਂ ਪਿਛੋਂ ੧੨ ਹਜ਼ਾਰ ਚਾਰ ਸੌ ਪੈਂਹਠ ਰਹਿ ਗਈ ਅਤੇ ਫਿਰ ਉਪ੍ਰੋਕਤ ਮਹੰਤ ਦੇ ਚਲਾਣਾ ਕਰ ਜਾਣ ਪਿਛੋਂ ੨੬੬੫) ਦੀ ਜਾਗੀਰ ਜ਼ਬਤ ਹੋ ਕੇ ੯੮੦੦) ਦੀ ਹਮੇਸ਼ ਲਈ ਕਾਇਮ ਹੋ ਗਈ ਜੋ ਹੁਣ ਤਕ ਅਖਾੜੇ ਦੇ ਲੰਗਰ ਦੇ ਨਾਮ ਜਾਰੀ ਹੈ। ਇਸ ਤੋਂ ਛੁਟ ਰਿਆਸਤ ਜੰਮੂੰ ਦੀ ਤਰਫ਼ੋਂ ੯੦੫) ਦੀ ਜਾਗੀਰ ਹੈ ਅਰ ੫੦) ਸਾਲ ਦੀ ਆਮਦਨ ਦਾ ਇਕ ਖੂਹ ਭੂਪ ਸਿੰਘ ਰੋਪੜੀਏ ਵੱਲੋਂ ਜ਼ਿਲਾ ਅੰਬਾਲੇ ਵਿਚ ਹੈ ॥

ਉਪਰੋਕਤ ਅਖਾੜੇ ਕਾ ਸਜ਼ਰਾ :—

ਗੁਰੂ ਹਰਿ ਰਾਏ ਸਾਹਿਬ
ਸੰਗਤ ਸਾਹਿਬ ਪ੍ਰਸਿਧ ਭਾਈ ਫ਼ੇਰੂ
ਨਰਾਇਣ ਦਾਸ
ਬਾਬਾ ਗੁਰਬਖਸ਼
ਭਾਈ ਗੁਰੀਆ

ਸੰਮਤ ੧੮੫੦ ਵਿਚ ਸੰਤੋਖ ਦਾਸ ਜੀ ਚਲਾਣਾ ਕਰ ਗਏ। ਸੰਮਤ ੧੮੮੨ ਨੂੰ "ਆਪ ਬ੍ਰਹਮ" ਜੀ ਗੱਦੀ ਬੈਠੇ ਅਤੇ ਸੰਮਤ ੧੮੯੨ ਵਿਚ ਚਲਾਣਾ ਕਰ ਗਏ। ਸੰਮਤ ੧੯੦੯ ਵਿਚ ਬ੍ਰਹਮ ਹਰੀ ਜੀ ਚਲਾਣਾ ਕਰ ਗਏ।

ਸੰਮਤ ੧੯੪੨ ਵਿਚ ਬ੍ਰਹਮ ਬੂਟਾ ਜੀ ਚਲਾਣਾ ਕਰ ਗਏ।

ਸੰਮਤ ੧੯੭੧ ਵਿਚ ਮਹੰਤ ਪਰਾਗ ਦਾਸ ਨਰਿੰਜਨ ਦਾਸ ਮੌਜੂਦ ਹਨ।

ਮਹੰਤ ਸੰਤੋਖ ਦਾਸ ਨੇ ਸੰਮਤ ੧੮੧੧ ਵਿਚ ਇਸ ਅਖਾੜੇ ਦੀ ਨੀਂਹ ਰਖੀ ਅਰ

ਇਨ੍ਹਾਂ ਨੇ ਸੰਮਤ ੧੯੪੦ ਵਿਚ ਨੈਹਰ ਹੰਸਲੀ ਅੰਮ੍ਰਿਤਸਰ ਤਲਾਬ ਵਿਚ ਲਿਆਕੇ ਪਾਈ, ਇਸ ਦੀ ਇੱਜ਼ਤ ਅਫ਼ਸਰਾਂ ਵਿਚ ਬੜੀ ਸੀ। ਆਪ ਸੰਮਤ ੧੯੫੦ ਨੂੰ ਚਲਾਣਾ ਕਰ ਗਏ। ਇਸ ਤੋਂ ਪਿਛੋਂ ਉਸਦਾ ਵਾਰਸ ਮਹੰਤ ਨਰਿੰਜਨ ਦਾਸ ਵੀ ਬੜਾ ਨੇਕ ਤੇ ਸਖੀ ਦਿਲ ਵਾਲਾ ਸੀ, ਨਿਹੰਗ ਫੂਲਾ ਸਿੰਘ ਜੀ ਅਕਾਲੀ "ਆਪ ਬ੍ਰਹਮ" ਦਾ ਸੱਕਾ ਭਰਾ ਸੀ। ਏਹ ਦੋਵੇਂ ਭਰਾ ਕਿਸੇ ਦੀ ਤਾਬਿਆਦਾਰੀ ਅਥਵਾ ਈਨ ਨਹੀਂ ਮੰਨਦੇ ਸਨ, ਅਕਾਲੀ ਫੂਲਾ ਸਿੰਘ ਜੀ ਨੂੰ ਮਹਾਰਾਜਾ ਰਣਜੀਤ ਸਿੰਘ ਜੀ ਨੇ ਇੱਕ ਵੇਰ ਹੁਕਮਨ ਫੜ ਮੰਗਵਾਯਾ ਤਾਂ ਆਪ ਬ੍ਰਹਮ ਫ਼ਕੀਰ ਹੋ ਗਿਆ ਅਰ ਫੂਲਾ ਸਿੰਘ ਅਕਾਲੀ ਨੂੰ ਮਹਾਰਾਜਾ ਸਾਹਿਬ ਨੇ ਅਕਾਲ ਰਜਮੰਟ ਦਾ ਕਰਨੈਲ ਬਣਾ ਦਿਤਾ। "ਆਪ ਬ੍ਰਹਮ" ਸੰਮਤ ੧੯੮੨ ਵਿਚ ਗੱਦੀ ਤੇ ਬੈਠੇ ਸਨ ਅਰ ਨਰਿੰਜਨ ਦਾਸ ਤੇ ਬ੍ਰਹਮ ਬੂਟਾ ਦੋਵੇਂ ਲਾਟ ਸਾਹਿਬ ਦੇ ਦਰਬਾਰੀ ਤੇ ਮੈਜਿਸਟਰੇਟ ਬਣੇ ਰਹੇ।

ਦੂਸਰਾ ਅਖਾੜਾ ਘਮੰਡ ਦਾਸ

ਏਹ ਅਖਾੜਾ ਕਟੜਾ ਰਾਮਗੜ੍ਹੀਆਂ ਵਿਚ ਹੈ, ਇਸ ਅਖਾੜੇ ਦੀ ਨੀਂਹ ਘਮੰਡ ਦਾਸ ਨੇ ਸੰਮਤ ੧੯੨੨ ਵਿਚ ਰਖੀ ਸੀ, ਭਾਵੇਂ ਏਸ ਨਾਲ਼ ਪਹਿਲੇ ਜਾਗੀਰ ਬਹੁਤ ਸੀ ਪਰ ਹੁਣ ਸਿਰਫ ੧੦੪੬) ਰੁਪਏ ਦੀ ਹਮੇਸ਼ਾ ਵਾਸਤੇ ਹੈ ਅਰ ਏਨੀ ਆਮਦਨ ਦਾ ਹੀ ਇੱਕ ਖੂਹ ਪਿੰਡ ਤੁੰਗ ਵਿਚ ਹੈ।

ਸ਼ਜਰਾ :—

ਬਾਵਾ ਗੁਰੀਆ
ਰੋਲ ਦਾਸ
ਘਮੰਡ ਦਾਸ
ਚਰਨ ਦਾਸ
ਸਰਨ ਦਾਸ
ਸੇਵਾ ਦਾਸ

ਤੀਜਾ ਅਖਾੜਾ ਚਿੱਟਾ ਕਟੜਾ ਮਾਈ ਸੇਵਾਂ

ਏਹ ਅਖਾੜਾ ਮਹੰਤ ਗੰਗਾ ਰਾਮ ਵਿਆਕਰਨੀ ਨੇ ਸੰਮਤ ੧੯੭੨ ਵਿਚ ਕਾਂਸ਼ੀ ਤੋਂ ਵਾਪਸ ਆਕੇ ਅਬਾਦ ਕੀਤਾ ਸੀ ਅਰ ਸਿੱਖ ਸਰਦਾਰਾਂ ਤੋਂ ਜਾਗੀਰ ਲੈਕੇ ਲੰਗਰ ਲਾਇਆ। ਪਹਿਲੋਂ ਇਸ ਨਾਲ ੩੪੬੬) ਰੁਪੈ ਦੀ ਜਾਗੀਰ ਸੀ ਪਰ ਮਹੰਤ ਨਾਨਕ ਪਰਕਾਸ਼ ਦੇ ਚਲਾਣਾ ਕਰ ਜਾਣ ਪਿਛੋਂ ੮੭੭) ਰੁਪੈ ਦੀ ਜ਼ਬਤ ਹੋਕੇ ੨੫੮੯) ਰੁਪੈ ਦੀ

ਮਹੰਤ ਅਨੰਤ ਪਰਕਾਸ਼ ਦੇ ਨਾਮ ਰਹਿ ਗਈ। ਫੇਰ ਅਨੰਤ ਪ੍ਰਕਾਸ਼ ਦੇ ਪਿੱਛੋਂ ੫੦੨) ਰੁਪੈ ਦੀ ਹਮੇਸ਼ਾ ਲਈ ਜਾਰੀ ਹੈ। ਮਹੰਤ ਗੰਗਾ ਰਾਮ ਨੇ ਏਸਤਰ੍ਹਾਂ ਦਾ ਇਕ ਮਕਾਨ ਕਾਂਸ਼ੀ ਵਿਚ ਵੀ ਬਨਵਾਇਆ।

ਸ਼ਜਰਾ :—

ਬਾਬਾ ਸਿਰੀ ਚੰਦ ਜੀ
ਬਾਬਾ ਗੁਰਦਿੱਤਾ ਜੀ
ਬਾਲੋ ਹਸਨਾ
ਲਾਲ ਦਾਸ
ਰਾਮ ਦਾਸ
ਸ੍ਰੀ ਰਾਮ
ਧਰਮ ਦਾਸ
ਗੰਗਾ ਰਾਮ [ਸੰਮਤ ੧੯੪੧ ਵਿੱਚ ਚਲਾਣਾ]
ਸੰਤ ਪਰਕਾਸ਼
ਨਾਨਕ ਪ੍ਰਕਾਸ਼
ਅਨੰਤ ਪਰਕਾਸ਼

ਚੌਥਾ ਅਖਾੜਾ ਟਹਿਲ ਦਾਸ
ਕਟੜਾ ਜੱਲੇ ਵਾਲਿਆਂ

ਇਸ ਦੀ ਬੁਨਿਆਦ ਟੈਹਲ ਦਾਸ ਨੇ ਰੱਖੀ, ਪਹਿਲੋਂ ੫੨੨੦) ਰੁਪੈ ਦੀ ਜਾਗੀਰ ਸੀ, ਮਹੰਤ ਬ੍ਰਹਮ ਬਿਸੇਸ਼ਰ ਦੇ ਚਲਾਣਾ ਕਰ ਜਾਣ ਉਪਰ ੧੪੨੦) ਰੁਪੈ ਦੀ ਰੈਹ ਗਈ, ਅਤੇ ਮਹੰਤ ਧਿਆਨਦਾਸ ਦੇ ਚਲਾਣਾ ਕਰ ਜਾਣ ਪਿਛੋਂ ੭੨੨) ਰੁਪੈ ਦੀ ਅਖਾੜੇ ਦੇ ਨਾਮ ਹਮੇਸ਼ਾ ਲਈ ਹੋ ਗਈ ਜੋ ਹੁਣ ਤਕ ਜਾਰੀ ਹੈ।

ਸ਼ਜਰਾ .—

ਸੰਗਤ ਸਾਹਿਬ
ਦੇਸ ਰਾਜ
ਬਿੰਦਰਾ ਬਨ
ਬਦਨ ਚੰਦ
ਟਹਿਲ ਦਾਸ (੧੯੯੩ ਵਿਚ ਚਲਾਣਾ।)
ਪ੍ਰੇਮ ਚੈਨ

ਕਾਸ਼ੀ ਰਾਮ (੧੯੦੧ ਵਿਚ ਚਲਾਣਾ ।)
ਬ੍ਰਹਮ ਬਿਸ਼ੇਸ਼ਰ (੧੯੨੮ ਵਿਚ ਚਲਾਣਾ ।)
ਧਿਆਨ ਦਾਸ (੧੯੪੨ ਵਿਚ ਚਲਾਣਾ ।)
ਅਮਰ ਦਾਸ

ਪੰਜਵਾਂ ਅਖਾੜਾ ਬਾਲਾ ਨੰਦ
ਕਟੜਾ ਜੱਲੇ ਵਾਲਿਆਂ

ਇਸ ਦਾ ਬਾਨੀ ਮਹੰਤ ਬਾਲਾ ਨੰਦ ਪੈਹਲੋਂ ਅਖਾੜੇ ਟੈਹਲ ਦਾਸ ਦਾ ਮਹੰਤ ਅਰ ਚੇਲਾ ਕੀਤਾ ਗਿਆ ਸੀ, ਪਰ ਪਿਛੋਂ ਟੈਹਲ ਦਾਸ ਨੇ ਪਰੇਮ ਚੰਦ ਨੂੰ ਮਹੰਤ ਕਰ ਦਿੱਤਾ, ਤਾਂ ਝਗੜਾ ਵਧ ਜਾਣ ਕਰਕੇ ਪੰਚਾਇਤ ਨੇ ਓਸ ਨੂੰ ੩੦੨੮) ਰੁਪੈ ਦੀ ਜਾਗੀਰ ਅਖਾੜਾ ਟਹਿਲ ਦਾਸ ਪਾਸੋਂ ਦਵਾ ਕੇ ਫੈਸਲਾ ਕਰ ਦਿੱਤਾ, ਜਿਸ ਤੇ ਬਾਲਾ ਨੰਦ ਨੇ ਸੰਮਤ ੧੮੩੨ ਵਿਚ ਇਸ ਅਖਾੜੇ ਦੀ ਨੀਂਹ ਰੱਖੀ, ਕਿਉਂਕਿ ਮਹੰਤ ਬਾਲਾ ਨੰਦ ਸੰਸਕ੍ਰਿਤ ਜ਼ਬਾਨ ਵਿਚ ਵਿੱਦਵਾਨ ਪੰਡਤ ਸੀ, ਇਸ ਲਈ ਉਸ ਨੇ ਆਪਣੀ ਲਿਆਕਤ ਨਾਲ ੧੩੮੦) ਰੁਪੈ ਦੀ ਜਾਗੀਰ ਸਰਦਾਰ ਅਲਬੇਲ ਸਿੰਘ ਜੱਲੇ ਵਾਲਿਆਂ ਪਾਸੋਂ ਜੇਹਲਮ ਵਿਚ ਪ੍ਰਾਪਤ ਕੀਤੀ ਅਰ ਓਥੇ ਹੀ ਮਕਾਨ ਬਨਵਾ ਲਿਆ, ਜਿਸ ਵਿਚ ਉਪ੍ਰੋਕਤ ਸਰਦਾਰ ਜੀ ਦੀ ਭੀ ਸਮਾਧ ਹੈ, ਪਰੰਤੂ ਸੰਮਤ ੧੯੦੬ ਵਿਚ ਉਸ ਦੇ ਚਲਾਣਾ ਕਰ ਜਾਣ ਪਿਛੋਂ ਕੁੱਲ ਜਾਗੀਰ ਜ਼ਬਤ ਹੋਕੇ ਜੇਹਲਮ ਵਾਲੇ ਮੰਦਰ ਦੇ ਨਾਮ ੫੦੦) ਅਰ ਅੰਮ੍ਰਿਤਸਰ ਦੇ ਅਖਾੜੇ ਦੇ ਨਾਮ ੧੭੦੦) ਰੁਪੈ ਦੀ ਹਮੇਸ਼ਾਂ ਲਈ ਹੋ ਗਈ।

ਸ਼ਜਰਾ:—
ਟਹਿਲ ਦਾਸ
ਬਾਲਾ ਨੰਦ
ਬਿਸ਼ੇਸ਼ਰ ਦਾਸ
ਅਰਜਨ ਪ੍ਰਸ਼ਾਦ
ਬਿਸ਼ੰਭਰ ਪ੍ਰਸ਼ਾਦ

ਸੰਮਤ ੧੯੪੫ ਵਿਚ ਮਹੰਤ ਬਿਸ਼ੇਸ਼ਰ ਦਾਸ ਨੇ ਇਕ ਤਿੰਨ ਮੰਜ਼ਲਾ ਦਰਵਾਜ਼ਾ ਬਨਵਾਇਆ,ਜੋ ਬੜਾ ਸੁੰਦਰ ਹੈ। ਇਸ ਦੀ ਕੁਲ ਜਾਗੀਰ ੧੮੦੦) ਦੀ ਹੈ।

ਛੇਵਾਂ ਅਖਾੜਾ ਮਹੰਤ ਪ੍ਰੇਮ ਦਾਸ

(ਨਿਰਬਾਨ ਸਰ ਕਟੜਾ ਜੱਲੇ ਵਾਲਿਆਂ,

ਸੰਮਤ ੧੯੩੫ ਵਿਚ ਮਹੰਤ ਪਰੇਮ ਦਾਸ ਨੇ ਏਹ ਅਖਾੜਾ ਸਮੇਤ ਪੱਕੇ ਤਲਾ ਦੇ ਸੰਗਲ ਵਾਲੇ ਅਖਾੜੇ ਨਾਲੋਂ ਪਹਿਲੋਂ ਬਨਵਾਇਆ, ਪਹਿਲੋਂ ਇਸ ਅਖਾੜੇ ਨਾਲ ੨੭੨੦) ਰੁਪੈ ਦੀ ਜਾਗੀਰ ਸੀ, ਜਿਸ ਵਿੱਚੋਂ ਹੁਣ ੭੪੦) ਰੁਪੈ ਦੀ ਹਮੇਸ਼ਾ ਵਾਸਤੇ ਹੈ।

ਸ਼ਜਰਾ:—

ਪਰੇਮ ਦਾਸ

ਬ੍ਰਹਮ ਨਿਜ

ਬ੍ਰਹਮ ਰੂਪ

ਸ਼ਿਆਮ ਦਾਸ

ਰਾਮ ਕ੍ਰਿਸ਼ਨ

ਗਿਆਨ ਦਾਸ

ਨੰਦ ਰਾਮ

ਸੱਤਵਾਂ ਅਖਾੜਾ ਸੰਗਲ ਵਾਲਾ

(ਆਹਲੂ ਵਾਲੀਆਂ ਦੇ ਕਟੜੇ ਵਿਚ)

ਇਸ ਅਖਾੜੇ ਦੇ ਦਰਵਾਜ਼ੇ ਉੱਪਰ ਲੋਹੇ ਦਾ ਸੰਗਲ ਲਟਕਦਾ ਰਹਿਣ ਦੇ ਕਾਰਨ ਇਸ ਦਾ ਨਾਂ ਅਖਾੜਾ ਸੰਗਲ ਵਾਲਾ ਪ੍ਰਸਿੱਧ ਹੋ ਗਿਆ। ਸੰਮਤ ੧੯੪੫ ਵਿਚ ਮਹੰਤ ਪ੍ਰੀਤਮ ਦਾਸ ਨੇ ਇਸ ਦੀ ਨੀਂਹ ਰੱਖੀ, ਇਸ ਅਖਾੜੇ ਨੂੰ ਪਹਿਲੋਂ ੩੬੦੦) ਦੀ ਜਾਗੀਰ ਸੀ, ਜਿਸ ਵਿੱਚੋਂ ਹੁਣ ੨੬੦੦) ਦੀ ਹੈ, ਇਸ ਤੋਂ ਛੁੱਟ ੨੦੦) ਰੁਪੈ ਸਾਲ ਇਕ ਦੇਵੀ ਦੇ ਮੰਦਰ ਦੀ ਆਮਦਨੀ ਹੈ ਜੋ ਇਸ ਅਖਾੜੇ ਨਾਲ ਸੰਬੰਧ ਰਖਦਾ ਹੈ ਅਰ ੧੨੦੦) ਰੁਪੈ ਦੁਕਾਨਾਂ ਦੇ ਕਰਾਏ ਦੀ ਆਮਦਨ ਹੋ ਜਾਂਦੀ ਹੈ।

ਸ਼ਜਰਾ:—

ਪ੍ਰੀਤਮ ਦਾਸ

ਨੱਤਾ ਨੰਦ

ਪਰਮਾ ਨੰਦ

ਚਰਨ ਦਾਸ

ਬੁੱਧ ਪ੍ਰਕਾਸ਼

ਹੀਰਾ ਨੰਦ

ਅੱਠਵਾਂ ਅਖਾੜਾ ਕਾਂਸ਼ੀ ਵਾਲਾ
ਕਟੜਾ ਮਹਾਂ ਸਿੰਘ

(ਦਰਵਾਜ਼ਾ ਘੀ ਮੰਡੀ)

ਸੰਮਤ ੧੮੪੨ ਵਿਚ ਮਹੰਤ ਸਰਨਦਾਸ ਨੇ ਇਸ ਦੀ ਨੀਂਹ ਰੱਖੀ, ਮਹਾਰਾਜਾ ਰਣਜੀਤ ਸਿੰਘ ਜੀ ਵੱਲੋਂ ਇਸ ਅਖਾੜੇ ਨਾਲ ੧੮੦੦) ਦੀ ਜਾਗੀਰ ਸੀ ਜੋ ਜ਼ਬਤ ਹੋ ਜਾਣ ਤੇ ਸਿਰਫ ੨੫੦) ਦੀ ਰਹਿ ਗਈ, ਪਰ ਪਿੰਡ ਲੁਲਿਆਨੀ ਤੁੰਗ ਅਰ ਬੰਗੇ ਆਦਿ ਦੀ ਜ਼ਮੀਨ ਤੋਂ ਲਗ ਭਗ ੨000) ਰੁਪੈ ਦੀ ਆਮਦਨੀ ਹੁਣ ਵੀ ਹੋ ਜਾਂਦੀ ਹੈ।

ਸ਼ਜਰਾ:—

ਸੰਗਤ ਸਾਹਿਬ
ਇੱਛਿਆ ਰਾਮ
ਮੇਲਾ ਰਾਮ
ਸਜਾਮ ਦਾਸ
ਸਰਣ ਦਾਸ (੧੮੮੮ ਵਿਚ ਚਲਾਣਾ)
ਗੋਪਾਲ ਦਾਸ (੧੮੯੪ ਵਿਚ ਚਲਾਣਾ)
ਦਮੋਦਰ ਦਾਸ (੧੯੦੬ ਵਿਚ ਚਲਾਣਾ)
ਹਰਭਜਨ ਦਾਸ (੧੯੩੫ ਵਿਚ ਚਲਾਣਾ)
ਦਿਆਲ ਦਾਸ (੧੯੪੦ ਵਿਚ ਚਲਾਣਾ)
ਬ੍ਰਹੱਮ ਦਾਸ
ਹੀਰਾ ਦਾਸ

ਨਾਵਾਂ ਅਖਾੜਾ ਕਾਂਸ਼ੀ ਵਾਲਾ

(ਕਟੜਾ ਜੱਲੇ ਵਾਲਿਆਂ ਦੇ ਸਾਮ੍ਹਣੇ ਦਰਵਾਜ਼ਾ)

ਸੁਲਤਾਨ ਵਿੰਡ

ਇਹ ਅਖਾੜਾ ਵੀ ਘਿਓ ਮੰਡੀ ਵਾਲੇ ਅਖਾੜੇ ਵਿੱਚੋਂ ਹੈ, ਸੰਮਤ ੧੮੫੨ ਵਿਚ ਮਹੰਤ ਉਦੇਤ ਨਰਾਇਨ ਨੇ ਇਸ ਦੀ ਨੀਂਹ ਰੱਖੀ। ਪਹਿਲੋਂ ੪੭੮੦) ਰੁਪੈ ਦੀ ਜਾਗੀਰ ਸੀ, ਹੁਣ ਸਿਰਫ ੨੨੦੦) ਦੀ ਰਹਿ ਗਈ ਹੈ ਇਸ ਤੋਂ ਵਖਰੀ ੩੦੦) ਰੁਪੈ ਸਾਲ ਦੀ ਆਮਦਨੀ ਅਜਨਾਲੇ ਤੇ ਸਿਆਲਕੋਟ ਦੇ ਚਾਰ ਖੂਹਾਂ ਦੀ ਹੈ।

ਸ਼ਜਰਾ:—

ਮੇਲਾ ਰਾਮ

ਉਦੇਤ ਨਰਾਇਨ (੧੮੯੬ ਵਿਚ ਚਲਾਣਾ)
ਕੇਸ਼ੋ ਦੇਵ (੧੯੨੦ ਵਿਚ ਚਲਾਣਾ)
ਗਣਪਤ ਦੇਵ (੧੯੨੨ ਵਿਚ ਚਲਾਣਾ)
ਈਸ਼ਰ ਦੇਵ (੧੯੨੯ ਵਿਚ ਚਲਾਣਾ)
ਬਿਸ਼ੰਭਰ ਦੇਵ (੧੯੪੫ ਵਿਚ ਚਲਾਣਾ)
ਤਰਣ ਦੇਵ

ਦਸਵਾਂ ਅਖਾੜਾ ਪਰਾਗ ਦਾਸ
ਕਟੜਾ ਰਾਮਗੜ੍ਹੀਆਂ ਵਿਚ

ਇਸ ਅਖਾੜੇ ਦਾ ਵੱਡਾ ਬਜ਼ੁਰਗ ਭਾਈ ਮੀਹਾਂ ਨਾਮੀ ਸ੍ਰੀ ਗੁਰੂ ਤੇਗ਼ ਬਹਾਦਰ ਜੀ ਦਾ ਸੇਵਾਦਾਰ ਸੀ। ਗੁਰੂ ਸਾਹਿਬ ਜੀ ਨੇ ਖੁਸ਼ ਹੋ ਕੇ ਉਸ ਨੂੰ ਇਕ ਲੋਹ ਤੇ ਨਗਾਰਾ ਬਖਸ਼ਿਆ ਅਰ ਹੁਕਮ ਦਿੱਤਾ ਕਿ ਲੰਗਰ ਜਾਰੀ ਕਰੋ ਅਰ ਸਿੱਖ ਧਰਮ ਨੂੰ ਤਰੱਕੀ ਦਿਓ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਇਹ ਦੋਵੇਂ ਚੀਜ਼ਾਂ ਇਸ ਤੋਂ ਖੋਹ ਲਈਆਂ। ਇਸ ਤੇ ਭਾਈ ਮੀਹਾਂ ਬਹੁਤ ਖੁਸ਼ ਹੋਇਆ ਅਰ ਕਿਹਾ "ਜਿਸ ਕੀ ਵਸਤ ਤਿਸ ਆਗੇ ਰਾਖੈ। ਪ੍ਰਭੁ ਕੀ ਆਗਿਆ, ਮਾਨੈ ਮਾਥੈ" (ਗੁਰ ਵਾਕ) ਜਿਸ ਦੀ ਅਮਾਨਤ ਸੀ ਓਸ ਨੇ ਲੈ ਲਈ। ਇਸ ਤੇ ਗੁਰੂ ਸਾਹਿਬ ਨੇ ਓਸ ਦੀ ਆਗਜ਼ਾ ਕਾਰੀ ਅਤੇ ਤਯਾਗ ਪੁਰ ਪ੍ਰਸੰਨ ਹੋਕੇ ਇਕ ਨਗਾਰਾ, ਇਕ ਤਲਵਾਰ ਅਰ (ਆਪਣੇ ਪਵਿੱਤ੍ਰ ਸੀਸ ਦੀ) ਅੱਧੀ ਦਸਤਾਰ ਬਖਸ਼ੀ ਅਰ "ਭਾਈ ਮੀਹਾਂ ਸਾਹਿਬ" ਦਾ ਖ਼ਤਾਬ ਦਿਤਾ। ਉਸ ਦਾ ਜਾਂ ਨਸ਼ੀਨ ਮਹੰਤ ਮਗਨੀ ਰਾਮ ਬਹੁਤ ਲਾਇਕ ਤੇ ਪ੍ਰਸਿੱਧ ਹੋ ਗੁਜ਼ਰਿਆ ਹੈ, ਇਸੇ ਮਹੰਤ ਨੇ ਸੰਮਤ ੧੮੬੨ ਵਿਚ ਇਸ ਅਖਾੜੇ ਦੀ ਨੀਂਹ ਰੱਖੀ। ਇਸ ਨਾਲ ਪਹਿਲੋਂ ੬੭੫੭) ਰੁਪੈ ਦੀ ਜਾਗੀਰ ਸੀ ਜੋ ਪਿਛੋਂ ਜ਼ਬਤੀ ਆਦਿ ਵਿਚ ਆਕੇ ੫੦੦) ਦੀ ਹਮੇਸ਼ ਵਾਸਤੇ ਰਹਿ ਗਈ ਹੈ ਅਰ ਇਸ ਤੋਂ ਛੁਟ ਹੇਠ ਲਿਖੇ ਪਿੰਡਾਂ ਦੀ ਆਮਦਨੀ ਵੀ ਹੈ। ੧੨੦੦) ਪਿੰਡ ਭੱਤੋ ਜ਼ਿਲਾ ਪਰਾਗ ਰਾਜ, ੧੦੦੦) ਪਿੰਡ ਨਾਨਕ ਬਾੜੀ ਜ਼ਿਲਾ ਮੁਰਾਦਾ ਬਾਦ, ੨੦੦੦) ਪਿੰਡ ਜਾਹਲਾਂ ਰਿਆਸਤ ਪਟਿਆਲਾ, ੭੦੦) ਪਿੰਡ ਖੁਸਰ ਪੁਰ ਜ਼ਿਲਾ ਜਲੰਧਰ. ੬੫੭) ਪਿੰਡ ਬੁੱਤ ਜ਼ਿਲਾਂ ਅੰਮ੍ਰਿਤਸਰ, ਇਸੇ ਉਪ੍ਰੋਕਤ ਆਮਦਨੀ ਨਾਲ ਬਹੁਤ ਸਾਰੇ ਮਕਾਨ ਬਨਵਾਏ ਜੋ ਹੁਣ ਤੱਕ ਮੌਜੂਦ ਹਨ ਅਤੇ ਆਪਣੇ ਫਿਰਕੇ ਦੀ ਸ੍ਰੀ ਮਹੰਤੀ ਹਾਸਲ ਕੀਤੀ। ਓਨ੍ਹਾਂ ਦੇ ਜਾਂ ਨਸ਼ੀਨ ਮਹੰਤ ਚੈਨ ਦਾਸ ਜੀ ਪਟਿਆਲੇ ਵਿਚ ਮੌਜੂਦ ਹਨ।

ਸ਼ਜਰਾ:–
ਸ੍ਰੀ ਚੰਦ

ਬਾਬਾ ਗੁਰਦਿਤਾ
ਗੋਬਿੰਦ ਸਾਹਿਬ
ਗੁਰਮੁਖ ਦਾਸ
ਜੀਤ ਮੱਲ
ਨੰਦ ਲਾਲ
ਮੀਹਾਂ ਸਾਹਿਬ
ਲਖਮੀਰ
ਰੂਪ ਨਰੈਣਾ
ਮਗਣੀ ਰਾਮ
ਪਰਾਗ ਦਾਸ
ਸਰੂਪ ਦਾਸ
ਬ੍ਰਹਮ ਨਿੱਕਾ
ਚੈਨ ਦਾਸ

ਯਾਰ੍ਹਵਾਂ ਅਖਾੜਾ ਬਬੇਕ ਸਰ
(ਕਟੜਾ ਰਾਮਗੜ੍ਹੀਆਂ)

ਯਾਰ੍ਹਵੇਂ ਅਖਾੜੇ ਬਬੇਕ ਸਰ ਦੀ ਕਟੜੇ ਰਾਮਗੜ੍ਹੀਆਂ ਵਿਚ ਸੰਮਤ ੧੯੮੨ ਵਿਚ ਮਹੰਤ ਬਾਲਕ ਰਾਮ ਨੇ ਬਬੇਕ ਸਰ ਤਲਾ ਦੇ ਸਾਮ੍ਹਣੇ (ਇਸ ਅਖਾੜੇ ਦੀ) ਨੀਂਹ ਰਖੀ. ਇਸ ਦੇ ਨਾਲ ਪਹਿਲੋਂ ੧੫੦੦) ਰੁਪੈ ਦੀ ਜਾਗੀਰ ਸੀ, ਅਤੇ ਉਪ੍ਰੋਕਤ ਮਹੰਤ ਦੇ ਮਰ ਜਾਣ ਪਿਛੋਂ ਸਿਰਫ ੭੦੦) ਹੀ ਹਮੇਸ਼ਾ ਲਈ ਹੋ ਗਏ। ਇਕ ਮਕਾਨ ਹਰਦੁਵਾਰ ਵਿਚ ਇਸ ਅਖਾੜੇ ਦੇ ਨਾਮ ਹੈ ਜਿਸ ਦਾ ਨਾਮ ਨਾਨਕ ਵਾੜਾ ਹੈ।

ਸ਼ਜਰਾ:—
ਲਖਮੀ ਚੰਦ
ਧਰਮ ਚੰਦ
ਮੇਹਰ ਚੰਦ
ਨਰਾਇਣ ਦਾਸ
ਧਰਮ ਦਾਸ
ਜੈ ਦਾਸ

ਮੱਯਾ ਦਾਸ
ਬਾਲਕ ਰਾਮ
ਜੈ ਪਰਕਾਸ਼
ਰਾਮਸਰਣ ਦਾਸ
ਮਗਨੀ ਰਾਮ
ਲੱਖਾ ਰਾਮ

ਬਾਰ੍ਹਵਾਂ ਅਖਾੜਾ ਸਮਾਧੀਆਂ ਵਾਲਾ

ਇਹ ਅਖਾੜਾ ਵੀ ਇਕ ਪਰਸਿੱਧ ਅਖਾੜਾ ਸੀ, ਪ੍ਰੰਤੂ ਚੇਲਾ ਨਾ ਹੋਣ ਦੇ ਕਾਰਨ ਏਹ ਅਖਾੜਾ ਬਾਗਾਂ ਸਮੇਤ ਮਹੰਤ ਨਰਿੰਜਨ ਦਾਸ ਦੇ ਕਬਜ਼ੇ ਵਿਚ ਆ ਗਿਆ। ਜਾਗੀਰ ਆਦਿ ਇਸ ਅਖਾੜੇ ਦੇ ਨਾਂ ਕੁਝ ਨਹੀਂ ਸੀ। ਏਥੇ ਸੰਤ ਸਮਾਧੀਆਂ ਲਾਕੇ ਬੈਠਿਆ ਕਰਦੇ ਸਨ।

ਉਪ੍ਰੋਕਤ ਸਾਰੇ ਅਖਾੜਿਆਂ ਦੇ ਬੜੇ ਪੱਕੇ ਤੇ ਸੁੰਦਰ ਮਕਾਨ ਹਨ, ਜਿਨ੍ਹਾਂ ਦੇ ਨਾਮ ਰਾਜਿਆਂ, ਸਰਦਾਰਾਂ ਵਲੋਂ ਜਾਗੀਰਾਂ ਗਰੀਬਾਂ ਤੇ ਮਸਕੀਨਾਂ ਦੀ ਪਾਲਣਾ ਵਾਸਤੇ ਮੁਕੱਰਰ ਹਨ, ਪ੍ਰੰਤੂ ਪਿਛਲੇ ਮਹੰਤਾਂ ਦਾ ਤਰੀਕਾ ਅੱਜ ਕੱਲ ਦੇ ਨੌ ਜਵਾਨ ਮਹੰਤਾਂ ਵਿਚ ਨਜ਼ਰ ਨਹੀਂ ਆਉਂਦਾ, ਜਿਸ ਦਾ ਕਾਰਨ ਏਹ ਹੈ ਕਿ ਓਹ ਬਜ਼ੁਰਗ ਵਿਦਯਾਵਾਨ ਸਨ, ਗਰੀਬਾਂ ਤੇ ਮਸਕੀਨਾਂ ਦੀ ਤਕਲੀਫ਼ ਨੂੰ ਸਮਝਦੇ ਸਨ ਅਰ ਉਨ੍ਹਾਂ ਦੀ ਖ਼ਾਤਰ ਦਾਰੀ ਵਿਚ ਹਮੇਸ਼ਾਂ ਲੰਗਰ ਜਾਰੀ ਰਖਦੇ ਸਨ ਅਰ ਰੋਟੀ ਕਪੜਾ ਵੰਡਦੇ ਰਹਿੰਦੇ ਸਨ। ਅੱਜ ਕੱਲ ਦੇ ਮਹੰਤਾਂ ਪਾਸੋਂ ਏਹ ਗੱਲਾਂ ਕੋਹਾਂ ਦੂਰ ਹਨ ਅਰ ਖ਼ੈਰਾਤ ਕੋਲੋਂ (ਜੋ ਉਨ੍ਹਾਂ ਦਾ ਧਰਮ ਹੈ) ਘਿਰਣਾਂ ਕਰਦੇ ਹਨ। ਸਗੋਂ ਵਡਿਆਂ ਦੇ ਤ੍ਰੀਕਿਆਂ ਦੇ ਉਲਟ ਸਿਰ ਤੇ ਮੂੰਹ ਮੁਨਾ, ਕੋਟ ਸੂਟ ਪੈਹਨ, ਐਲਬ੍ਰਟ ਫੈਸ਼ਨ ਵਾਲੇ ਅੱਛੇ ਖਾਸੇ ਬਾਬੂ ਬੱਚੇ ਬਣੇ ਫਿਰਦੇ ਹਨ।ਸਾਰੀਆਂ ਰਸਮਾਂ ਦੁਨੀਆਂਦਾਰਾਂ ਵਾਲੀਆਂ ਕਰਨ ਲਗ ਪਏ ਹਨ ਅਰ ਅਮੀਰੀ ਭੋਗ ਰਹੇ ਅਤੇ ਫਕੀਰੀ ਦਾ ਮੁਫ਼ਤ ਵਿਚ ਨਾਮ ਬਦਨਾਮ ਕਰ ਰਹੇ ਹਨ। ਜੇਕਰ ਇਤਫਾਕ ਦੀ ਨਜ਼ਰ ਨਾਲ ਵੇਖਿਆ ਜਾਵੇ ਤਾਂ ਇਨ੍ਹਾਂ ਫ਼ੈਸ਼ਨ ਦੇ ਮਹੰਤਾਂ ਨਾਲੋਂ ਧਰਮ ਸਾਲਾਂ ਵਿਚ ਰੈਹਣ ਵਾਲੇ ਗ਼ਰੀਬ ਸਾਧੂ ਹਜ਼ਾਰ ਦਰਜਾ ਚੰਗੇ ਹਨ ਜੇਹੜੇ ਆਪ ਭੀਖ ਮੰਗਕੇ ਗੁਜ਼ਾਰਾ ਕਰਦੇ ਹਨ, ਅਤੇ ਦੂਸਰੇ ਗਰੀਬ ਸਾਧੂਆਂ ਦੀ ਵੀ ਪਾਲਣਾ ਕਰਦੇ ਹਨ; ਕਿਉਂਕਿ ਉਨ੍ਹਾਂ ਵਿਚ ਫ਼ਕੀਰੀ ਦਾ ਰੰਗ ਪ੍ਰਗਟ ਹੈ। ਉਹ ਆਪਣਾ ਧਰਮ ਨਿਬਾਹੁੰਦੇ ਹੋਏ ਆਪਣੇ ਫਿਰਕੇ ਦੇ ਕਾਇਦਿਆਂ ਨੂੰ ਗੁੰਮ ਨਹੀਂ ਹੋਣ ਦਿੰਦੇ, ਸਗੋਂ ਉਨ੍ਹਾਂ ਨੇ ਆਪਣੀ ਸੰਪ੍ਰਦਾ ਦੀ ਰੀਤੀ ਕਾਇਮ ਰੱਖੀ ਹੋਈ ਹੈ।

ਵੇਰਵਾ ਗੁਰਦਵਾਰਿਆਂ ਦਾ
(ਜੋ ਸ਼ਹਰ ਦੇ ਅੰਦਰ ਹਨ)

(੧) ਗੁਰਦਵਾਰਾ ਗੁਰੂ ਕੇ ਮੈਹਲ ਕਟੜਾ ਬਾਘ ਸਿੰਘ ਵਿੱਚ ੧੬੨੮ ਬਿ: ਨੂੰ ਬਣਿਆ।

(੨) ਗੁਰਦਵਾਰਾ ਕਿਲਾ ਲੋਹਗੜ੍ਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ੧੬੭੧ ਬਿ: ਵਿੱਚ ਬਨਵਾਇਆ।

(੩) ਗੁਰਦਵਾਰਾ ਟਾਹਲੀ ਸਾਹਿਬ ਕਟੜਾ ਜੈਮਲ ਸਿੰਘ ਵਿੱਚ ਸੰਤੋਖ ਸਰ ਦੇ ਕੰਢੇ ਉੱਤੇ ਹੈ।

(੪) ਗੁਰਦਵਾਰਾ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕੌਲ ਸਰ ਦੇ ਉੱਤੇ ੧੭੫੨ ਬਿ: ਵਿੱਚ ਬਣਵਾਯਾ।

(੫) ਗੁਰਦਵਾਰਾ ਸ੍ਰੀ ਗੁਰੂ ਅਰਜਨ ਦੇਵ ਜੀ ਗੁਪਾਲ ਦਾਸ ਵਾਲਾ ੧੮੨੨ ਬਿ: ਵਿਚ ਬਣਿਆਂ।

(੬) ਬੁੰਗਾ ਰਾਮਗੜ੍ਹੀਆਂ (ਹਵੇਲੀ ਦੇ ਅੰਦਰ ਹੈ) ੧੮੩੨ ਬਿ: ਵਿਚ ਬਣਿਆ।

(੭) ਬੁੰਗਾ ਮਜਬੀਆਂ (ਸ਼ਹੀਦ ਗੰਜ) ੧੮੪੨ ਬਿ: ਵਿਚ ਬਣਿਆ।

(੮) ਸ਼ਹੀਦ ਗੰਜ ਨੈਨਾ ਸਿੰਘ ਨਿਹੰਗ ਕਟੜਾ ਦਲ ਸਿੰਘ।

(੯) ਨਿਹੰਗ ਖੁਸ਼ਹਾਲ ਸਿੰਘ (ਸ਼ਹੀਦ ਗੰਜ) ਕਟੜਾ ਰਾਮਗੜ੍ਹੀਆਂ ੧੮੯੯ ਬਿ: ਵਿਚ ਬਣਿਆ।

(੧੦) ਗੁਰਦਵਾਰਾ ਮਾਈ ਕੌਲਾਂ(ਕੌਲਸਰ ਦੇ ਕੰਢੇ ਤੇ ਹੈ)੧੬੮੨ ਬਿ: ਵਿਚ ਬਣਿਆ।

(੧੧) ਬਾਬੇ ਬੁਢੇ ਦੀ ਬੇਰ।

(੧੨) ਅਕਾਲ ਬੁੰਗਾ।

(੧੩) ਦਰਬਾਰ ਸਾਹਿਬ।

(੧੪) ਝੰਡਾ ਬੁੰਗਾ।

(੧੫) ਸ਼ਹੀਦ ਬੁੰਗਾ

(੧੬) ਬਾਬਾ ਅਟੱਲ।

(੧੭) ਸ਼ਹੀਦ ਗੰਜ (ਗੁਰੂ ਕੇ ਬਾਗ ਵਿਚ ਹੈ)·

ਵੇਰਵਾ ਠਾਕਰਦਵਾਰਿਆਂ ਦਾ
(ਜੋ ਸ਼ੈਹਰ ਦੇ ਅੰਦਰ ਹਨ)

ਨਾਮ ਤੇ ਪਤਾ

(੧) ਠਾਕੁਰ ਦੁਆਰਾ ਮਹੰਤ ਚੇਤਨ ਦਾਸ, ਹਾਥੀ ਦਰਵਾਜ਼ੇ।

(੨) ਠਾਕਰ ਦੁਵਾਰਾ ਰਾਮ ਦਾਸ ਗਲੀ ਤਾਰ ਕਸ਼ਾਂ ਦੀ, ਹਾਥੀ ਦਰਵਾਜ਼ੇ।
(੩) ਠਾਕਰ ਦੁਵਾਰਾ ਬਾਲਕ ਦਾਸ, ਗਲੀ ਤਾਰ ਕਸ਼ਾਂ ਦੀ, ਹਾਥੀ ਦਰਵਾਜ਼ੇ।
(੪) ਠਾਕਰ ਦੁਵਾਰਾ ਲਾਲ ਜੀ ਦਾਸ ਕਟੜਾ ਦੂਲੋ ੧੯੫੧ ਬਿ: ਵਿਚ ਬਣਿਆ।
(੫) ਠਾਕਰ ਦੁਵਾਰਾ ਭਗਵਾਨ ਦਾਸ ਕਟੜਾ ਦੂਲੋ।
(੬) ਠਾਕਰ ਦਵਾਰਾ ਗੰਗਾ ਦਾਸ ਕਟੜਾ ਦੂਲੋ।
(੭) ਠਾਕਰ ਦਵਾਰਾ ਮੋਹਨ ਦਾਸ ਕਟੜਾ ਦੂਲੋ ਵਿਚ।
(੮) ਠਾਕਰ ਦਵਾਰਾ ਮਾਈ ਸੋਭੀ ੧੯੨੧ ਬਿ: ਵਿਚ ਬਣਿਆ।
(੯) ਠਾਕਰ ਦਵਾਰਾ ਬਿਸ਼ਨ ਨਾਥ ੧੮੯੧ ਬਿ: ਵਿਚ ਬਣਿਆ।
(੧੦) ਠਾਕਰ ਦਵਾਰਾ ਗੁਲਾਬ ਰਾਏ ੧੮੫੧ ਬਿ: ਵਿਚ ਬਣਿਆ।
(੧੧) ਠਾਕਰ ਦਵਾਰਾ ਸੋਭਾ ਰਾਮ ੧੯੧੬ ਬਿ: ਵਿਚ ਬਣਿਆ।
(੧੨) ਠਾਕਰ ਦਵਾਰਾ ਗੋਪਾਲ ਦਾਸ ਕਿਲਾ ਭੰਗੀਆਂ ਵਿਚ।
(੧੩) ਠਾਕਰ ਦਵਾਰਾ ਰਾਮ ਕਿਸ਼ਨ ਵਾਲਾ ਲੂਣ ਮੰਡੀ।
(੧੪) ਠਾਕਰ ਦਵਾਰਾ ਹਰਨਾਮ ਦਾਸ ਵਾਲਾ ਲੂਣ ਮੰਡੀ ਵਿਚ।
(੧੫) ਠਾਕਰ ਦਵਾਰਾ ਗੋਬਿੰਦ ਦਾਸ ਵਾਲਾ ਲੂਣ ਮੰਡੀ ਵਿਚ।
(੧੬) ਠਾਕਰ ਦਵਾਰਾ ਨਰਾਤਮ ਦਾਸ ਵਾਲਾ ਲੂਣ ਮੰਡੀ ਵਿਚ।
(੧੭) ਠਾਕਰ ਦਵਾਰਾ ਅੰਬਾ ਦਾਸ ਵਾਲਾ ਲੂਣ ਮੰਡੀ ਵਿਚ।
(੧੮) ਠਾਕਰ ਦਵਾਰਾ ਨੂਰ ਮਹਿਲੀਆਂ ਵਾਲਾ ਕਟੜਾ ਆਹਲੂ ਵਾਲੀਆਂ ਵਿਚ।
(੧੯) ਠਾਕਰ ਦਵਾਰਾ ਗੰਗਾ ਦਾਸ ਵਾਲਾ ਕਟੜਾ ਆਹਲੂ ਵਾਲੀਆਂ ਵਿਚ।
(੨੦) ਠਾਕਰ ਦਵਾਰਾ ਜਾਨਕੀ ਦਾਸ ਵਾਲਾ ਬਾਗ ਰਾਮਾਂ ਨੰਦ ਦੇ ਕੋਲ।
(੨੧) ਠਾਕਰ ਦਵਾਰਾ ਰਾਮਾ ਨੰਦ ਵਾਲਾ ਬਾਗ ਰਾਮਾ ਨੰਦ ਵਿਚ।
(੨੨) ਠਾਕਰ ਦਵਾਰਾ ਗੰਗਾ ਬਿਸ਼ਨ ਵਾਲਾ ਬਾਗ ਰਾਮਾ ਨੰਦ ਵਿਚ।
(੨੩) ਠਾਕਰ ਦਵਾਰਾ ਬਾਲ ਭੱਦਰ ਵਾਲਾ ਕਟੜਾ ਮਹਾਂ ਸਿੰਘ ਵਿਚ।
(੨੪) ਠਾਕਰ ਦਵਾਰਾ ਬ੍ਰਹਮ ਲਾਲ ਵਾਲਾ ਕਟੜਾ ਮਹਾਂ ਸਿੰਘ ਵਿਚ
(੨੫) ਠਾਕਰ ਦਵਾਰਾ ਰਾਜਾ ਸਾਹਿਬ ਦਿਆਲ ਵਾਲਾ ਕਟੜਾ ਮਹਾਂ ਸਿੰਘ ਵਿਚ।
(੨੬) ਠਾਕਰ ਦਵਾਰਾ ਸਾਲਗਰਾਮ ਵਾਲਾ ਕਟੜਾ ਮਹਾਂ ਸਿੰਘ ਵਿਚ।
(੨੭) ਠਾਕਰ ਦਵਾਰਾ ਰਾਮ ਬਾਗ ਵਾਲਾ।
(੨੮) ਠਾਕਰ ਦਵਾਰਾ ਪਰਮ ਹੰਸ ਵਾਲਾ, ਤਾਲਾਬ ਦੁਰਗੇ ਆਣੇ ਦੇ ਕੋਲ।
(੨੯) ਠਾਕਰ ਦਵਾਰਾ ਮੰਗਲ ਦਾਸ ਵਾਲਾ ਗਿਰਜਾ ਘਰ ਪਾਸ।

(੩੦) ਠਾਕਰ ਦਵਾਰਾ ਲਛਮਨ ਦਾਸ ਵਾਲਾ, ਦੁਰਗੇਆਣੇ ਦੇ ਕੋਲ ਹੈ।

(੩੧) ਠਾਕਰ ਦਵਾਰਾ ਰਘੁਨਾਥ ਦਾਸ ਵਾਲਾ ਦੁਰਗੇਆਣੇ ਕੋਲ ਹੈ।

(੩੨) ਠਾਕਰ ਦਵਾਰਾ ਦੇਵੀ ਦਾਸ ਵਾਲਾ ਦੁਰਗੇਆਣੇ ਕੋਲ ਹੈ।

(੩੩) ਠਾਕਰ ਦਵਾਰਾ ਜਗਨ ਨਾਥ ਵਾਲਾ ਦੁਰਗੇਆਣੇ ਕੋਲ ਹੈ।

(੩੪) ਠਾਕਰ ਦਵਾਰਾ ਬੁਧੂ ਭਗਤ ਵਾਲਾ ਮਜੀਠ ਮੰਡੀ ਵਿਖੇ, ੧੮੩੧ ਬਿ: ਵਿਚ ਬਣਿਆ।

(੩੫) ਠਾਕਰ ਦਵਾਰਾ ਮਿਸਰ ਮੱਘਾ ਰਾਮ ਵਾਲਾ ੧੯੦੩ ਬਿ: ਨੂੰ ਮਜੀਠ ਮੰਡੀ ਵਿਚ ਬਣਿਆ।

(੩੬) ਠਾਕਰ ਦਵਾਰਾ ਆਤਮਾ ਸਿੰਘ ਵਾਲਾ ਕਣਕ ਮੰਡੀ ੧੯੦੮ ਬਿ: ਵਿਚ ਬਣਿਆ।

(੩੭) ਠਾਕਰ ਦਵਾਰਾ ਠਾਕਰ ਭਗਤ ਵਾਲਾ ਲੂਣ ਮੰਡੀ ਵਿਚ ੧੮੯੨ ਬਿ: ਵਿਚ ਬਣਿਆ।

(੩੮) ਠਾਕਰ ਦਵਾਰਾ ਅਬਨਾਸ਼ੀ ਵਾਲਾ ਲੂਣ ਮੰਡੀ, ੧੯੦੧ ਬਿ: ਵਿਚ ਬਣਿਆਂ।

(੩੯) ਠਾਕਰ ਦਵਾਰਾ ਸੱਮਾਂ ਭਗਤ ਵਾਲਾ, ਕਿਲਾ ਭੰਗੀਆਂ, ੧੯੦੫ ਬਿ: ਵਿਚ ਬਣਿਆ।

(੪੦) ਠਾਕਰ ਦਵਾਰਾ ਗੋਪਾਲ ਦਾਸ ਵਾਲਾ ਕਿਲਾ ਭੰਗੀਆਂ, ੧੮੭੨ ਬਿ: ਵਿਚ ਬਣਿਆ।

(੪੧) ਠਾਕਰ ਦਵਾਰਾ ਲਾਲਾ ਚਰਨ ਦਾਸ ਵਾ ਲਾਲਾ ਰਾਮ ਚੰਦ ਵਾਲਾ ਕਿਲਾ ਭੰਗੀਆਂ ਵਿਚ।

(੪੨) ਠਾਕਰ ਦਵਾਰਾ ਲਛਮੀ ਦਾਸ ਵਾਲਾ ਕਿਲਾ ਭੰਗੀਆਂ ਵਿਚ।

(੪੩) ਠਾਕਰ ਦਵਾਰਾ ਭਾਈ ਰਾਮ ਰਾਇ ਵਾਲਾ ਕਟੜਾ ਕਰਮ ਸਿੰਘ, ੧੮੮੨ ਬਿ: ਵਿਚ ਬਣਿਆ।

(੪੪) ਠਾਕਰ ਦਵਾਰਾ ਸ਼ਿਬ ਦਿਆਲ ਵਾਲਾ ਕਟੜਾ ਕਰਮ ਸਿੰਘ, ੧੮੯੮ ਬਿ: ਵਿਚ ਬਣਿਆ।

(੪੫) ਠਾਕਰ ਦਵਾਰਾ ਸੋਭਾ ਸਿੰਘ ਵਾਲਾ ਕਟੜਾ ਦਲ ਸਿੰਘ, ੧੮੯੮ ਬਿ: ਵਿਚ ਬਣਿਆ।

(੪੬) ਠਾਕਰ ਦਵਾਰਾ ਤਾਰ ਕਸ਼ਾਂ ਵਾਲਾ ਕਟੜਾ ਬੇਲੀ ਰਾਮ, ੧੮੯੨ ਬਿ: ਵਿਚ ਬਣਿਆ।

(੪੭) ਠਾਕਰ ਦਵਾਰਾ ਗੋਪਾਲ ਦਾਸ ਵਾਲਾ ਕਟੜਾ ਮਾਘ ਮੱਲ, ੧੮੪੧ ਬਿ: ਵਿਚ ਬਣਿਆ।

(੪੮) ਠਾਕਰ ਦਵਾਰਾ ਜ਼ੋਰਾਵਰ ਸਿੰਘ ਵਾਲਾ ਕਟੜਾ ਮਾਘ ਮੱਲ, ੧੮੯੦ ਬਿ: ਵਿਚ ਬਣਿਆ।

(੪੯) ਠਾਕਰ ਦਵਾਰਾ ਕਿਸ਼ਨ ਚੰਦ ਵਾਲਾ ਕਟੜਾ ਖਜ਼ਾਨਾ, ੧੯੦੫ ਬਿ: ਵਿਚ ਬਣਿਆ।

(੫੦) ਠਾਕਰ ਦਵਾਰਾ ਹੀਰੇ ਬਾਹਮਣ ਵਾਲਾ ਕਟੜਾ ਖਜ਼ਾਨਾ, ੧੯੦੭ ਬਿ: ਵਿਚ ਬਣਿਆ।

(੫੧) ਠਾਕਰ ਦਵਾਰਾ ਰਾਮ ਜੀ ਦਾਸ ਵਾਲਾ ਕਟੜਾ ਖਜ਼ਾਨਾ. ੧੯੦੪ ਬਿ: ਵਿਚ ਬਣਿਆ।

[੫੨] ਠਾਕਰ ਦਵਾਰਾ ਭੱਗੂ ਗਿਰ ਵਾਲਾ ਕਟੜਾ ਗਿਆਨੀਆਂ, ੧੮੮੨ ਬਿ: ਵਿਚ ਬਣਿਆ।

[੫੩] ਠਾਕਰ ਦਵਾਰਾ ਭਗਵੰਤ ਦਾਸ ਵਾਲਾ ਕਟੜਾ ਗਿਆਨੀਆਂ, ੧੯੦੮ ਬਿ: ਵਿਚ ਬਣਿਆ।

[੫੪] ਠਾਕਰ ਦਵਾਰਾ ਰਾਜਾ ਤੇਜਾ ਸਿੰਘ ਵਾਲਾ ਕਟੜਾ ਗਿਆਨੀਆਂ, ੧੯੦੯ ਬਿ: ਵਿਚ ਬਣਿਆ।

[੫੫] ਠਾਕਰ ਦਵਾਰਾ ਬਾਵਾ ਪਰਮ ਹੰਸ ਵਾਲਾ ਕਟੜਾ ਆਹਲੂਵਾਲੀਆਂ, ੧੮੧੨ ਬਿ: ਵਿਚ ਬਣਿਆ।

[੫੬] ਠਾਕਰ ਦਵਾਰਾ ਬਾਵਾ ਗੰਗਾ ਰਾਮ ਵਾਲਾ ਕਟੜਾ ਆਹਲੂ ਵਾਲੀਆਂ ਵਿਚ, ਵਿਚ, ੧੮੫੦ ਬਿ: ਨੂੰ ਬਣਿਆ।

[੫੭] ਠਾਕਰ ਦਵਾਰਾ ਚਰਨ ਦਾਸ ਬੈਰਾਗੀ ਵਾਲਾ ਕਟੜਾ ਜੱਲ੍ਹਿਆਂ ਵਾਲਾ, ੧੮੫੩ ਬਿ: ਨੂੰ ਬਣਿਆ।

[੫੮] ਠਾਕਰ ਦਵਾਰਾ ਮਿਸ਼ਰ ਜੱਗੂ ਲਾਲ ਵਾਲਾ, ਘਿਓ ਮੰਡੀ ਵਿਚ, ੧੯੦੧ ਬਿ: ਨੂੰ ਬਣਿਆ।

[੫੯] ਠਾਕਰ ਦਵਾਰਾ ਬੱਲ੍ਹਾ ਸ਼ਾਹ ਵਾਲਾ ਗਲੀ ਪੱਟਰੰਗਾਂ ਵਿਚ ੧੮੯੫ ਬਿ: ਨੂੰ ਬਣਿਆ।

[੬੦] ਠਾਕਰ ਦਵਾਰਾ ਬਾਵਾ ਉਮਰਾਉ ਵਾਲਾ ਗਲੀ ਪਟਰੰਗਾਂ ਵਿਚ ੧੮੫੧ ਬਿ: ਨੂੰ ਬਣਿਆ।

[੬੧] ਠਾਕਰ ਦਵਾਰਾ ਹੀਰਾ ਸਿੰਘ ਚਾਵਲੇ ਵਾਲਾ ਕਟੜਾ ਭੰਗੀਆਂ ਵਿਚ ੧੮੨੨ ਬਿ: ਨੂੰ ਬਣਿਆ।

[੬੨] ਠਾਕਰ ਦਵਾਰਾ ਬ੍ਰਹਮ ਦਾਸ ਵਾਲਾ ਕਟੜਾ ਭੰਗੀਆਂ ਵਿਚ ੧੮੯੦ ਬਿ: ਨੂੰ ਬਣਿਆ।

[੬੩] ਠਾਕਰ ਦਵਾਰਾ ਰੱਘਾ ਮਲ ਵਾਲਾ ਕਟੜਾ ਮਹਾਂ ਸਿੰਘ ਵਿਚ ੧੮੭੨ ਬਿ: ਨੂੰ ਬਣਿਆ।

[੬੪] ਠਾਕਰ ਦਵਾਰਾ ਮਿਸਰ ਸ਼ੰਕਰ ਦਾਸ ਵਾਲਾ ਕਟੜਾ ਜੈਮਲ ਸਿੰਘ ੧੯੦੧ ਬਿ: ਨੂੰ ਬਣਿਆ।

[੬੫] ਠਾਕਰ ਦਵਾਰਾ ਰਘੁਬੀਰ ਵਾਲਾ ਕਟੜਾ ਜੈਮਲ ਸਿੰਘ ਵਿਚ ੧੮੮੦ ਬਿ: ਨੂੰ ਬਣਿਆ।

[੬੬] ਠਾਕਰ ਦਵਾਰਾ ਸ਼ੋਭਾ ਦਾਸ ਵਾਲਾ ਕਟੜਾ ਘਨਈਆਂ ਵਿਚ ੧੮੭੭ ਬਿ: ਨੂੰ ਬਣਿਆ।

[੬੭] ਠਾਕਰ ਦਵਾਰਾ ਰਾਮ ਕਿਸ਼ਨ ਚੰਦ, ਕਟੜਾ ਹਰੀ ਸਿੰਘ ਵਿਚ, ੧੯੨੫ ਬਿ: ਨੂੰ ਬਣਿਆ।

[੬੮] ਠਾਕਰ ਦਵਾਰਾ ਚੜ੍ਹਤੂ ਵਾਲਾ ਕਟੜਾ ਘਨਈਆਂ ਵਾਲਾ ਵਿਚ ੧੮੫੨ ਬਿ: ਨੂੰ ਬਣਿਆ॥

[੬੯] ਠਾਕਰਦਵਾਰਾ ਦਰਿਆਨਾ ਮਲ ਵਾਲਾ ਬਜ਼ਾਰ ਮੋਚੀਆਂ ਵਿਚ ੧੯੨੪ ਬਿ: ਨੂੰ ਬਣਿਆ॥

ਸ਼ਿਵਾਲਿਆਂ ਦਾ ਵੇਰਵਾ

(ਜੋ ਸ਼ਹਿਰ ਦੇ ਅੰਦਰ ਮੌਜੂਦ ਹਨ)

[੧] ਸ਼ਿਵਾਲਾ ਮਿਸਰ ਬੇਲੀ ਰਾਮ ਕਟੜਾ ਬੇਲੀ ਰਾਮ ਵਿਚ ੧੮੭੫ ਬਿ: ਨੂੰ ਬਣਿਆਂ।

[੨] ਸ਼ਿਵਾਲਾ ਮਾਈ ਨਾਥ ਕਟੜਾ ਦੇਵ ਸਿੰਘ ਵਿਚ ੧੮੪੨ ਬਿ: ਨੂੰ ਬਣਿਆਂ॥

[੩] ਸ਼ਿਵਾਲਾ ਗੁਲਾਬ ਰਾਏ ਹਕੀਮ ਵਾਲਾ ਟੁੰਡੇ ਤਲਾਬ ਦੇ ਕੋਲ ੧੯੦੧ ਬਿ: ਨੂੰ ਬਣਿਆ॥

[੪] ਸ਼ਿਵਾਲਾ ਗੰਗਾ ਰਾਮ ਵਾਲਾ ਕਟੜਾ ਦੂਲੋ ਵਿਚ ੧੯੧੦ ਬਿ: ਨੂੰ ਬਣਿਆਂ॥

[੫] ਸ਼ਿਵਾਲਾ ਮੂਲ ਰਾਜ ਵਾਲਾ ਲੂਣ ਮੰਡੀ ਵਿਚ ੧੮੮੫ ਬਿ: ਨੂੰ ਬਣਿਆਂ॥

[੬] ਸ਼ਿਵਾਲਾ ਭਨਾਨੀ ਗਿਰ ਵਾਲਾ ਲੂਣ ਮੰਡੀ ਵਿਚ ੧੮੪੭ ਬਿ: ਨੂੰ ਬਣਿਆਂ॥

[੭] ਸ਼ਿਵਾਲਾ ਮੰਗਲ ਗਿਰ ਵਾਲਾ ਕਿਲਾ ਭੰਗੀਆਂ ਵਿੱਚ ੧੮੩੨ ਬਿ: ਨੂੰ ਬਣਿਆਂ॥

[੮] ਸ਼ਿਵਾਲਾ ਸੰਤੋਖ ਗਿਰ ਵਾਲਾ ਕਿਲਾ ਭੰਗੀਆਂ ਵਿੱਚ ੧੮੯੦ ਬਿ: ਨੂੰ ਬਣਿਆਂ॥

[੯] ਸ਼ਿਵਾਲਾ ਮੌਜ ਨਾਥ ਵਾਲਾ ਕਟੜਾ ਕਰਮ ਸਿੰਘ ਵਿੱਚ ੧੮੬੨ ਬਿ: ਨੂੰ ਬਣਿਆਂ॥

[੧੦] ਸ਼ਿਵਾਲਾ ਠਾਕਰ ਦਾਸ ਵਾਲਾ ਕਟੜਾ ਕਰਮ ਸਿੰਘ ਵਿੱਚ ੧੮੮੪ ਬਿ: ਨੂੰ ਬਣਿਆਂ।

[੧੧] ਸਿਵਾਲਾ ਗੰਡਾ ਮਲ ਵਾਲਾ ਕਟੜਾ ਦੱਲ ਸਿੰਘ ਵਿੱਚ ੧੮੯੨ ਬਿ: ਨੂੰ ਬਣਿਆਂ।

[੧੨] ਸ਼ਿਵਾਲਾ ਮੋਤੀਰਾਮ ਵਾਲਾ ਕਟੜਾ ਜੱਲਿਆਂ ਵਾਲਾ ਵਿੱਚ ੧੮੭੦ ਬਿ; ਨੂੰ ਬਣਿਆਂ।

[੧੩] ਸ਼ਿਵਾਲਾ ਬ੍ਰਹਮ ਚਾਰੀ ਵਾਲਾ ਕਟੜਾ ਹਰਸਾ ਸਿੰਘ ਵਿੱਚ ੧੮੧੨ ਬਿ: ਨੂੰ ਬਣਿਆਂ ॥

[੧੪] ਸ਼ਿਵਾਲਾ ਮਿਸਰ ਬੀਰ ਭਾਨ ਵਾਲਾ ਘਿਓ ਮੰਡੀ ਵਿੱਚ ੧੮੯੭ ਬਿ: ਨੂੰ ਬਣਿਆਂ ॥

[੧੫] ਸ਼ਿਵਾਲਾ ਮਿਸਰ ਮਹਾਂ ਬਲੀ ਵਾਲਾ ਕਟੜਾ ਆਹਲੂ ਵਾਲੀਆਂ ਵਿੱਚ ੧੮੦੦ ਬਿ: ਨੂੰ ਬਣਿਆ ॥

[੧੬] ਸ਼ਿਵਾਲਾ ਕਾਹਨੇ ਬਜਾਜ ਵਾਲਾ ਗੁਰੂ ਬਜ਼ਾਰ ਵਿੱਚ ੧੮੯੭ ਨੂੰ ਬਣਿਆ ॥

[੧੭] ਸ਼ਿਵਾਲਾ ਬੱਲਾ ਸ਼ਾਹ ਵਾਲਾ ਪਟਰੰਗਾਂ ਦੇ ਬਜ਼ਾਰ ਵਿੱਚ ੧੮੮੨ ਬਿ: ਨੂੰ ਬਣਿਆਂ ॥

[੧੮] ਸ਼ਿਵਾਲਾ ਰਘੁਨਾਥ ਦਲਾਲ ਵਾਲਾ ਕਟੜਾ ਮਹਾਂ ਸਿੰਘ ਵਿੱਚ ॥

[੧੯] ਸ਼ਿਵਾਲਾ ਧਰਮੇ ਹਲਵਾਈ ਵਾਲਾ ਚੌਂਕ ਮੱਲਾ ਸਿੰਘ ਵਿੱਚ ੧੮੮੨ ਬਿ: ਨੂੰ ਬਣਿਆ ॥

ਵੇਰਵਾ ਧਰਮ ਸਾਲਾ ਸ਼ਹਿਰ ਅੰਮ੍ਰਿਤਸਰ

[੧] ਧਰਮ ਸਾਲਾ ਦਰਜੀਆਂ ਲੋਹਗੜ੍ਹ ਦੇ ਕੋਲ ੧੮੭੯ ਬਿ: ਵਿੱਚ ਬਣੀ ॥

[੨] ਧਰਮ ਸਾਲਾ ਮਾਈ ਕਰਮਾਂ ਲੋਹਗੜ੍ਹ ਦੇ ਦਰਵਾਜੇ ੧੮੧੦ ਬਿ: ਵਿੱਚ ਬਣੀ ॥

[੩] ਧਰਮ ਸਾਲਾ ਦਿਲਬਾਗ ਰਾਇ ਲੋਹਗੜ੍ਹ ਦੇ ਦਰਵਾਜੇ ੧੯੦੦ ਬਿ: ਵਿਚ ਬਣੀ ॥

[੪] ਧਰਮਸਾਲਾ ਗੁਰਮੁਖ ਦਾਸ ਵਾਲੀ ਲੋਹਗੜ੍ਹ ਦੇ ਦਰਵਾਜੇ੧੮੩੦ ਬਿ: ਵਿਚਬਣੀ ॥

[੫] ਧਰਮਸਾਲਾ ਕੁਮਿਹਾਰਾਂ ਵਾਲੀ ਲੋਹਗੜ੍ਹ ਦੇ ਦਰਵਾਜੇ ੧੮੭੮ ਬਿ:ਵਿਚ ਬਣੀ ॥

[੬] ਧਰਮ ਸਾਲਾ ਖਤ੍ਰੀਆਂ ਵਾਲੀ ਲੋਹਗੜ੍ਹ ਦੇ ਦਰਵਾਜੇ ॥

[੭] ਧਰਮ ਸਾਲਾ ਖਟੀਕਾਂ ਵਾਲੀ ਲੋਹਗੜ੍ਹ ਦੇ ਦਰਵਾਜੇ ॥

[੮] ਧਰਮ ਸਾਲਾ ਘਨਈਆਂ ਵਾਲੀ ਲੋਹਗੜ੍ਹ ਦੇ ਦਰਵਾਜੇ ॥

[੯] ਧਰਮ ਸਾਲਾ ਮਾਈ ਗੁਜਰੀ ਲੋਹਗੜ੍ਹ ਦੇ ਦਰਵਾਜੇ ॥

[੧੦] ਧਰਮ ਸਾਲਾ ਸੁਨਿਆਰਿਆਂ ਵਾਲੀ ਲੋਹਗੜ੍ਹ ਦੇ ਦਰਵਾਜੇ ॥

[੧੧] ਧਰਮ ਸਾਲਾ ਬਾਵੇ ਬੇਦੀਆਂ ਵਾਲੀ ਲੋਹਗੜ੍ਹ ਦੇ ਦਰਵਾਜੇ।

[੧੨] ਧਰਮਸਾਲਾ ਚੁਬੱਚੇ ਵਾਲੀ ਲੋਹਗੜ੍ਹ ਦੇ ਦਰਵਾਜੇ।

[੧੩] ਧਰਮਸਾਲਾ ਹੀਰਾ ਦਾਸੀਆਂ ਵਾਲੀ ਕਟੜਾ ਬਾਘ ਸਿੰਘ ੧੮੫੦ ਬਿ: ਵਿਚ ਬਣੀ।

[੧੪] ਧਰਮਸਾਲਾ ਭਾਈ ਸਾਲੋ ਵਾਲੀ ਕਟੜਾ ਬਾਘ ਸਿੰਘ ਵਿਚ ੧੬੬੨ ਬਿ: ਨੂੰ ਬਣੀ।

[੧੫] ਧਰਮਸਾਲਾ ਕਰਮ ਚੰਦ ਵਾਲੀ ਕਟੜਾ ਬਾਘ ਸਿੰਘ ਵਿਚ ੧੭੦੧ ਬਿ: ਨੂੰ ਬਣੀ।

[੧੬] ਧਰਮਸਾਲਾ ਨਾਈਆਂ ਵਾਲੀ ਕਟੜਾ ਬਾਘ ਸਿੰਘ ਵਿਚ ੧੮੦੨ ਬਿ: ਵਿਚ ਬਣੀ।

[੧੭] ਧਰਮਸਾਲਾ ਭਾਈ ਸੁਮੇਰ ਸਿੰਘ ਵਾਲੀ ਕਟੜਾ ਦੇਵਾ ਸਿੰਘ ਵਿਚ ੧੮੬੦ ਬਿ: ਨੂੰ ਬਣੀ।

[੧੮] ਧਰਮਸਾਲਾ ਮਾਈ ਧਰਮੋਂ ਵਾਲੀ ਕਟੜਾ ਦੇਵਾ ਸਿੰਘ ਵਿਚ।

[੧੯] ਧਰਮਸਾਲਾ ਸਾਧੂ ਸਿੰਘ ਵਾਲੀ ਕਟੜਾ ਜੱਟਾਂ ਵਿਚ।

[੨੦] ਧਰਮਸਾਲਾ ਸੁਥਰਿਆਂ ਵਾਲੀ ਕਟੜਾ ਜੱਟਾਂ ੧੮੩੦ ਬਿ: ਵਿਚ ਬਣੀ।

[੨੧] ਧਰਮਸਾਲਾ ਹਰੀ ਸਿੰਘ ਵਾਲੀ ਕਤੜਾ ਜੱਟਾਂ, ੧੮੫੨ ਬਿ: ਵਿਚ ਬਣੀ।

[੨੨] ਧਰਮਸਾਲਾ ਦੇਵੀ ਸਹਾਇ ਵਾਲੀ ਕਟੜਾ ਜੱਟਾਂ, ੧੮੭੦ ਬਿ: ਵਿਚ ਬਣੀ।

[੨੩] ਧਰਮਸਾਲਾ ਭਾਈ ਚਾਨ ਮਾਨ ਸਿੰਘ ਨਿਰਮਲੇ ਵਾਲੀ ਕਟੜਾ ਖਜ਼ਾਨਾ, ੧੮੪੪ ਬਿ: ਵਿਚ ਬਣੀ।

[੨੪] ਧਰਮਸਾਲਾ ਟੇਕ ਚੰਦ ਵਾਲੀ ਕਟੜਾ ਖਜ਼ਾਨਾ ੧੮੮੦ ਬਿ: ਵਿਚ ਬਣੀ।

[੨੫] ਧਰਮਸਾਲਾ ਟੀਕਾ ਨਾਥ ਵਾਲੀ ਕਟੜਾ ਖਜ਼ਾਨਾ ੧੮੭੨ ਬਿ: ਵਿਚ ਬਣੀ।

[੨੬] ਧਰਮਸਾਲਾ ਸੋਢੀਆਂ ਵਾਲੀ ਕਟੜਾ ਗਿਆਨੀਆਂ ਵਾਲੇ ਵਿਚ।

[੨੭] ਧਰਮਸਾਲਾ ਬੋਤੇ ਸ਼ਾਹ ਵਾਲੀ ਜ਼ਮਾਂਦਾਰ ਦੇ ਬਜ਼ਾਰ ਵਿਚ।

[੨੮] ਧਰਮਸਾਲਾ ਸ੍ਰਦਾਰ ਬਾਘ ਸਿੰਘ ਵਾਲੀ ਗੁਰੂ ਕੇ ਮਹਿਲਾਂ ਦੇ ਕੋਲ ਸੰ: ੧੮੧੧ ਬਿ: ਵਿਚ ਬਣੀ।

[੨੯] ਧਰਮਸ਼ਾਲਾ ਅਚਾਰਜਾਂ ਵਾਲੀ ਕਟੜਾ ਪਰਜਾ ਸੰ: ੧੮੧੧ ਬਿ: ਵਿਚ ਬਣੀ।

[੩੦] ਧਰਮਸਾਲਾ ਭਾਈ ਨਿੱਕਾ ਸਿੰਘ ਨਿਰਮਲਾ ਕਟੜਾ ਪਰਜਾ, ੧੮੧੩ ਬਿ:

ਵਿਚ ਬਣੀ ।

[੩੧] ਧਰਮਸਾਲਾ ਧਰਮ ਸਿੰਘ ਪਸ਼ੌਰੀਆ ਕਟੜਾ ਆਹਲੂ ਵਾਲੀਆਂ, ੧੮੮੨ ਬਿ: ਵਿਚ ਬਣੀ ।

[੩੨] ਧਰਮਸਾਲਾ ਮਾਈ ਸਰੂਪੀ ਕਟੜਾ ਆਹਲੂਵਾਲੀਆਂ, ੧੮੬੯ ਬਿ: ਵਿਚ ਬਣੀ।

[੩੩] ਧਰਮਸਾਲਾ ਗੱਜਨ ਸ਼ਾਹ ਕਟੜਾ ਆਹਲੂ ਵਾਲੀਆਂ, ੧੮੫੨ ਬਿ: ਵਿਚ ਬਣੀ।

[੩੪] ਧਰਮਸਾਲਾ ਭਾਈ ਆਸਾ ਸਿੰਘ ਕਟੜਾ ਜੱਲ੍ਹੇ ਵਾਲੀਆਂ ੧੮੪੩ ਬਿ: ਵਿਚ ਬਣੀ।

[੩੫] ਧਰਮਸ਼ਾਲਾ ਸਵਾਇਆ ਸਿੰਘ ਪਸ਼ੌਰੀਆ ਕਟੜਾ ਜੱਲ੍ਹੇ ਵਾਲੀਆਂ ਵਿਚ, ੧੮੨੩ ਬਿ: ਨੂੰ ਬਣੀ ।

[੩੬] ਧਰਮਸਾਲਾ ਗੋਪਾਲ ਸਿੰਘ ਕਟੜਾ ਜੱਲ੍ਹੇ ਵਾਲੀਆਂ ਵਿਚ ।

[੩੭] ਧਰਮਸਾਲਾ ਹਜ਼ਾਰੇ ਵਾਲਿਆਂ ਦੀ ਕਟੜਾ ਜੱਲ੍ਹੇ ਵਾਲੀਆਂ ਵਿਚ ।

[੩੮] ਧਰਮਸਾਲਾ ਬਾਗ ਰਾਮਾ ਨੰਦ ਕਟੜਾ ਜੱਲ੍ਹੇ ਵਾਲੀਆਂ ਵਿਚ ।

[੩੯] ਧਰਮਸਾਲਾ ਚੰਦਾ ਸਿੰਘ ਬਰਕਤ ਸਿੰਘ ਕਟੜਾ ਜੱਲ੍ਹੇ ਵਾਲੀਆਂ ਵਿਚ ।

[੪੦] ਧਰਮਸਾਲਾ ਰਾਮ ਸਿੰਘ ਕੋਤਵਾਲ ਕਟੜਾ ਜੱਲ੍ਹੇ ਵਾਲੀਆਂ ਵਿਚ ।

[੪੧] ਧਰਮਸਾਲਾ ਸਰਬੰਗੀਆਂ ਕਟੜਾ ਜੱਲ੍ਹੇ ਵਾਲੀਆਂ ਵਿਚ ।

[੪੨] ਧਰਮਸਾਲਾ ਜੋਗੀਆਂ ਵਾਲੀ ਕਟੜਾ ਜੱਲ੍ਹੇ ਵਾਲੀਆਂ ਵਿਚ ।

[੪੩] ਧਰਮਸਾਲਾ ਬਾਗ ਜੱਲ੍ਹੇ ਵਾਲਿਆਂ ਕਟੜਾ ਜੱਲ੍ਹੇ ਵਾਲੀਆਂ ਵਿਚ ।

[੪੪] ਧਰਮਸਾਲਾ ਖੱਤਰੀਆਂ ਨੂਰ ਮਹਿਲੀਆਂ ਦੀ ਕਟੜਾ ਜੱਲ੍ਹੇ ਵਾਲੀਆਂ ਵਿਚ ।

[੪੫] ਧਰਮਸਾਲਾ ਚੰਦਾ ਸਿੰਘ ਨੂਰਪੁਰੀਆਂ ਵਾਲੀ ਕਟੜਾ ਜੱਲ੍ਹੇ ਵਾਲੀਆਂ ਵਿਚ ।

[੪੬] ਧਰਮਸਾਲਾ ਮਥਰਾ ਦਾਸ ਕਟੜਾ ਜੱਲ੍ਹੇ ਵਾਲਾ ਵਿਚ ੧੮੧੧ ਬਿ: ਨੂੰ ਬਣੀ ।

[੩੭] ਧਰਮਸਾਲਾ ਬ੍ਰਹਮ ਦਾਸ ਕਟੜਾ ਜ਼ੱਲ੍ਹੇ ਵਾਲਾ ਵਿਚ ੧੮੨੪ ਬਿ: ਨੂੰ ਬਣੀ ।

[੪੮] ਧਰਮਸਾਲਾ ਭਾਈ ਰਤਨ ਸਿੰਘ ਕਟੜਾ ਜੱਲ੍ਹੇ ਵਾਲੀਆਂ ਵਿਚ ੧੮੮੪ ਬਿ: ਨੂੰ ਬਣੀ ।

[੪੯] ਧਰਮਸਾਲਾ ਮੇਹਰ ਸ਼ਾਹ ਕਟੜਾ ਜੱਲ੍ਹੇ ਵਾਲੀਆਂ ਵਿਚ ੧੮੭੨ ਬਿ: ਨੂੰ ਬਣੀ ।

[੫੦] ਧਰਮਸਾਲਾ ਕਾਹਨ ਸਿੰਘ ਪਸ਼ੌਰੀਆ ਕਟੜਾ ਜੱਲ੍ਹੇ ਵਾਲੀਆਂ ਵਿਚ ੧੮੩੧ ਬਿ: ਨੂੰ ਬਣੀ ।

[੫੧] ਧਰਮਸਾਲਾ ਬ੍ਰਹਮ ਨਿਜ ਰੂਪ ਕਟੜਾ ਜੱਲ੍ਹੇ ਵਾਲੀਆਂ ਵਿਚ ।

[੫੨] ਧਰਮਸਾਲਾ ਬ੍ਰਹਮਹਜੂਰੀ ਕਟੜਾ ਜੱਲ੍ਹੇ ਵਾਲੀਆਂ ਵਿਚ ੧੮੪੫ ਬਿ: ਨੂੰ ਬਣੀ।

[੫੩] ਧਰਮਸਾਲਾ ਖੁਸ਼ੀ ਸ਼ਾਹ ਕਟੜਾ ਨਿਹਾਲ ਸਿੰਘ ਵਿਚ ੧੮੦੧ ਬਿ: ਨੂੰ ਬਣੀ।

[੫੪] ਧਰਮਸਾਲਾ ਬਾਬਾ ਗੋਪਾਲ ਸਿੰਘ ਕਟੜਾ ਨਿਹਾਲ ਸਿੰਘ ਵਿਚ ੧੮੬੦ ਬਿ:

[੫੫] ਧਰਮਸਾਲਾ ਦਯਾ ਰਾਮ ਕਟੜਾ ਨਿਹਾਲ ਸਿੰਘ ਵਿਚ ੧੮੮੭ ਬਿ: ਨੂੰ ਬਣੀ।

[੫੬] ਧਰਮਸਾਲਾ ਸਰਬਲੋਹੀਆਂ ਕਟੜਾ ਨਿਹਾਲ ਸਿੰਘ ਵਿਚ ੧੮੭੦ ਬਿ: ਨੂੰ ਬਣੀ।

[੫੭] ਧਰਮਸਾਲਾ ਭਾਈ ਮੁਸ਼ਤਾਕ ਸਿੰਘ ਨਿਰਮਲੇ ਵਾਲੀ ਕਟੜਾ ਨਿਹਾਲ ਸਿੰਘ ਵਾਲਾ ਵਿਚ ੧੮੭੧ ਬਿ: ਨੂੰ ਬਣੀ।

[੫੮] ਧਰਮਸਾਲਾ ਨਾਨਕ ਖੱਤਰੀ ਵਾਲੀ ਕਟੜਾ ਦਲ ਸਿੰਘ ਵਿਚ ੧੮੧੨ ਬਿ: ਨੂੰ ਬਣੀ।

[੫੯] ਧਰਮ ਸਾਲਾ ਹੁਕਮ ਸਿੰਘ ਵਾਲੀ ਕਟੜਾ ਦਲ ਸਿੰਘ ਵਿੱਚ ੧੯੧੭ ਬਿ: ਨੂੰ ਬਣੀ।

[੬੦] ਧਰਮ ਸਾਲਾ ਭਗਤ ਸਿੰਘ ਰਾਗੀ ਵਾਲੀ ਕਟੜਾ ਦੱਲ ਸਿੰਘ ਵਿਚ ੧੯੨੬ ਬਿ: ਨੂੰ ਬਣੀ।

[੬੧] ਧਰਮ ਸਾਲਾ ਪਰਤਾਪ ਸਿੰਘ ਵਾਲੀ ਕਟੜਾ ਦਲ ਸਿੰਘ ਵਿਚ ੧੮੮੨ ਬਿ. ਨੂੰ ਬਣੀ।

[੬੨] ਧਰਮਸਾਲਾ ਅਤਰ ਸਿੰਘ ਛੱਤੇ ਵਾਲਾ ਕਟੜਾ ਦਲ ਸਿੰਘ ਵਿਚ।

[੬੩] ਧਰਮਸਾਲਾ ਭਾਈ ਲਾਲ ਸਿੰਘ ਵਾਲੀ ਕਟੜਾ ਦਲ ਸਿੰਘ ਵਿਚ।

[੬੪] ਧਰਮਸਾਲਾ ਭਗਵਾਨ ਸਿੰਘ ਵਾਲੀ ਕਟੜਾ ਦਲ ਸਿੰਘ ਵਿਚ।

[੬੫] ਧਰਮਸਾਲਾ ਈਸ਼ਰ ਸਿੰਘ ਮਿਸ਼ਰੀ ਵਾਲੇ ਦੀ ਕਟੜਾ ਦਲ ਸਿੰਘ ਵਿਚ ੧੯੧੩ ਬਿ: ਨੂੰ ਬਣੀ।

[੬੬] ਧਰਮਸਾਲਾ ਲਾਲ ਸਿੰਘ ਠਾਕੁਰ ਦਵਾਰੇ ਵਾਲਾ ਕਟੜਾ ਦਲ ਸਿੰਘ ਵਿਚ।

[੬੭] ਧਰਮਸਾਲਾ ਅਮਰ ਸਿੰਘ ਕਟੜਾ ਦਲ ਸਿੰਘ ਵਿਚ।

[੬੮] ਧਰਸਸਾਲਾ ਫਤੇ ਸਿੰਘ ਰਾਗੀ ਕਟੜਾ ਦਲ ਸਿੰਘ ਵਿਚ।

[੬੯] ਧਰਮਸਾਲਾ ਆਤਮਾ ਸਿੰਘ ਪੀਰ ਕੋਟੀਆ ਕਟੜਾ ਦਲ ਸਿੰਘ ਵਿਚ।

[੭੦] ਧਰਮਸਾਲਾ ਆਤਮਾ ਸਿੰਘ ਨਾਰੋ ਕਟੜਾ ਦਲ ਸਿੰਘ ਵਿਚ।

[੭੧] ਧਰਮਸਾਲਾ ਸੰਧੀਆਂ ਵਾਲੀ ਕਟੜਾ ਦਲ ਸਿੰਘ ਵਿਚ।

[੭੨] ਧਰਮਸਾਲਾ ਮਹੰਤ ਹਰਨਾਮ ਦਾਸ ਕਟੜਾ ਦਲ ਸਿੰਘ ਵਿਚ।

[੭੩] ਧਰਮਸਾਲਾ ਗੁਰਸਾ ਸਿੰਘ ਗੁਰੂ ਬਾਜ਼ਾਰ ਵਿਚ ੧੮੦੦ ਬਿ: ਨੂੰ ਬਣਵਾਈ।

[੭੪] ਧਰਮਸਾਲਾ ਬਾਵਾ ਭਵਾਨੀ ਦਾਸ ਗੁਰੂ ਬਾਜ਼ਾਰ ਵਿਚ ੧੮੦੧ ਬਿ: ਨੂੰ ਬਣਵਾਈ।

(੭੫) ਧਰਮਸਾਲਾ ਭਾਈ ਪਰਸ ਰਾਮ ਬਾਜ਼ਾਰ ਪਟਰੰਗਾਂ ਵਿਚ ੧੯੧੨ ਬਿ: ਨੂੰ ਬਣੀ।
(੭੬) ਧਰਮਸਾਲਾ ਬਾਵਾ ਬਹੂ ਮਲੀ ਬਜ਼ਾਰ ਪਟਰੰਗਾਂ ਵਿਚ ੧੯੦੯ ਬਿ: ਨੂੰ ਬਣੀ ॥
(੭੭) ਧਰਮਸਾਲਾ ਜਮਨਾ ਮਾਈ ਬਜ਼ਾਰ ਪਟਰੰਗਾਂ ਵਿਚ ॥
(੭੮) ਧਰਮਸਾਲਾ ਕੁਸ਼ਲ ਦਾਸ ਬਜ਼ਾਰ ਪਟਰੰਗਾਂ ਵਿਚ ੧੭੬੫ ਬਿ: ਨੂੰ ਬਣੀ ॥
(੭੯) ਧਰਮਸਾਲਾ ਭਾਈ ਵਾਲੀ ਬਜ਼ਾਰ ਪਟਰੰਗਾਂ ਵਿਚ ੧੭੯੦ ਬਿ: ਨੂੰ ਬਣੀ ॥
(੮੦) ਧਰਮਸਾਲਾ ਭਾਈ ਪ੍ਰੇਮ ਅਚੱਲ ਬਜ਼ਾਰ ਪਟਰੰਗਾਂ ਵਿਚ ੧੯੧੪ ਬਿ: ਨੂੰ ਬਣੀ।
(੮੧) ਧਰਮਸਾਲਾ ਭਾਈ ਬਾਲ ਸਿੰਘ ਨਿਰਮਲਾ ਛੌਣੀ ਨਿਹੰਗਾਂ ਵਿਚ ੧੯੪੧ ਬਿ: ਨੂੰ ਬਣੀ ॥
(੮੨) ਧਰਮਸਾਲਾ ਸ਼ੇਰ ਸਿੰਘ ਛੌਣੀ ਨਿਹੰਗਾਂ ਵਿਚ ੧੯੯੩ ਬਿ: ਨੂੰ ਬਣੀ ॥
(੮੩) ਧਰਮਸਾਲਾ ਭਾਈ ਘਨਈਯਾ ਸਿੰਘ ਛੌਣੀ ਨਿਹੰਗਾਂ ਵਿਚ ੧੯੭੨ਬਿ: ਨੂੰ ਬਣੀ॥
(੮੪) ਧਰਮਸਾਲਾ ਭਾਈ ਕਰਮ ਸਿੰਘ ਛੌਣੀ ਨਿਹੰਗਾਂ ਵਿਚ ੧੯੯੦ ਬਿ: ਨੂੰ ਬਣੀ ॥
(੮੫) ਧਰਮਸਾਲਾ ਬ੍ਰਹਮ ਸਿੰਘ ਛੌਣੀ ਨਿਹੰਗਾਂ ਵਿਚ ੧੯੮੭ ਬਿ: ਨੂੰ ਬਣੀ ॥
(੮੬) ਧਰਮਸਾਲਾ ਪੰਜਾਬ ਸਿੰਘ ਛੌਣੀ ਨਿਹੰਗਾਂ ਵਿਚ।
(੮੭) ਧਰਮਸਾਲਾ ਨਿਹਾਲ ਸਿੰਘ ਛੌਣੀ ਨਿਹੰਗਾਂ ਵਿਚ ॥
(੮੮) ਧਰਮਸਾਲਾ ਫਤੇ ਸਿੰਘ ਅਯੁੱਧਿਆ ਬਾਸੀ ਛੌਣੀ ਨਿਹੰਗਾਂ ਵਿਚ ॥
(੮੯) ਧਰਮ ਸਾਲਾ ਖੰਡੂਰੀਆਂ ਵਾਲੀ ਛੌਣੀ ਨਿਹੰਗਾਂ ਵਿਚ ॥
(੯੦) ਧਰਮਸਾਲਾ ਨਾਮਧਾਰੀਆਂ ਵਾਲੀ ਛੌਣੀ ਨਿਹੰਗਾਂ ਵਿਚ ॥
(੯੧) ਧਰਮਸਾਲਾ ਰਾਗੀ ਲੋਕ ਸਿੰਘ ਵਾਲੀ ਛੌਣੀ ਨਿਹੰਗਾਂ ਵਿਚ।
(੯੨) ਧਰਮਸਾਲਾ ਵਰਿਆਮ ਸਿੰਘ ਛੌਣੀ ਨਿਹੰਗਾਂ ਵਿਚ।
(੯੩) ਧਰਮਸਾਲਾ ਭਾਗ ਸਿੰਘ ਵਾਲੀ ਕਟੜਾ ਮਹਾਂ ਸਿੰਘ ਵਿਚ ੧੯੪੦ ਬਿ: ਨੂੰ ਬਣੀ।
(੯੪) ਧਰਮਸਾਲਾ ਖੜਕ ਸਿੰਘ ਕਟੜਾ ਮਹਾਂ ਸਿੰਘ ਵਿਚ ੧੯੫੨ ਬਿ: ਨੂੰ ਬਣੀ।
(੯੫) ਧਰਮਸਾਲਾ ਕਿਰਪਾ ਰਾਮ ਕਟੜਾ ਮਹਾਂ ਸਿੰਘ ਵਿਚ ੧੯੭੦ ਬਿ: ਨੂੰ ਬਣੀ।
(੯੬) ਧਰਮਸਾਲਾ ਖੜਕ ਸਿੰਘ ਕਟੜਾ ਮਹਾਂ ਸਿੰਘ ਵਿਚ ੧੯੮੧ ਬਿ: ਨੂੰ ਬਣੀ।
(੯੭) ਧਰਮਸਾਲਾ ਮਾਈ ਚਾਂਦਨੀ ਕਟੜਾ ਜੈਮਲ ਸਿੰਘ ਵਿਚ ੧੯੫੩ ਬਿ: ਨੂੰ ਬਣੀ।
(੯੮) ਧਰਮਸਾਲਾ ਨਰਾਇਣ ਸਿੰਘ ਕਟੜਾ ਜੈਮਲ ਸਿੰਘ ਵਿਚ ੧੯੫੦ ਬਿ: ਨੂੰ ਬਣੀ।
(੯੯) ਧਰਮਸਾਲਾ ਗਣੇਸ਼ ਪੁਰੀ ਕਟੜਾ ਜੈਮਲ ਸਿੰਘ ਵਿਚ ੧੯੭੨ ਬਿ: ਨੂੰ ਬਣੀ।

(੧੦੦) ਧਰਮਸਾਲਾ ਬਟਾਲੀਆ ਮੱਲ ਕਟੜਾ ਜੈਮਲ ਸਿੰਘ ਵਿਚ ੧੮੫੦ ਬਿ: ਨੂੰ ਬਣੀ।

(੧੦੧) ਧਰਮਸਾਲਾ ਅਮਰ ਸਿੰਘ ਕਟੜਾ ਬੱਘੀਆਂ ਵਿਚ ੧੮੧੨ ਬਿ: ਨੂੰ ਬਣੀ।

(੧੦੨) ਧਰਮਸਾਲਾ ਗੁਰਦਿਤ ਸਿੰਘ ਕਟੜਾ ਬੱਘੀਆਂ ਵਿਚ ੧੮੫੨ ਬਿ: ਨੂੰ ਬਣੀ।

(੧੦੩) ਧਰਮਸਾਲਾ ਰੁਲਦੂ ਜਮੀਤਾ ਸ਼ਾਹ ਕਟੜਾ ਬੱਘੀਆਂ ਵਿਚ ੧੮੭੧ ਬਿ: ਨੂੰ ਬਣੀ।

(੧੦੪) ਧਰਮਸਾਲਾ ਜੋਧਾ ਸੈਲੀ ਕਟੜਾ ਬੱਘੀਆਂ ਵਿਚ ੧੮੮੦ ਬਿ: ਨੂੰ ਬਣੀ।

(੧੦੫) ਧਰਮਸਾਲਾ ਸੰਤੋਖ ਦਾਸ ਕਟੜਾ ਬੱਘੀਆਂ ਵਿਚ ੧੮੩੦ ਬਿ: ਨੂੰ ਬਣੀ।

(੧੦੬) ਧਰਮਸਾਲਾ ਨਾਨਕ ਖੰਥਾ ਕਟੜਾ ਘਨਈਯਾਂ ਵਿਚ ੧੮੬੦ ਬਿ: ਨੂੰ ਬਣੀ।

(੧੦੭) ਧਰਮਸਾਲਾ ਮਾਈ ਅਮਰੀ ਕਟੜਾ ਘਨਈਯਾਂ ਵਿਚ ੧੮੬੦ ਬਿ: ਨੂੰ ਬਣੀ।

(੧੦੮) ਧਰਮਸਾਲਾ ਹਜ਼ੂਰਾ ਸਿੰਘ ਕਟੜਾ ਘਨਈਯਾਂ ਵਿਚ।

(੧੦੯) ਧਰਮਸਾਲਾ ਗੁਰਦਿਤ ਸਿੰਘ ਕਟੜਾ ਘਨਈਯਾਂ ਵਿਚ।

(੧੧੦) ਧਰਮਸਾਲਾ ਉਦਾਸੀਆਂ ਵਾਲੀ ਕਟੜਾ ਘਨਈਆਂ ਵਿਚ।

(੧੧੧) ਧਰਮਮਾਲਾ ਨਾਨਕ ਸ਼ਾਹ ਕਟੜਾ ਘਨਈਯਾਂ ਵਿਚ।

(੧੧੨) ਧਰਮਸਾਲਾ ਜੱਸਾ ਸਿੰਘ ਵਾਲੀ ਕਟੜਾ ਕਨਈਜਾਂ ਵਿਚ।

(੧੧੩) ਧਰਮਸਾਲਾ ਭਾਈ ਦਾਸ ਕਟੜਾ ਘਨਈਯਾਂ ਵਿਚ ੧੯੦੦ ਬਿ: ਨੂੰ ਬਣੀ।

(੧੧੪) ਧਰਮਸਾਲਾ ਹਾਕਮ ਰਾਏ ਵਾਲੀ ਕਟੜਾ ਘਨਈਯਾਂ ਵਿਚ ੧੮੮੨ ਬਿ: ਨੂੰ ਬਣੀ।

(੧੧੫) ਧਰਮਸਾਲਾ ਗੰਗਾ ਰਾਮ ਵਾਲੀ ਕਟੜਾ ਘਨਈਯਾਂ ਵਿਚ ੧੯੦੮ ਬਿ: ਵਿਚ ਬਣੀ।

(੧੧੬) ਧਰਮਸਾਲਾ ਲੱਛੂ ਰਾਮ ਭਾਬੜੇ ਵਾਲੀ ਕਟੜਾ ਘਨਈਯਾਂ ਵਿਚ ੧੯੦੮ ਬਿ: ਨੂੰ ਬਣੀ।

(੧੧੭) ਧਰਮਸਾਲਾ ਅਡਣ ਸ਼ਾਹੀਆਂ ਮਜੀਠ ਮੰਡੀ ਵਿਚ ੧੮੭੧ ਬਿ: ਨੂੰ ਬਣੀ।

(੧੧੮) ਧਰਮਸਾਲਾ ਭਾਈ ਸਵਾਯਾ ਰਾਮ ਕਨਕ ਮੰਡੀ ਵਿਚ ੧੮੭੫ ਬਿ: ਨੂੰ ਬਣੀ।

(੧੧੯) ਧਰਮਸਾਲਾ ਰੱਤਾ ਮਲ ਵਾਲੀ ਕਨਕ ਮੰਡੀ ਵਿਚ ੧੮੯੨ ਬਿ: ਨੂੰ ਬਣੀ।

(੧੨੦) ਧਰਮਸਾਲਾ ਆਯਾ ਸਿੰਘ ਵਾਲੀ ਕੂਚਾ ਗੰਢਾਂ ਵਿਚ।

(੧੨੧) ਧਰਮਸਾਲਾ ਕੰਧਾਰੀਆਂ ਵਾਲੀ ਕਨਕ ਮੰਡੀ ਵਿਚ ੧੮੮੨ ਬਿ: ਨੂੰ ਬਣੀ।

(੧੨੨) ਧਰਮਸਾਲਾ ਨਿਰੰਜਨ ਦਾਸ ਬੈਰਾਗੀ ਕਨਕ ਮੰਡੀ ਵਿਚ ੧੮੧੪ ਬਿ:

ਨੂੰ ਬਣੀ।

[੧੨੩] ਧਰਮਸਾਲਾ ਰਾਮ ਸਿੰਘ ਬੈਰਾਗੀ ਲੂਨ ਮੰਡੀ ਵਿਚ ੧੯੦੫ ਬਿ: ਨੂੰ ਬਣੀ ॥

[੧੨੪] ਧਰਮਸਾਲਾ ਬ੍ਰਹਮ ਦਾਸ ਬੈਰਾਗੀ ਲੂਨ ਮੰਡੀ ਵਿਚ ੧੮੩੭ ਬਿ: ਨੂੰ ਬਣੀ ॥

[੧੨੫] ਧਰਮਸਾਲਾ ਰੋਡੂ ਦਾਸ ਬੈਰਾਗੀ ਲੂਨ ਮੰਡੀ ਵਿਚ ॥

[੧੨੬] ਧਰਮਸਾਲਾ ਮੇਹਰ ਦਾਸ ਬੈਰਾਗੀ ਲੂਨ ਮੰਡੀ ਵਿਰ ॥

]੧੨੭] ਧਰਮਸਾਲਾ ਦਿਆਲ ਦਾਸ ਬੈਰਾਗੀ ਲੂਣ ਮੰਡੀ ਵਿਚ ॥

[੧੨੮] ਧਰਮਸਾਲਾ ਕਲਿਆਨ ਦਾਸ ਬੈਰਾਗੀ ਲੂਨ ਮੰਡੀ ਵਿਚ ॥

[੧੨੯] ਧਰਮਸਾਲਾ ਬੇਦੀ ਲੁਕਮਾਨ ਸਿੰਘ ਵਾਲੀ ਕਟੜਾ ਵਸਤੀ ਰਾਮ ਵਿਚ ੧੮੬੨ ਬਿ: ਨੂੰ ਬਣੀ ॥

[੧੩੦] ਧਰਮਸਾਲਾ ਬਾਵਾ ਸਰੂਪ ਦਾਸ ਕਿਲਾ ਭੰਗੀਆਂ ਵਿਚ ੧੮੪੪ ਬਿ: ਨੂੰ ਬਣੀ।

[੧੩੧] ਧਰਮਸਾਲਾ ਰਾਮ ਦੇਵੀ ਕਿਲਾ ਭੰਗੀਆਂ ਵਿਚ ੧੯੦੧ ਬਿ: ਨੂੰ ਬਣੀ।

[੧੩੨] ਧਰਮਸਾਲਾ ਤਲੋਕ ਦਾਸ ਕਟੜਾ ਬਸਤੀ ਰਾਮ ਵਿਚ ੧੮੭੭ ਬਿ: ਨੂੰ ਬਣੀ।

[੧੩੩] ਧਰਮਸਾਲਾ ਭਾਈ ਬਸਤੀ ਰਾਮ ਕਟੜਾ ਬਸਤੀ ਰਾਮ ਵਿਚ ੧੮੫੫ ਬਿ: ਨੂੰ ਬਣੀ।

[੧੩੪] ਧਰਮਸਾਲਾ ਮਿਤ ਰਾਮ ਕਟੜਾ ਵਸਤੀ ਰਾਮ ਵਿਚ ੧੮੫– ਬਿ: ਨੂੰ ਬਣੀ।

[੧੩੫] ਧਰਮਸਾਲਾ ਊਧੋ ਦਾਸ ਵਾਲੀ ਕਟੜਾ ਬਸਤੀ ਰਾਮ ਵਿਚ ੧੮੪੦ ਬਿ: ਨੂੰ ਬਣੀ।

]੧੩੬] ਧਰਮਸਾਲਾ ਕੰਬੋਆਂ ਕਟੜਾ ਰਾਮਗੜ੍ਹੀਆਂ ਵਿਚ ੧੮੧੩ ਬਿ: ਨੂੰ ਬਣੀ।

[੧੩੭] ਧਰਮਸਾਲਾ ਭਾਈ ਸੈਨਾ ਸਿੰਘ ਕਟੜਾ ਰਾਮਗੜ੍ਹੀਆਂ ਵਿਚ ੧੮੧੨ ਬਿ: ਨੂੰ ਬਣੀ।

[੧੩੮] ਧਰਮਸਾਲਾ ਭਾਈ ਮੇਲਾ ਰਾਮ ਕਟੜਾ ਰਾਮਗੜ੍ਹੀਆਂ ਵਿਚ ੧੮੭੨ ਬਿ: ਨੂੰ ਬਣੀ।

[੧੩੯] ਧਰਮਸਾਲਾ ਮੱਕੜਾਂ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੮੬੬ ਬਿ: ਨੂੰ ਬਣੀ।

[੧੪੦] ਧਰਮਸਾਲਾ ਭਾਈ ਬੱਲਾ ਸਿੰਘ ਕਟੜਾ ਰਾਮਗੜ੍ਹੀਆਂ ਵਿਚ ੧੮੭੨ ਬਿ: ਨੂੰ ਬਣੀ।

[੧੪੧] ਧਰਮਸਾਲਾ ਅਰਦਾਸੀਆਂ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੮੮੧ ਬਿ: ਨੂੰ ਬਣੀ।

[੧੪੨] ਧਰਮਸਾਲਾ ਜੀਵਨ ਸਿੰਘ, ਕਟੜਾ ਰਾਮਗੜ੍ਹੀਆਂ ਵਿਚ ੧੮੭੦ ਬਿ:

ਨੂੰ ਬਣੀ ।

[੧੪੩] ਧਰਮਸਾਲਾ ਰਾਮਦਾਸ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੯੭੫ ਬਿ: ਨੂੰ ਬਣੀ।

[੧੪੪] ਧਰਮਸਾਲਾ ਗੰਡਾ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੯੬੦ ਬਿ: ਨੂੰ ਬਣੀ।

[੧੪੫] ਧਰਮਸਾਲਾ ਅਨੋਖੇ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੯੫੨ ਬਿ: ਨੂੰ ਬਣੀ।

[੧੪੬] ਧਰਮਸਾਲਾ ਭਾਈ ਕਾਕਾ ਸਿੰਘ ਕਟੜਾ ਰਾਮਗੜ੍ਹੀਆਂ ਵਿਚ ੧੯੭੦ ਬਿ: ਨੂੰ ਬਣੀ ।

[੧੪੭] ਤਿੰਨ ਧਰਮਸਾਲਾ ਠਾਕਰ ਦਿਆਲ ਸਿੰਘ ਵਾਲੀਆਂ ਕਟੜਾ ਰਾਮਗੜ੍ਹੀਆਂ ਵਿਚ ਸੰ: ੧੯੮੨ ਬਿ: ਨੂੰ ਬਣੀਆਂ ।

[੧੪੮] ਧਰਮਸਾਲਾ ਅੰਤਰ ਜਾਮੀਆਂ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੯੫੮ ਬਿ: ਨੂੰ ਬਣੀ।

[੧੪੯] ਧਰਮਸਾਲਾ ਭਾਈ ਪ੍ਰਦੁਮਣ ਸਿੰਘ ਕਟੜਾ ਰਾਮਗੜ੍ਹੀਆਂ ਵਿਚ ੧੯੪੨ ਬਿ: ਨੂੰ ਬਣੀ।

[੧੫੦] ਧਰਮਸਾਲਾ ਖੂਹ ਵਾਲੀ ਨੁੱਕਰ ਪਰ ਕਟੜਾ ਰਾਮਗੜ੍ਹੀਆਂ ਵਿਚ ।

[੧੫੧] ਧਰਮਸਾਲਾ ਜੱਸਾ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ।

[੧੫੨] ਧਰਮਸਾਲਾ ਦਿਆਲ ਸਿੰਘ ਬਾਗ ਵਾਲਾ ਕਟੜਾ ਰਾਮਗੜ੍ਹੀਆਂ ਵਿਚ ੧੯੦੯ ਬਿ: ਨੂੰ ਬਣੀ ।

[੧੫੩] ਤਿੰਨ ਧਰਮਸਾਲਾਂ ਜੈ ਸਿੰਘ ਵਾਲੀਆਂ ਕਟੜਾ ਰਾਮਗੜ੍ਹੀਆਂ ਵਿਚ ੧੯੧੪ ਬਿ: ਨੂੰ ਬਣੀਆਂ ।

[੧੫੪] ਧਰਮਸਾਲਾ ਮਿਸਰਾ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੯੦੭ ਬਿ: ਨੂੰ ਬਣੀ।

[੧੫੫] ਧਰਮੱਸਾਲਾ ਫਤੇ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੯੮੨ ਬਿ: ਨੂੰ ਬਣੀ।

[੧੫੬] ਧਰਮਸਾਲਾ ਖੁਸ਼ਹਾਲ ਸਿੰਘ ਕਟੜਾ ਰਾਮਗੜ੍ਹੀਆਂ ਵਿਚ ੧੯੧੦ ਬਿ: ਨੂੰ ਬਣੀ ।

[੧੫੭] ਧਰਮਸਾਲਾ ਅਮੀਰ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੯੨੦ ਬਿ:

ਨੂੰ ਬਣੀ।

(੧੫੮) ਧਰਮਸਾਲਾ ਬਾਵਾ ਪ੍ਰੇਮ ਦਾਸ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੮੪੦ ਬਿ: ਨੂੰ ਬਣੀ।

(੧੫੯) ਧਰਮਸਾਲਾ ਅਤਰ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੮੫੭ ਬਿ: ਨੂੰ ਬਣੀ।

(੧੬੦) ਧਰਮਸਾਲਾ ਦੂਲੋ ਰਾਮ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੮੫੨ ਬਿ: ਨੂੰ ਬਣੀ।

(੧੬੧) ਧਰਮਸਾਲਾ ਕਾਹਨ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੮੯੨ ਬਿ: ਨੂੰ ਬਣੀ।

(੧੬੨) ਧਰਮਸਾਲਾ ਊਧੋ ਦਾਸ ਕਟੜਾ ਰਾਮਗੜ੍ਹੀਆਂ ਵਿਚ ੧੯੦੪ ਬਿ: ਨੂੰ ਬਣੀ।

(੧੬੩) ਧਰਮਸਾਲਾ ਮੱਖਣ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ੧੯੨੨ ਬਿ: ਨੂੰ ਬਣੀ।

(੧੬੪) ਧਰਮਸਾਲਾ ਭਾਈ ਕਰਮ ਸਿੰਘ ਵਾਲੀ ਕਟੜਾ ਕਰਮ ਸਿੰਘ ੧੮੪੦ ਬਿ: ਨੂੰ ਬਣੀ।

(੧੬੫) ਧਰਮਸਾਲਾ ਜ਼ਹਾਂਗੀਰ ਮੱਲ ਵਾਲੀ ਕਟੜਾ ਕਰਮ ਸਿੰਘ ਵਿਚ ੧੯੦੬ ਬਿ: ਨੂੰ ਬਣੀ।

(੧੬੬) ਧਰਮਸਾਲਾ ਭਾਈ ਮੂਲ ਸਿੰਘ ਵਾਲੀ ਕਟੜਾ ਕਰਮ ਸਿੰਘ ਵਿਚ ੧੮੭੧ ਬਿ: ਨੂੰ ਬਣੀ।

(੧੬੭) ਧਰਮਸਾਲਾ ਭਾਈ ਸ਼ੇਰ ਸਿੰਘ ਵਾਲੀ ਕਟੜਾ ਕਰਮ ਸਿੰਘ ਵਿਚ ੧੮੭੭ ਬਿ: ਨੂੰ ਬਣੀ।

(੧੬੮) ਧਰਮਸਾਲਾ ਗਿਆਨ ਦਾਸ ਵਾਲੀ ਕਟੜਾ ਕਰਮ ਸਿੰਘ ਵਿਚ ੧੮੭੨ ਬਿ: ਨੂੰ ਬਣੀ।

(੧੬੯) ਧਰਮਸਾਲਾ ਲੋੜੀਂਦਾ ਮੱਲ ਵਾਲੀ ਕਟੜਾ ਕਰਮ ਸਿੰਘ ਵਿਚ ੧੮੯੦ ਬਿ: ਨੂੰ ਬਣੀ।

(੧੭੦) ਧਰਮਸਾਲਾ ਸੇਵਾ ਰਾਮ ਵਾਲੀ ਕਟੜਾ ਕਰਮ ਸਿੰਘ ਵਿਚ ੧੮੯੭ ਬਿ: ਨੂੰ ਬਣੀ।

(੧੭੧) ਧਰਮਸਾਲਾ ਦਿਆਲ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ।

(੧੭੨) ਧਰਮਸਾਲਾ ਰਾਮ ਸਿੰਘ ਪੋਠੋਹਾਰੀਆ ਕਟੜਾ ਰਾਮਗੜ੍ਹੀਆਂ ਵਿਚ।

(੧੭੩) ਧਰਮਸਾਲਾ ਪ੍ਰਮਾਤਮਾ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ।

(੧੭੪) ਧਰਮਸਾਲਾ ਜਵਾਹਰ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ।

(੧੭੫) ਧਰਮਸਾਲਾ ਸਵਾਇਆ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ।

(੧੭੬) ਧਰਮਸਾਲਾ ਸੋਭਾ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ।

(੧੭੭) ਧਰਮਸਾਲਾ ਸਿੱਖਾਂ ਵਾਲੀ ਕਟੜਾ ਰਾਮਗੜ੍ਹੀਆਂ ਵਿਚ ।

(੧੭੮) ਧਰਸਸਾਲਾ ਕੂਮਾਂ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ।

(੧੭੯) ਧਰਮਸਾਲਾ ਬਬੇਕਾ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ।

(੧੮੦) ਧਰਮਸਾਲਾ ਗੰਗਾ ਗਿਰ ਵਾਲੀ ਕਟੜਾ ਦਲ ਸਿੰਘ ਵਿਚ ੧੮੬੨ ਬਿ: ਨੂੰ ਬਣੀ ।

(੧੮੧) ਧਰਮਸਾਲਾ ਮਾਈ ਮੰਗਲਾਂ ਕਟੜਾ ਦੱਲ ਸਿੰਘ ਵਿਚ ੧੮੯੫ ਬਿ: ਨੂੰ ਬਣੀ ।

(੧੮੨) ਧਰਮਸਾਲਾ ਮਾਈ ਗੰਗਾ ਵਾਲੀ ਕੌਲਸਰ ਉੱਤੇ ।

(੧੮੩) ਧਰਮਸਾਲਾ ਗੁਰਦਿਤ ਸਿੰਘ ਵਾਲੀ ਕੌਲਸਰ ਉੱਤੇ ।

(੧੮੪) ਧਰਮਸਾਲਾ ਲਾਲ ਸਿੰਘ ਵਾਲੀ ਕੌਲਸਰ ਉੱਤੇ ।

(੧੮੫) ਧਰਮਸਾਲਾ ਬਾਲਕ ਰਾਮ ਵਾਲੀ ਕੌਲਸਰ ਉੱਤੇ ।

(੧੮੬) ਧਰਮਸਾਲਾਂ ਰਾਮ ਸਿੰਘ ਵਾਲੀ ਕੌਲਸਰ ਉੱਤੇ ।

(੧੮੭) ਧਰਮਸਾਲਾ ਜੈਰਾਮ ਸਿੰਘ ਵਾਲੀ ਕਟੜਾ ਦੱਲ ਸਿੰਘ ਵਿਚ ੧੯੦੪ ਬਿ: ਵਿਚ ਬਣੀ ।

(੧੮੮) ਧਰਮਸਾਲਾ ਹਰਸਾ ਸਿੰਘ ਵਾਲੀ ਕਟੜਾ ਦਲ ਸਿੰਘ ਵਿਚ ੧੮੭੦ ਬਿ: ਨੂੰ ਬਣੀ ।

(੧੮੯) ਧਰਮਸਾਲਾ ਮਾਨ ਸਿੰਘ ਵਾਲੀ ਕਟੜਾ ਦਲ ਸਿੰਘ ਵਿਚ ੧੮੮੧ ਬਿ: ਨੂੰ ਬਣੀ ।

(੧੯੦) ਧਰਮਸਾਲਾ ਰਾਮ ਸਿੰਘ ਵਾਲੀ ਕਟੜਾ ਗਰਭਾ ਸਿੰਘ ਵਿਚ ੧੮੯੧ ਬਿ: ਨੂੰ ਬਣੀ ।

(੧੯੧) ਧਰਮਸਾਲਾ ਭਾਈ ਕਾਹਨ ਸਿੰਘ ਵਾਲੀ ਕਟੜਾ ਗਰਭਾ ਸਿੰਘ ਵਿਚ ੧੮੮੨ ਬਿ: ਨੂੰ ਬਣੀ ।

(੧੯੨) ਧਰਮਸਾਲਾ ਭਾਈ ਜੋਗਾ ਸਿੰਘ ਵਾਲੀ ਕਟੜਾ ਗਰਭਾ ਸਿੰਘ ਵਿਚ ੧੭੯੨ ਬਿ: ਨੂੰ ਬਣੀ ।

(੧੯੩) ਧਰਮਸਾਲਾ ਤੁਲਸਾ ਸਿੰਘ ਵਾਲੀ ਕਟੜਾ ਗਰਭਾ ਸਿੰਘ ਵਿਚ ੧੮੯੮ ਬਿ: ਨੂੰ ਬਣੀ ।

(੧੯੪) ਧਰਮਸਾਲਾ ਜਵਾਹਰ ਸਿੰਘ ਵਾਲੀ ਕਟੜਾ ਗਰਭਾ ਸਿੰਘ ਵਿਚ ੧੯੨੨

ਬਿ: ਨੂੰ ਬਣੀ।

(੧੯੫) ਧਰਮਸਾਲਾ ਸੱਤੋ ਵਾਲੀ ਕਟੜਾ ਗਰਭਾ ਸਿੰਘ ਵਿਚ।

(੧੯੬) ਧਰਮਸਾਲਾ ਸੁਥਰਿਆਂ ਵਾਲੀ ਚੌਲ ਮੰਡੀ ਵਿਚ ਬਣੀ।

(੧੯੭) ਧਰਮਸਾਲਾ ਮੋਹਨ ਦਾਸ ਸ਼ਕਾਰਪੁਰੀ ਵਾਲੀ ਚੌਲ ਮੰਡੀ ਵਿਚ ਬਣੀ।

(੧੯੮) ਧਰਮਸਾਲਾ ਹਰੀ ਦਾਸ ਪਸ਼ੌਰੀਏ ਵਾਲੀ ਚੌਲ ਮੰਡੀ ਵਿਚ ਬਣੀ।

(੧੯੯) ਧਰਮਸਾਲਾ ਮਾਈ ਸਰਸੂਤੀ ਵਾਲੀ ਚੌਲ ਮੰਡੀ ਵਿਚ ਬਣੀ।

(੨੦੦) ਧਰਮਸਾਲਾ ਮੋਹਨ ਦਾਸ ਪੋਠੋ ਹਾਰੀਏ ਵਾਲੀ ਕਟੜਾ ਰਾਮਗੜ੍ਹੀਆਂ ਵਿਚ ਬਣੀ।

(੨੦੧) ਧਰਮਸਾਲਾ ਅਤਰ ਸਿੰਘ ਵਾਲੀ ਕਟੜਾ ਰਾਮਗੜ੍ਹੀਆਂ ਵਿਚ ਬਣੀ।

(੨੦੨) ਧਰਮਸਾਲਾ ਘੋਨਾ ਵਾਲੀਆਂ ਕਟੜਾ ਰਾਮਗੜ੍ਹੀਆਂ ਵਿਚ ਬਣੀ।

(੨੦੩) ਧਰਮਸਾਲਾ ਪਸ਼ੌਰੀਆਂ ਵਾਲੀ ਕਟੜਾ ਰਾਮ ਗੜ੍ਹੀਆਂ ਵਿਚ ਬਣੀ।

(੨੦੪) ਧਰਮਸਾਲਾ ਅਪਰ ਦਾਸ ਵਾਲੀ ਕਟੜਾ ਜਲ੍ਹਿਆਂ ਵਾਲੀਆਂ ਵਿਚ ਬਣੀ।

(੨੦੫) ਧਰਮਸਾਲਾ ਗੰਗਾ ਰਾਮ ਵਾਲੀ ਕਟੜਾ ਮਹਾਂ ਸਿੰਘ ਵਿਚ ਬਣੀ।

(੨੦੬) ਧਰਮਸਾਲਾ ਕਿਸ਼ਨ ਦਾਸ ਵਾਲੀ ਕੋਤਵਾਲੀ ਦੇ ਪਾਸ ਹੈ।

(੨੦੭) ਧਰਮਸਾਲਾ ਗੌਰੀ ਸ਼ਰਨ, ਕਮਾਨੀ ਦੂਵਾਜ਼ੇ।

(੨੦੮) ਧਰਮਸਾਲਾ ਪਟਨ ਵਾਲੀ ਕਮਾਨੀ ਦਰਵਾਜ਼ੇ।

(੨੦੯) ਧਰਮਸਾਲਾ ਕਿਰਪਾ ਰਾਮ ਵਾਲੀ ਕਮਾਨੀ ਦਰਵਾਜੇ।

(੨੧੦) ਧਰਮਸਾਲਾ ਢੁੰਮਨ ਸ਼ਾਹ ਵਾਲੀ ਹਾਥੀ ਦਰਵਾਜਾ।

(੨੧੧) ਧਰਮਸਾਲਾ ਮੰਗਲ ਦਾਸ ਵਾਲੀ ਹਾਥੀ ਦਰਵਾਜਾ।

(੨੧੨) ਧਰਮਸਾਲਾ ਸਾਂਈ ਦਾਸ ਵਾਲੀ ਟੋਕਰੀ ਬਜਾਰ ਵਿਚ।

(੨੧੩) ਧਰਮਸਾਲਾ ਸਈਅਦ ਪੂਰੀਆਂ ਵਾਲੀ ਕੂਚਾ ਖਰਾਸੀਆਂ ਵਿਚ।

(੨੧੪) ਧਰਮਸਾਲਾ ਕਾਹਨ ਸਿੰਘ ਕੋਤਵਾਲ ਵਾਲੀ ਕਟੜਾ ਜੱਲੇ ਵਾਲੀਆਂ ਵਿਚ।

(੨੧੫) ਧਰਮਸਾਲਾ ਕੈਲਾਸ਼ ਦੇਵ, ਲੂਨ ਮੰਡੀ ਵਿਚ।

ਵੇਰਵਾ ਸਮਾਧਾਂ

(੧) ਸਮਾਧ ਭਾਈ ਮੱਖਣ ਸਿੰਘ ਕਟੜਾ ਹਕੀਮਾਂ ਵਿਚ ੧੮੬੨ ਬਿ: ਨੂੰ ਬਣੀ।

(੨) ਸਮਾਧ ਭਾਈ ਦੇਵਾ ਸਿੰਘ ਕਟੜਾ ਹਕੀਮਾਂ ਵਿਚ ਹੈ ੧੮੮੦ ਬਿ: ਵਿੱਚ ਬਣੀ।

(੩) ਸਮਾਧ ਸੰਤੋਖ ਦਾਸ ਕਟੜਾ ਰਾਮਗੜੀਆਂ ਵਿਚ, ੧੮੫੧ ਬਿ: ਨੂੰ ਬਣੀ।
(੪) ਸਮਾਧ ਆਪ ਬ੍ਰਹਮ ਕਟੜਾ ਰਾਮਗੜੀਆਂ ਵਿਚ ੧੮੯੧ ਬਿ: ਨੂੰ ਬਣੀ।
(੫) ਸਮਾਧ ਬ੍ਰਹਮ ਹਰੀ ਕਟੜਾ ਰਾਮਗੜ੍ਹੀਆਂ ਵਿਚ ੧੯੦੯ ਬਿ; ਵਿਚ ਬਣੀ।
(੬) ਸਮਾਧ ਮਨੋਕਾਮਨਾ ਸਿੰਘ ਕਟੜਾ ਰਾਮਗੜੀਆਂ ਵਿਚ ੧੮੯੨ ਬਿ: ਨੂੰ ਬਣੀ।
(੭) ਸਮਾਧ ਸ੍ਰ: ਦੇਸਾ ਸਿੰਘ ਕਟੜਾ ਰਾਮਗੜ੍ਹੀਆਂ ਵਿਚ ੧੯੦੮ਬਿ: ਨੂੰ ਬਣੀ।
(੮) ਸਮਾਧ ਸ੍ਰ: ਜੈ ਸਿੰਘ ਕਮਲਾ ਕਟੜਾ ਰਾਮਗੜ੍ਹੀਆਂ ਵਿਚ ੧੯੦੨ ਬਿ: ਨੂੰ ਬਣੀ।
(੯) ਸਮਾਧ ਰੁਲਦੂ ਸਿੰਘ ਕਟੜਾ ਰਾਮਗੜ੍ਹੀਆਂ ਵਿਚ।
(੧੦) ਸਮਾਧ ਭਾ: ਅਤਰ ਸਿੰਘ ਕਟੜਾ ਰਾਮਗੜ੍ਹੀਆਂ ਵਿਚ ੧੮੮੨ ਬਿ: ਨੂੰ ਬਣੀ।
(੧੧) ਸਮਾਧ ਘੁਮੰਡ ਦਾਸ ਕਟੜਾ ਰਾਮਗੜ੍ਹੀਆਂ ਵਿਚ ੧੮੮੭ ਬਿ: ਨੂੰ ਬਣੀ।
(੧੨) ਸਮਾਧ ਬ੍ਰਹਮ ਦਾਸ ਕਟੜਾ ਰਾਮਗੜ੍ਹੀਆਂ ਵਿਚ ੧੮੮੯ ਬਿ: ਨੂੰ ਬਣੀ।
(੧੩) ਸਮਾਧ ਮਗਨੀ ਰਾਮ ਕਟੜਾ ਰਾਮਗੜ੍ਹੀਆਂ ਵਿਚ ੧੮੯੧ ਬਿ: ਨੂੰ ਬਣੀ।
(੧੪) ਸਮਾਧ ਸਾਧੂ ਰਾਮ ਕਿਲਾ ਭੰਗੀਆਂ ਵਿਚ ੧੯੦੯ ਬਿ: ਨੂੰ ਬਣੀ।
(੧੫) ਸਮਾਧ ਮਾਈ ਸੇਵਾਂ ਕਿਲਾ ਭੰਗੀਆਂ ਵਿਚ ੧੮੯੮ ਬਿ: ਨੂੰ ਬਣੀ।
(੧੬) ਸਮਾਧ ਸੰਤੋਖ ਗਿਰ ਕਿਲਾ ਭੰਗੀਆਂ ਵਿਚ ੧੯੦੨ ਬਿ: ਨੂੰ ਬਣੀ।
(੧੭) ਸਮਾਧ ਚੰਦਾ ਸਿੰਘ ਕਿਲਾ ਭੰਗੀਆਂ ਵਿਚ ੧੮੯੩ ਬਿ: ਨੂੰ ਬਣੀ।
(੧੮) ਸਮਾਧ ਔਘੜ ਜੋਗੀ ਕਿਲਾ ਭੰਗੀਆਂ ਵਿਚ ੧੮੬੨ ਬਿ: ਨੂੰ ਬਣੀ।
(੧੯) ਸਮਾਧ ਆਤਮਾ ਸਿੰਘ ਕਿਲਾ ਭੰਗੀਆਂ ਵਿਚ ੧੮੭੦ ਬਿ: ਨੂੰ ਬਣੀ।
(੨੦` ਸਮਾਧ ਪੂਰਨ ਗਿਰੀ ਲੂਣ ਮੰਡੀ ਵਿਚ ੧੯੦੮ ਬਿ: ਨੂੰ ਬਣੀ।
(੨੧) ਸਮਾਧ ਰਤਨ ਪੁਰੀ ਲੂਨ ਮੰਡੀ ਵਿਚ ੧੮੬੨ ਬਿ: ਨੂੰ ਬਣੀ।
(੨੨) ਸਮਾਧ ਰਾਮ ਦਿਆਲ ਬੇਪਰਵਾਹ ਲੂਣ ਮੰਡੀ ਵਿਚ।
(੨੩) ਸਮਾਧ ਭਾਈ ਵਸਤੀ ਰਾਮ ਕਟੜਾ ਵਸਤੀ ਰਾਮ ਵਿਚ ੧੮੬੨ ਬਿ: ਨੂੰ ਬਣੀ।
(੨੪) ਸਮਾਧ ਗੁਰਦਿਆਲ ਕਟੜਾ ਮਿਤ ਸਿੰਘ ਵਿਚ ੧੯੦੯ ਬਿ: ਨੂੰ ਬਣੀ।
(੨੫) ਸਮਾਧ ਭਾਈ ਗਰੀਬੂ ਸ਼ਾਹ ਕਟੜਾ ਮਿਤ ਸਿੰਘ ਵਿਚ ੧੮੬੭ ਬਿ: ਨੂੰ ਬਣੀ।
(੨੬) ਸਮਾਧ ਭਾਗ ਸਿੰਘ ਕਟੜਾ ਦਲ ਸਿੰਘ ਵਿਚ ੧੮੮੭ ਬਿ: ਨੂੰ ਬਣੀ।
(੨੭) ਸਮਾਧ ਨਿਹਾਲ ਸਿੰਘ ਕਟੜਾ ਦੱਲ ਸਿੰਘ ਵਿਚ ੧੮੮੬ ਬਿ: ਨੂੰ ਬਣੀ।
(੨੮) ਸਮਾਧ ਰਾਮ ਦਿਆਲ ਕਟੜਾ ਦੱਲ ਸਿੰਘ ਵਿਚ।
(੨੯) ਸਮਾਧ ਬਾਵਾ ਦੇਸਾ ਸਿੰਘ ਕਟੜਾ ਦੱਲ ਸਿੰਘ ਵਿਚ।
(੩੦) ਸਮਾਧ ਸ੍ਰ: ਪਰਤਾਪ ਸਿੰਘ ਨੂਰਮਹਿਲੀਏ ਦੀ ਕਟੜਾ ਜੱਲੇ ਵਾਲੀਆਂ ਵਿਚ।

(੩੧) ਸਮਾਧ ਰਾਣੀ ਸਦਾ ਕੌਰ, ਬਾਬਾ ਅਟੱਲ ਜੀ ਦੇ ਕੋਲ।

(੩੨) ਸਮਾਧ ਰਾਣੀ ਮਤਾਬ ਕੌਰ ਬਾਬਾ ਅਟੱਲ ਜੀ ਦੇ ਕੋਲ।

(੩੩) ਸਮਾਧ ਸ੍ਰ: ਦਰਬਾਰਾ ਸਿੰਘ ਬਾਬਾ ਅਟੱਲ ਸਾਹਿਬ ਜੀ ਦੇ ਕੋਲ।

(੩੪) ਸਮਾਧ ਸ੍ਰ: ਜੋਧ ਸਿੰਘ ਬਾਬਾ ਅਟੱਲ ਜੀ ਦੇ ਕੋਲ।

(੩੫) ਸਮਾਧ ਸ੍ਰ: ਜੱਸਾ ਸਿੰਘ ਆਹਲੂ ਵਾਲੀਏ ਦੀ ਬਾਬਾ ਅਟੱਲ ਜੀ ਦੇ ਕੋਲ।

(੩੬) ਸਮਾਧ ਗਿਆਨੀ ਸੰਤ ਸਿੰਘ ਜੀ ਦੀ ਬਾਬਾ ਅਟੱਲ ਜੀ ਦੇ ਕੋਲ ੧੮੯੧ ਬਿ: ਨੂੰ ਬਣੀ।

ਨੋਟ--ਬਾਬਾ ਅਟੱਲ ਜੀ ਦੇ ਉੱਤਰ ਵੱਲ ਬਾਬੇ ਹਰੇ ਜੀ ਦੀ ਸਮਾਧ ਹੈ, ਕੌਰ ਪਸ਼ੌਰਾ ਸਿੰਘ, ਕਸ਼ਮੀਰਾ ਸਿੰਘ, ਸਰਦਾਰ ਜੱਸਾ ਸਿੰਘ ਆਹਲੂ ਵਾਲੀਏ, ਸ੍ਰ: ਗੰਡਾ ਸਿੰਘ ਪਸ਼ੌਰੀਏ ਦੀਆਂ ਸੁਨੈਹਰੀ ਗੁੰਬਜ਼ ਵਾਲੀਆਂ ਕਈ ਹੋਰ ਸਮਾਧਾਂ ਹਨ। ਪਰ ਗਿਆਨੀ ਸੰਤ ਸਿੰਘ ਦੀ (ਜਿਸ ਵਿਚ ਪੱਥਰ ਦੀਆਂ ਤਸਵੀਰਾਂ ਹਨ) ਸਭ ਤੋਂ ਵੱਡੀ ਸਮਾਧ ਹੈ, ਏਹ ਸਮਾਧ ੧੮੯੧ ਬਿ: ਵਿਚ ੮੦੦੦) ਰੁਪੱਯਾ ਲੱਗ ਕੇ ਤਿਆਰ ਹੋਈ ਸੀ।

ਇਸ ਦੇ ਕੋਲ ਹੀ ਭਾਈ ਮਖਣ ਸਿੰਘ ਗ੍ਰੰਥੀ ਦੀ ਸਮਾਧ ਹੈ ਅਰ ਬਾਬਾ ਅਟੱਲ ਜੀ ਦੇ ਚੜ੍ਹਦੇ ਪਾਸੇ ਨਵਾਬ ਕਪੂਰ ਸਿੰਘ ਜੀ ਦੀ ਸਮਾਧ ਹੈ ਜਿਸਨੂੰ ਮਹਾਰਾਜਾ ਕਪੂਰਥਲਾ ਜੀ ਨੇ ੧੯੨੬ ਬਿ: ਵਿਚ ਬਨਵਾਇਆ ਸੀ।

ਸ਼ੈਹਰ ਅੰਮ੍ਰਿਤਸਰ ਵਿੱਚ ਦੇ ਪੱਕੇ ਤਲਾਵਾਂ ਦਾ ਵੇਰਵਾ

(੧) ਸੰਤੋਖ ਸਰ ਕਟੜਾ ਜੈਮਲ ਸਿੰਘ ਵਿਚ।

(੨) ਸ੍ਰੀ ਅੰਮ੍ਰਿਤਸਰ ਜੀ।

(੩) ਬਬੇਕ ਸਰ ਕਟੜਾ ਰਾਮ ਗੜੀਆਂ ਵਿਚ।

(੪) ਰਾਮ ਸਰ ਕਟੜਾ ਰਾਮਗੜ੍ਹੀਆਂ ਵਿਚ।

(੫) ਲਛਮਨ ਸਰ ਕਟੜਾ ਰਾਮਗੜ੍ਹੀਆਂ ਵਿਚ ਹੈ।

(੬) ਕੌਲ ਸਰ ਕਟੜਾ ਦੱਲ ਸਿੰਘ ਵਿਚ; ਇਸ ਨੂੰ ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਬਨਵਾਇਆ ਸੀ ਤੇ ਇਸ ਵਿੱਚ ੧੯੪੧ ਵਿਚ ਹੰਸਲੀ ਪਾਈ ਗਈ ਸੀ।

(੭) ਨਿਰਬਾਣ ਸਰ।

ਮੁਸਲਮਾਨ ਫਕੀਰਾਂ ਦੇ ਤਕੀਆਂ ਦਾ ਵੇਰਵਾ ਃ—

(੧) ਤਕੀਆ ਮੁਹੰਮਦ ਬਖਸ਼ ਦਾ ਲੋਹਗੜ੍ਹ ਵਿਚ ੧੯੦੨ ਬਿ: ਨੂੰ ਬਣਿਆਂ।
(੨) ਤਕੀਆ ਸ਼ੇਰ ਅਲੀ ਸ਼ਾਹ ਦਾ ਲੋਹਗੜ੍ਹ ਵਿਚ ੧੯੦੫ ਬਿ: ਨੂੰ ਬਣਿਆਂ।
(੩) ਤਕੀਆ ਨੰਦ ਸ਼ਾਹ ਦਾ ਕਟੜਾ ਗਰਬਾ ਸਿੰਘ ਵਿਚ ੧੮੯੮ ਬਿ: ਨੂੰ ਬਣਿਆਂ।
(੪) ਤਕੀਆ ਖੁਸ਼ਹਾਲ ਸ਼ਾਹ ੧੮੮੦ ਬਿ: ਨੂੰ ਬਣਿਆਂ।
(੫) ਤਕੀਆ ਕਸ਼ਮੀਰੀ ਕਟੜਾ ਰਾਮਗੜ੍ਹੀਆਂ ਵਿਚ ੧੯੧੮ ਬਿ: ਨੂੰ ਬਣਿਆਂ।
(੬) ਤਕੀਆ ਮਸਤਾਨ ਸ਼ਾਹ ਦਾ ਕਟੜਾ ਰਾਮਗੜ੍ਹੀਆਂ ਵਿਚ ੧੮੮੪ ਬਿ: ਨੂੰ ਬਣਿਆਂ।
(੭) ਤਕੀਆ ਮੌਜੇ ਦਾਰਿਆ, ਕਟੜਾ ਰਾਮਗੜ੍ਹੀਆਂ ਵਿਚ ਬਣਿਆਂ।
(੮) ਤਕੀਆ ਮਹਾਬਰ ਸ਼ਾਹ ਦਾ ਕਟੜਾ ਕਰਮ ਸਿੰਘ ਵਿਚ ਬਣਿਆ।
(੯) ਤਕੀਆ ਅਸਰ ਯਾਰ ਦਾ ਕਿਲਾ ਭੰਗੀਆਂ ਵਿਚ ੧੯੦੭ ਬਿ: ਨੂੰ ਬਣਿਆ।
(੧੦) ਤਕੀਆ ਖੱਨਾ ਸ਼ਾਹ ਦਾ ਕਿਲਾ ਭੰਗੀਆਂ ਵਿਚ ਬਣਿਆ।

ਵੇਰਵਾ ਮਸਜਿਦਾਂ ਸ਼ੈਹਰ ਅਮ੍ਰਿਤਸਰ

(੧) ਮਸਜਦ ਸ੍ਰੀ ਗੁਰੂ ਅਰਜਨ ਸਾਹਿਬ ਨੇ ਬਨਵਾਈ ਹਾਥੀ ਦਰਵਾਜੇ ਗਲੀ ਅਚਾਰਜਾਂ ਵਿਚ।
(੨) ਮਸਜਦ ਮੀਆਂ ਹਮੀਦੂ ਵਾਲੀ ਕਟੜਾ ਆਹਲੂਵਾਲੀਆਂ ਵਿਚ।
(੩) ਮਸਜਦ ਮੁਹੱਮਦ ਜਾਨ ਵਾਲੀ ਕੋਤਵਾਲੀ ਦੇ ਕੋਲ।
(੪) ਮਸਜਦ ਖ਼ੈਰ ਦੀਨ ਵਾਲੀ ਹਾਲ ਬਾਜ਼ਾਰ ਵਿਚ।
(੫) ਮਸਜਦ ਮੁਹੱਮਦ ਸ਼ਾਹ ਦੀਨ ਵਾਲੀ ਕਟੜਾ ਕਰਮ ਸਿੰਘ ਵਿਚ।
(੬) ਮਸਜਦ ਈਦ ਗਾਹ ਦਰਵਾਜ਼ੇ ਰਾਮ ਬਾਗ ਦੇ ਬਾਹਰ ਹੈ।

ਵੇਰਵਾ ਸੇਵਾ ਜੋ ਹਰਿਮੰਦਰ ਜੀ ਦੀ ਪ੍ਰਕਰਮਾ ਦੇ ਅੰਦਰ ਹੋਈ

੧. ਹਰਿ ਮੰਦਰ ਜੀ ਦਾ ਮੱਥਾ—ਮਹਾਰਾਜਾ ਰਣਜੀਤ ਸਿੰਘ ਜੀ ਸ਼ੇਰਿ ਪੰਜਾਬ ਨੇ ਬਨਵਾਇਆ ਤੇ ਪੱਥਰ ਉੱਪਰ ਇਸ ਤਰ੍ਹਾਂ ਲਿਖਿਆ ਹੋਇਆ ਹੈ "ਸ੍ਰੀ ਮਹਾਰਾਜ ਗੁਰੂ ਸਾਹਿਬ ਜੀ ਨੇ ਆਪਣੇ ਪਰਮ ਸੇਵਕ ਜਾਣ ਕਰਕੇ ਸ੍ਰੀ ਦਰਬਾਰ ਸਾਹਿਬ ਜੀ ਦੀ ਸੇਵਾ ਸ੍ਰੀ ਮਹਾਰਾਜਾ ਸਿੰਘ ਸਾਹਿਬ ਰਣਜੀਤ ਸਿੰਘ ਜੀ ਪਰ ਦਯਾ ਕਰਕੇ ਕਰਵਾਈ, ੧੮੮੭ ਬਿਕ੍ਰਮੀ।"

੨. ਹਰਿਮੰਦਰ ਜੀ ਦੇ ਖੱਬੇ ਪਾਸੇ ਦਰਵਾਜ਼ੇ ਪਰ—ਮਹਰਾਜਾ ਰਣਜੀਤ ਸਿੰਘ ਜੀ ਸ਼ੇਰਿ ਪੰਜਾਬ ਨੇ ਸੇਵਾ ਕਰਾਈ, ਪੱਥਰ ਉੱਪਰ ਇਸ ਪ੍ਰਕਾਰ ਲਿਖਿਆ ਹੋਯਾ ਹੈ "ਸੇਵਾ ਗੁਰੂ ਰਾਮਦਾਸ ਜੀ ਕੀ ਸ੍ਰਰਨ ਕੀ ਅਰ ਸੰਗ ਸੁਪੈਦ ਕੀ ਬਡਭਾਗੀ ਜਾਣਕੇ ਸ੍ਰੀ ਮਹਾਰਾਜਾ ਰਣਜੀਤ ਸਿੰਘ ਸੋ ਕਰਾਈ, ਮਾਰਫਤ ਸ੍ਰੀ ਭਾਈ ਗ਼ਜਾਨੀ ਜੀ ਕੀ।"

੩. ਹਰਿ ਮੰਦਰ ਜੀ ਦੇ ਸੱਜੇ ਪਾਸੇ ਦਰਵਾਜ਼ੇ ਪਰ—ਕੌਰ ਨੌ ਨਿਹਾਲ ਸਿੰਘ ਜੀ ਤੇ ਮਹਾਰਾਜਾ ਖੜਕ ਸਿੰਘ ਸਾਹਿਬ ਨੇ ਸੇਵਾ ਕਰਾਈ, ਓਥੇ ਇਸ ਤਰਾਂ ਲਿਖਯਾ ਹੈ,

" ੧ ੴ ਸਤਿਨਾਮ ਕਰਤਾ ਪੁਰਖ ਗੁਰ ਪ੍ਰਸਾਦਿ ॥
ਸ੍ਰੀ ਸਤਿਗੁਰੂ ਜੀ ਖਾਲਸੇ ਜੀ ਕਾ ਬੋਲਬਾਲਾ ਸਦਾ ਰਖੇ, ਸਤਿਗੁਰੂ ਜੀ ਕੀ ਕ੍ਰਿਪਾ ਕਰ ਰਾਜ ਸਾਜ ਸ੍ਰੀ ਮਹਾਰਾਜੇ ਖੜਕ ਸਿੰਘ ਜੀ ਅਰ ਕੁੰਵਰ ਸ੍ਰੀ ਨੌ ਨਿਹਾਲ ਸਿੰਘ ਜੀ ਕੋ ਭਯਾ ਤਿਨ੍ਹੋਂ ਹਿਤ ਕਰ ਭਾਗਜ ਜਾਣ ਕਰ ਸੇਵਾ ਕਰੀ ਸੰਮਤ ੧੮੯੬ ਬਿਕ੍ਰਮੀ।"

੪. ਹਰਿ ਮੰਦਰ ਸਾਹਿਬ ਦਰਵਾਜ਼ਾ ਪੂਰਬ ਪਾਸੇ ਦਾ ਅਰਦਾਸ ਗੁਰਮੁਖੀ ਵਿਚ ਸੋਨੇ ਦੇ ਪੱਤਰੇ ਉੱਪਰ ਆਦਿ ਤੋਂ ਲੈ ਕੇ 'ਸਭ ਥਾਈਂ ਹੋਈ ਸਹਾਇ ਸ੍ਰੀ ਵਾਹਿਗੁਰੂ ਜੀ ਸਹਾਇ ਤਕ' ਲਿਖੀ ਹੈ।

੫. ਪ੍ਰਕਰਮਾਂ ਛੋਟੀ—ਜਰਨੈਲ ਗੁਲਾਬ ਸਿੰਘ ਜੀ ਭਾਗੋ ਵਾਲੀਏ ਦੇ ਵੇਲੇ ਸੇਵਾ ਹੋਈ। ੧੮ ਬੁਰਜੀਆਂ ਹਰਿਮੰਦਰ ਸਾਹਿਬ ਜੀ ਦੀ ਪ੍ਰਕਰਮਾਂ ਵਿਚ ੧੯੩੬ ਬਿਕ੍ਰਮੀ ਵਿਚ ਤਿਆਰ ਹੋਈਆਂ।

੬. ਪ੍ਰਕਰਮਾਂ ਛੋਟੀ——ਭਾਈ ਸੰਤੋਖ ਸਿੰਘ ਗੁਰਦਿੱਤ ਸਿੰਘ ਅਰੋੜਾ ਨੇ ਪੱਥਰ ਦੀ ਸੇਵਾ ਕਰਵਾਈ।

੭. ਪ੍ਰਕਰਮਾਂ ਪੂਰਬ ਦੀਆਂ ਪੌੜੀਆਂ ਤੋਂ ਲੈ ਕੇ—ਰਾਜਾ ਰਾਮ, ਰਾਮ ਚੰਦ੍ਰ ਸ਼ਕਾਰ ਪੁਰੀਏ ਨੇ ਸੇਵਾ ਕਰਾਈ। ਓਥੇ ਇਸ ਤਰਾਂ ਲਿਖਿਆ ਹੈ——੨੫) ਦੀ ਸੇਵਾ ੧੯੭੦ ਬਿ: ਵਿਚ ਰਾਹੀਂ ਬੈਰਿਸਟਰ ਭਾਈ ਗੁਰਬਖਸ਼ ਸਿੰਘ ਗਿਆਨੀ।

੮. ਪ੍ਰਕਰਮਾਂ ਛੋਟੀ——ਭਗਤ ਸਿੰਘ ਉਜਾਗਰ ਸਿੰਘ ਛੀਨਾ ਪਿੰਡ ਜ਼ਿਲਾ ਅੰਮ੍ਰਿਤਸਰ, ੧੫) ਦੀ ਸੇਵਾ ੧੯੬੯ ਬਿਕ੍ਰਮੀ ਵਿਚ ਕਰਾਈ।

੯. ਪ੍ਰਕਰਮਾਂ ਛੋਟੀ—ਗੁਰਮੁਖ ਸਿੰਘ ਜ਼ਿਮੀਂਦਾਰ ਪਿੰਡ ਅਮਰਗੜ੍ਹ ਚੱਕ ੩੫੮ ਜ਼ਿਲਾ ਲਾਇਲਪੁਰ, ੩੦) ਦੀ ਸੇਵਾ ਕਰਾਈ।

੧੦. ਪ੍ਰਕਰਮਾਂ ਛੋਟੀ—ਜੈ ਕੌਰ ਗਲੀ ਮਾਨਾਂ ਵਾਲੀ ਅਮ੍ਰਿਤਸਰ, ੫) ਦੀ ਸੇਵਾ ੧੯੭੦ ਬਿ: ਵਿਚ ਕਰਾਈ।

੧੧. ਪ੍ਰਕਰਮਾਂ ਛੋਟੀ–ਸਰਦਾਰ ਵਜ਼ੀਰ ਸਿੰਘ ਸਪੁੱਤ੍ਰ ਸਰਦਾਰ ਗੁਲਾਬ ਸਿੰਘ ਆਹਲੂ ਵਾਲੀਆ, ੧੦) ਦੀ ਸੇਵਾ ਸਰਬਰਾਹ ਭਾਈ ਗੁਰਬਖਸ਼ ਸਿੰਘ ਜੀ ਗਿਆਨੀ ਦੀ ਰਾਹੀਂ ਕਰਾਈ ।

੧੨. ਪੌੜੀਆਂ ਪ੍ਰਕਰਮਾਂ ਨੰ: ੨–ਨਿਹਾਲ ਦੇਈ, ੨੫) ਦੀ ਸੇਵਾ ੧੯੬੯ ਬਿਕ੍ਰਮੀ ਵਿਚ ਸਰਬਰਾਹ ਗੁਰਬਖਸ਼ ਸਿੰਘ ਜੀ ਗਿਆਨੀ ਦੀ ਰਾਹੀਂ ਕਰਾਈ ।

੧੩. ਪੌੜੀਆਂ ਪ੍ਰਕਰਮਾਂ ਨੰ: ੨–ਭਾਈ ਕਿਸ਼ਨ ਸਿੰਘ ਮਾਨ ਸਿੰਘ ਨੇ ੧੯੫੨ ਵਿਚ ਸੇਵਾ ਕਰਾਈ ।

੧੪. ਪੰਜ ਮਤਾਬੀਆਂ ਹੋਰ ਬਾਕੀ ਦਾ ਕੰਮ–ਰਾਏ ਬਹਾਦਰ ਸ: ਕਲਿਆਨ ਸਿੰਘ ਜੀ ਨੇ ਕਰਾਇਆ ।

੧੫. ਫਰਸ਼ ਪੁਲ ਦਾ–ਭਗਤ ਰਾਮ ਤੁਲਸੀ ਦਾਸ ਭਾਈ ਨਰੈਣ ਸਿੰਘ ਪ੍ਰਭ ਦਿਆਲ ਅਰੋੜਾ ਅਮ੍ਰਿਤਸਰ ਨੇ ੨੦੦) ਦੀ ਸੇਵਾ ਕਰਾਈ ਮਹੀਨਾ ਹਾੜ ਸੰਮਤ ੧੯੫੪ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਦੀ ।

੧੬. ਫ਼ਰਸ਼ ਪੁਲ ਦਾ–ਲਾਲਾ ਸ਼ੰਕਰ ਦਾਸ ਵਕੀਲ ਨੇ ੧੯੫੨ ਬਿ: ਵਿਚ ਸੇਵਾ ਕਰਾਈ ।

੧੭. ਧੂਪ ਘੜੀ ਪੁਲ ਵਾਲੀ–ਲਾਲਾ ਬਸ਼ੰਭਰ ਦਾਸ ਬਿੰਦ੍ਰਾਬਨ ਖੋਸਲਾ ਅੰਮ੍ਰਿਤਸਰ ਨੇ ੧੦੨) ਦੀ ਸੇਵਾ ੧੯੫੧ ਬਿ: ਵਿਚ ਕਰਵਾਈ ।

੧੮. ਧੂਪ ਘੜੀ ਪੁਲ ਉੱਪਰ–ਸੁੰਦਰ ਮਲ ਈਸ਼ਰ ਦਾਸ ਵਾਸੀ ਰਾਵਲ ਪਿੰਡੀ ਰਾਹੀਂ ਭਾਈ ਹਰੀ ਸਿੰਘ ਗੁਰਬਖਸ਼ ਸਿੰਘ ਕੁਨਿੰਦਾ, ੧੦੦) ਦੀ ਸੇਵਾ ੧੯੫੧ ਬਿ: ਵਿਚ ਧੂਪ ਘੜੀ ਤੇ ਪਥਰ ਸੰਖ ਮਰਮਰ ਸਰਦਾਰ ਲਹਿਣਾ ਸਿੰਘ ਮਜੀਠੀਏ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਦੀ ।

੧੯. ਫਰਸ਼ ਪੁਲ–ਸਰਦਾਰ ਗਜਿੰਦਰ ਸਿੰਘ ਸਪੁਤ੍ਰ ਰਣਜੋਧ ਸਿੰਘ ਮਜੀਠੀਏ ਨੇ ਪਹਿਲੀ ਭਾਦਰੋਂ ੧੯੫੩ ਵਿਚ ਸੇਵਾ ਕਰਾਈ ਰਾਹੀਂ ਗਿਆਨੀ ਗੁਰਬਖਸ਼ ਜੀ ਦੀ ।

੨੦. ਬਾਹਰਲਾ ਦਰਵਾਜ਼ਾ ਜਿਥੇ ਚੋਬਦਾਰ ਖਲੋਂਦੇ ਹਨ–ਭਾਈ ਪੀਲੂ ਸਿੰਘ ਗੁਰਦਿਤ ਸਿੰਘ ਸੰਤਾ ਸਿੰਘ ਸਪੁਤ੍ਰ ਭਾਈ ਹੁਕਮ ਸਿੰਘ ਵਾਸੀ ਸਰਹਾਲੀ ਵੱਡੀ ੬੧।।। ≡) ਦੀ ਸੇਵਾ ੧੭ ਸਾਵਨ ੧੯੬੦ ਬਿ: ਨੂੰ ਕਰਵਾਈ ।

੨੧. ਬਾਹਰਲਾ ਦਰਵਾਜਾ ਜਿੱਥੇ ਚੋਬਦਾਰ ਖਲੋਂਦੇ ਹਨ ਇਸ ਦੇ ਸੱਜੇ ਪਾਸੇ–ਰਾਮ ਚੰਦ ਭਾਈ ਰਤਨ ਸਿੰਘ ਲੁਧਿਆਨਾ ਦੁਕਾਨਦਾਰ ਅੰਮ੍ਰਿਤਸਰ ਨੇ ਵੈਸਾਖ ੧੯੫੦ ਵਿਚ ਸੇਵਾ ਕਰਵਾਈ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਦੀ ।

੨੨. ਬਾਹਰਲਾ ਦਰਵਾਜ਼ਾ ਜਿਥੇ ਚੋਬਦਾਰ ਖਲੋਂਦੇ ਹਨ ਇਸ ਦੇ ਸੱਜੇ ਪਾਸੇ–ਭਾਈ ਤੁਲਸੀ ਦਾਸ ਹਜ਼ੂਰਾ ਸਿੰਘ ਦੁਕਾਨਦਾਰ ਮੁਜ਼ੱਫ਼ਰ ਨਗਰ ਨੇ ੪੦੦) ਦੀ ਸੇਵਾ ਕਰਵਾਈ ੨ ਜੇਠ ਸੰਮਤ ੧੯੫੪ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਦੀ।

੨੩. ਬਾਹਰਲਾ ਦਰਵਾਜ਼ਾ ਜਿੱਥੇ ਚੋਬਦਾਰ ਖਲੋਂਦੇ ਹਨ, ਇਸ ਦੇ ਸੱਜੇ ਪਾਸੇ–ਭਾਈ ਜਵਾਹਰ ਸਿੰਘ ਸੋਹਨ ਸਿੰਘ ਕੋਛੜ ਕੇ ਵਾਸੀ ਜਿਲਾ ਗੋਰਖਪੁਰ ਤਸੀਲ ਰਾਵਲਪਿੰਡੀ ਨੇ ੪੦) ਦੀ ਸੇਵਾ ੧੯੬੩ ਵਿਚ ਕਰਵਾਈ। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੨੪. ਬਾਹਰਲਾ ਦਰਵਾਜ਼ਾ ਜਿੱਥੇ ਚੋਬਦਾਰ ਖਲੋਂਦੇ ਹਨ, ਇਸ ਦੇ ਸੱਜੇ ਪਾਸੇ–ਭਾਈ ਲਹਿਣਾ ਸਿੰਘ ਲਛਮਨ ਸਿੰਘ ਪਸ਼ੌਰੀਆ ਨੇ ੧੦੫) ਦੀ ਸੇਵਾ ੧੯੦੦ ਬਿ: ਵਿਚ ਕਰਵਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੨੫. ਦਰਵਾਜ਼ੇ ਦੇ ਅੰਦਰਲੇ ਪਾਸੇ–੩੫ ਨੰਬਰ ਸਿੱਖ ਪਲਟਨ ਨੇ ਚੱਕਰ ਸੰਖ ਮਰਮਰ ਦਾ ਸਮੇਤ ਚੌਖਟੇ ਦੇ ਬਹੁਤ ਹੀ ਸੋਹਣਾ ਅਸ਼ਨਾਨ ਕਰਨ ਦੀ ਯਾਦ ਵਿਚ ੫ ਵਿਸਾਖ ੧੯੫੨ ਬਿਕ੍ਰਮੀ ਤੇ ੧੨ ਅਪ੍ਰੈਲ ੧੮੯੫ ਈ: ਵਿਚ ਸੇਵਾ ਕਰਵਾਈ।

੨੬. ਦਰਵਾਜ਼ੇ ਦੇ ਅੰਦਰਲੇ ਪਾਸੇ–ਗੰਡਾ ਸਿੰਘ ਸਪੁਤ੍ਰ ਭਗਵਾਨ ਸਿੰਘ ਜ਼ਾਤ ਸਰਨਾ ਨੇ ੨੫) ਦੀ ਸੇਵਾ ਕਰਵਾਈ।

੨੭. ਦਰਵਾਜ਼ੇ ਦੇ ਅੰਦਰਲੇ ਪਾਸੇ–ਸ਼ੈਹਰ ਬੰਦਾ ਵਾਲਾ ਨਿਵਾਸੀ ਨੇ ੧੨੫) ਦੀ ਸੇਵਾ ਸੰਮਤ ੧੯੬੩ ਬਿ: ਵਿਚ ਕਰਵਾਈ।

੨੮. ਦਰਵਾਜ਼ੇ ਦੇ ਅੰਦਰਲੇ ਪਾਸੇ–ਸੁੰਦਰ ਸਿੰਘ ਸਪੁਤ੍ਰ ਨਿਹਾਲ ਸਿੰਘ ਖੱਤਰੀ ਸਈਯਦ ਪੁਰ ਜਿਲਾ ਜੇਹਲਮ ਨੇ ਰਾਹੀਂ ਲਾਲਾ ਸ਼ਾਮ ਦਾਸ ਪ੍ਰਭ ਦਯਾਲ ੩੦੦) ਦੀ ਸੇਵਾ ੧੯੦੦ ਬਿ: ਵਿਚ ਕਰਵਾਈ।

੨੯. ਦਰਵਾਜ਼ੇ ਦੇ ਅੰਦਰਲੇ ਪਾਸੇ–ਭਗਵਾਨ ਸਿੰਘ ਸਪੁਤ੍ਰ ਭਾ: ਅਰਜਨ ਸਿੰਘ ਮਿਸਰੀ ਵਾਲਾ, ੨੫) ਦਾ ਸ਼ੰਖ ਮਰਮਰ ਰਾਹੀਂ ਭਾਈ ਗੁਰਬਖਸ਼ ਸਿੰਘ ਜੀ ਗਜਾਨੀ।

੩੦. ਦਰਵਾਜ਼ੇ ਦੇ ਅੰਦਰਲੇ ਪਾਸੇ–ਸਰਦਾਰ ਅਮਰੀਕ ਸਿੰਘ ਜੀ ਛਾਛੀ (ਰਾਵਲਪਿੰਡੀ) ਨੇ ੧੦੦੦) ਦੀ ਸੇਵਾ ਕਰਾਈ ਰਾਹੀਂ ਭਾਈ ਗੁਰਬਖਸ਼ ਸਿੰਘ ਜੀ ਗਜਾਨੀ।

੩੧. ਦਰਵਾਜ਼ੇ ਦੇ ਖੱਬੇ ਪਾਸੇ ਦੀ ਕੰਧ–ਭਾਈ ਮੇਖ ਰਾਜ ਭਾਈ ਸ਼ਾਮ ਦਾਸ ਚੇਲਾ ਭਾਈ ਸਾਹਬ ਭਾਈ ਥਾਵਰ ਦਾਸ। ਓਥੇ ਇਸ ਪਰਕਾਰ ਪੱਥਰ ਉੱਪਰ ਲਿਖਿਆ ਹੈ।

"੧ ਓ ਸਤਿ ਨਾਮੁ ਕਰਤਾ ਪੁਰਖ ਨਿਰਭਉ ਨਿਰ ਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ ॥ ਆਦਿ ਸਚੁ ਜੁਗਾਦਿ ਸਚੁ ਹੈ ਭੀ ਸਚੁ ॥ ਨਾਨਕ ਹੋਸੀ ਭੀ ਸਚੁ ॥ ਸਲੋਕ ॥ ਹਰਿ

ਹਰਿ ਮੁਖ ਤੇ ਬੋਲਨਾ ਮਨਿ ਵੂਠੈ ਸੁਖ ਹੋਇ ॥ ਨਾਨਕ ਸਭ ਮਹਿ ਰਵਿ ਰਹਿਆ ਥਾਨ ਥਨੰਤਰਿ ਸੋਇ ॥ ਸਲੋਕ ॥ ਲੇਖੈ ਕਤਹੂ ਨ ਛੂਟੀਐ ਖਿਨ ਖਿਨ ਭੂਲਨਹਾਰ ॥ ਬਖਸਨ ਹਾਰਾ ਬਖਸ ਲੈ ਨਾਨਕ ਪਾਰਿ ਉਤਾਰਿ ॥" ਰਾਹੀਂ ਸ੍ਰਬਰਾਹ ਸ੍ਰ: ਮਾਨ ਸਿੰਘ ਜੀ ਸੰਮਤ ਗੁਰੂ ਨਾਨਕ ੪੧੮ ਤੇ ੧੯੪੪ ਬਿਕ੍ਰਮੀ ਵਿਚ ਸੇਵਾ ਹੋਈ।

੨੨. ਦਰਵਾਜ਼ੇ ਦੀ ਖੱਬੇ ਪਾਸੇ ਦੀ ਕੰਧ–ਭਾਈ ਹੇਤੂ ਰਾਮ ਚੇਲਾ ਭਾਈ ਥਾਵਰ ਦਾਸ ਭਾਈ ਸੇ ਭਾਈ ਸੁਖਰਾਮ ਦਾਸ ਭਾਈ ਬੀਰੂ ਮਲ ਭਾਈ ਗੋਪਾਲ ਦਾਸ ਭਾਈ ਜਾੜਾ ਮਲ ਕੇ ਬੇਟੇ ਸਮੇਤ ਭਾਈ ਖੇਮ ਭਾਈ ਅਮਰ ਦਾਸ, ੧੯੪੬ ਬਿ: ਵਿਚ ਸੇਵਾ ਹੋਈ।

੩੩. ਦਰਵਾਜ਼ੇ ਦੀ ਖੱਬੀ ਕੰਧ ਪਲਟਨ ਨੰ: ੩੫ ਸਿੱਖ–ਪਹਿਲੀ ਸੇਵਾ ਦੇ ਸਾਮ੍ਹਣੇ ਪਾਸੇ ਸੰਖ ਮਰਮਰ ਦਾ ਚੱਕਰ ਬਣਵਾਇਆ, ਏਥੇ ਇਸ ਤਰਾਂ ਲਿਖਿਆ ਹੈ:–

੧ ੴ ਪਲਟਨ ਨੰ: ੩੫ ਸਿੱਖ, ਸੰ: ੧੯੬੬ ਵਿਚ ਸ੍ਰੀ ਅੰਮ੍ਰਿਤਸਰ ਅਸ਼ਨਾਨ ਕਰਨ ਵਾਸਤੇ ਆਈ ਔਰ ਇਸ ਯਾਦਗਾਰ ਵਿਚ ਇਹ ਟਹਿਲ ਕਰਾਈ, ਸਰਬਰਾਹੀ ਭਾ: ਗੁਰਬਖਸ਼ ਸਿੰਘ ਜੀ ਗਿਆਨੀ ਬੈਰਿਸਟਰ।

੩੪. ਦਰਵਾਜੇ ਦੇ ਖੱਬੇ ਪਾਸੇ–ਮਹਾਰਾਜਾ ਸਾਹਿਬ ਰਜਾਸਤ ਫਰੀਦ ਕੋਟ ੨੦੦) ਦੀ ਸੇਵਾ ਕਰਾਈ ਵਜਾਹ ਦੀ ਖੁਸ਼ੀ ਵਿਚ ਰਾਹੀਂ ਸਰਦਾਰ ਦਿਆਲ ਸਿੰਘ ਮਾਨ ਪ੍ਰੈਜ਼ੀਡੰਟ ਕੌਂਸਲ ਫਰੀਦ ਕੋਟ, ਸਰਬਰਾਹੀ ਭਾਈ ਗੁਰਬਖਸ਼ ਸਿੰਘ ਜੀ ਗਿਆਨੀ।

੩੫. ਦਰਵਾਜ਼ੇ ਦੇ ਬਾਹਰ, ਖੱਬੇ ਪਾਸੇ–ਸ੍ਰ: ਮਹਿੰਦਰ ਸਿੰਘ ਸਾਹਿਬ ਰਈਸ ਕਾਠਗੜ ਤਸੀਲ ਗੜ ਸ਼ੰਕਰ ਜ਼ਿਲਾ ਹੁਸ਼ਿਆਰ ਪੁਰ ਨੇ ੧੨੫) ਦੀ ਸੇਵਾ ਕਰਾਈ ਰਾਹੀਂ ਸ੍ਰਦਾਰ ਸ਼ਿਵਦੇਵ ਸਿੰਘ ਸਾਹਿਬ। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ। ਸੰ: ੧੯੬੯ ਬਿ:।

੩੬. ਦਰਸ਼ਨੀ ਦਰਵਾਜਾ ਬਾਹਰਲੇ ਪਾਸੇ ਵੱਲ–ਏਥੇ ਕੁਛ ਅੰਗਰੇਜੀ ਤੇ ਕੁਛ ਗੁਰਮੁਖੀ ਅਖਰਾਂ ਵਿਚ ਲਿਖਿਆ ਹੋਇਆ ਹੈ।

੩੭. ਵੇਰਵਾ ਸੰਖ ਮਰਮਰ ਜੋ ਲੋਕਾਂ ਨੇ ਦਰਸ਼ਨੀ ਦਰਵਾਜੇ ਦੀ ਕੋਲ ਦੀ ਕੋਠੜੀ ਤੋਂ ਲੈਕੇ ਵਡੀ ਪ੍ਰਕਰਮਾਂ ਸ੍ਰੋਵਰ ਦੇ ਆਲੇ ਦੁਆਲੇ ਲਵਾਇਆ। ਭਾਈ ਰਘਬੀਰ ਸਿੰਘ ਛਤੇ ਵਾਲਾ ਪਿੰਡ ਸੁਖਚੈਨ ਪੁਰ ਜ਼ਿਲਾ ਭਿੰਡਰ ਤਸੀਲ ਮੀਰਪੁਰ ਥਾਨਾ ਸੁਖਚੈਨ ਪੁਰ। ੫੦੦) ਦੀ ਸੇਵਾ ਹੋਈ। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਕਤਕ ਮਹੀਨੇ ੧੯੫੧ ਬਿ: (ਅਕਤੂਬਰ ੧੮੯੪)

੩੮. ਪ੍ਰਕਰਮਾਂ ਤਲਾ ਸ੍ਰ: ਨਥਾ ਸਿੰਘ ਡਿਪਟੀ ਇਨਸਪਿਕਟਰ ਪੋਲੀਸ, ਵਲਦ ਸ੍ਰ: ਖਜਾਨ ਸਿੰਘ ਜੱਟ ਗਿਲ ਥਾਨਾ ਕਥੂ ਨੰਗਲ ਜਿਲਾ ਲੁਧਿਆਨਾ, ੧੦) ਦੀ ਸੇਵਾ ਕਰਾਈ,

੩੦ ਮਈ ੧੯੦੦।

੩੯. ਪ੍ਰਕਰਮਾਂ ਤਲਾ—ਭਾਈ ਕਾਹਲਾ ਸਿੰਘ ਰਾਵਲ ਪਿੰਡੀ ਬਜਾਰ ਲੂਨ ਮੰਡੀ, ੩੦) ਦੀ ਟਹਿਲ ਕਰਾਈ ਪੌੜੀ ਉਤੇ, ੧੭ ਨਵੰਬਰ ੧੯੦੧।

੪੦. ਪਰਕਰਮਾਂ ਤਲਾ—ਮੋਹਨ ਸ਼ਾਹ ਸਪੁਤ੍ਰ ਪਿਆਰਾ ਸ਼ਾਹ ਫਤੇ ਜੰਗ ਵਾਲਾ (ਰਾਵਲ ਪਿੰਡੀ) ੫੦) ਦੀ ਸੇਵਾ ਕਰਾਈ, ੨੫ ਫਗਣ ੧੯੫੭ ਬਿ:।

੪੧. ਪਰਕਰਮਾਂ ਤਲਾ—ਜੋਧ ਸਿੰਘ ਖੁਰਾਨਾ ਹਡਾਲੀ ਜ਼ਿਲਾ ਸ਼ਾਹਪੁਰ, ੨੫) ਦੀ ਸੇਵਾ ਹੋਈ, ੫ ਜੂਨ ੧੯੦੧।

੪੨. ਪਰਕਰਮਾਂ ਤਲਾ—ਸ੍ਰ: ਹਾੜਾ ਸਿੰਘ ਕਰਤਾਰ ਸਿੰਘ ਵਹਾਲੀ ਜਿਲਾ ਜੇਹਲਮ, ੧੫੦) ਛੇ ਗਜ ਚਿੱਟਾ ਸੰਖ ਮਰਮਰ ਲਵਾਇਆ, ੧੮ ਅਪ੍ਰੈਲ ੧੯੦੧; ੭ ਵਿਸਾਖ ੧੯੫੭।

੪੩. ਪਰਕਰਮਾ ਤਲਾ ਦੀ ਭਾਈ ਸੇਵਾ ਸਿੰਘ ਵਲਦ ਬਿਸ਼ਨ ਸਿੰਘ ਸੁੱਖੋ ਜਿਲਾ ਰਾਵਲ ਪਿੰਡੀ, ੧੦) ਦੀ ਸੇਵਾ ਕਰਾਈ, ਸਰਬਰਾਹੀ ਭਾਈ ਗੁਰਬਖਸ਼ ਸਿੰਘ ਗਿਆਨੀ। ੩੦ ਭਾਦੋਂ ੧੯੬੦ ਬਿ:।

੪੪. ਪਰਕਰਮਾਂ ਤਲਾ ਦੀ ਅਮੀਰ ਸਿੰਘ ਜਿਲੇਦਾਰ ਝੰਗ ਡਵੀਜ਼ਨ ਨੈਹਰ ਚਨਾਬ ਸਪੁਤਰ ਚੌਧਰੀ ਮੂਲ ਸਿੰਘ ਅਲਗਾ ਪਿੰਡ ਕਰਨਾਲੀ ਤਸੀਲ ਗੁਜਰ ਖਾਨ (ਰਾਵਲ ਪਿੰਡੀ) ੧੦੦) ਸੇਵਾ ਕਰਾਈ, ਸ੍ਰਬਰਾਹੀ ਗਿਆਨੀ ਗੁਰਬਖਸ਼ ਸਿੰਘ, ੪ ਕਤਕ ੧੯੫੮, ੧੯ ਅਕਤੂਬਰ ੧੯੦੧।

੪੫. ਪਰਕਰਮਾਂ ਤਲਾਬ ਦੀ—ਕਾਂਸ਼ੀ ਰਾਮ ਸਪੁਤਰ ਹੁਕਮ ਚੰਦ ਲਧੂ ਵਾਲ (ਗੁਜਰਾਂ ਵਾਲਾ) ੫੦) ਦੀ ਸੇਵਾ ਹੋਈ, ੧੪ ਜਨਵਰੀ ੧੯੦੨।

੪੬. ਪਰਕਰਮਾਂ ਤਲਾ ਦੀ—ਈਸ਼ਰ ਸਿੰਘ ਵਲਦ ਸਾਵਲ ਸਿੰਘ ਜੱਟ ਪਿੰਡ ਸੁਨਹਰਾ ਤਸੀਲ ਅਜਨਾਲਾ ੨੦) ਦੀ ਸੇਵਾ ਹੋਈ, ੧੪ ਫਰਵਰੀ ੧੯੦੪।

੪੭. ਪ੍ਰਕਰਮਾਂ ਤਲਾ ਦੀ—ਮੁਨਸ਼ੀ ਸੁਰੈਨ ਸਿੰਘ ਸਾਰਜੰਟ ਸਪੁਤਰ ਰਾਮ ਸਿੰਘ ਜੱਟ ਛੀਨਾ ਵਡਾ ਅੰਮ੍ਰਿਤਸਰ, ੨੦) ਦੀ ਸੇਵਾ ਹੋਈ, ੧੧ ਫਰਵਰੀ ੧੯੦੪।

੪੮. ਪਰਕਰਮਾਂ ਤਲਾ ਦੀ ਈਸ਼ਰ ਸਿੰਘ ਸਿਆਲ ਕੋਟ ਪਲਟਨ ਨੰ: ੧੮੭, ੮੨॥) ਦੀ ਸੇਵਾ ਹੋਈ, ੧੭ ਅਪ੍ਰੈਲ ੧੯੧੩।

੪੯. ਪ੍ਰਕਰਮਾਂ ਤਲਾ ਦੀ—ਸਰਦਾਰ ਨੱਥਾ ਸਿੰਘ ਸਾਹਿਬ ਆਹਲੂ ਵਾਲੀਆ ਸਪੁਤਰ ਸ੍ਰ: ਭਗਵਾਨ ਸਿੰਘ ਰਿਆਸਤ ਕਪੂਰ ਥਲਾ, ੨੦) ਦੀ ਸੇਵਾ ਹੋਈ, ੧੭ ਸਤੰਬਰ ੧੯੨੨।

੫੦. ਪ੍ਰਕਰਮਾਂ ਤਲਾ ਦੀ—ਸ੍ਰ: ਬੂਟਾ ਸਿੰਘ ਸਾਹਿਬ ਹਰਚੋਕੇ ਤਸੀਲ ਚੂਨੀਆਂ ਲਾਹੌਰ ੪੧) ਦੀ ਸੇਵਾ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ, ੨੮ ਮਾਰਚ ੧੯੦੩।

੫੧. ਵਡੀ ਪ੍ਰਕਰਮਾਂ–ਭਾਈ ਭਗਵਾਨ ਸਿੰਘ ਵਲਦ ਭਾਈ ਅਰਜਨ ਸਿੰਘ ਜਾਤ ਅਰੋੜਾ ਮਿਸਰੀ ਵਾਲਾ ਕਟੜਾ ਆਹਲੂ ਵਾਲੀਆਂ ਅੰਮ੍ਰਿਤਸਰ ੧੫) ਦੀ ਸੇਵਾ, ੩੦ ਦਸੰਬਰ ੧੯੦੩।

੫੨. ਵਡੀ ਪਰਕਰਮਾਂ–ਲਾਲਾ ਚੰਦੂ ਮੱਲ ਨਰਾਇਨ ਦਾਸ ਖੱਤ੍ਰੀ ਰਾਜਾ ਸਾਂਸੀ ਤਸੀਲ ਅਜਨਾਲਾ ਜ਼ਿਲਾ ਅੰਮ੍ਰਿਤਸਰ ੧੦) ਦੀ ਸੇਵਾ ਕਰਾਈ ੧੯ ਅਪ੍ਰੈਲ ੧੯੦੫।

੫੩. ਵੱਡੀ ਪ੍ਰਕਰਮਾ–ਸੂਬੇਦਾਰ ਅਰਜਨ ਸਿੰਘ ਜੀ ਪੈਨਸ਼ਨਰ ਪਲਟਨ ਨੰ: ੨੦ ਕੰਪਨੀ ੮ ਨੌਸ਼ੈਹਰਾ ਤਸੀਲ ਤਰਨ ਤਾਰਨ, ੨੫) ਦੀ ਸੇਵਾ ਕਰਾਈ ੮ ਮਈ ੧੯੦੫।

੫੪. ਵੱਡੀ ਪ੍ਰਕਰਮਾ–ਸ੍ਰਦਾਰ ਗੰਗਾ ਸਿੰਘ ਸ੍ਰਦਾਰ ਉੱਤਮ ਸਿੰਘ ਫਤਿਆਬਾਦ ਆਹਲੂ ਵਾਲੀਆ। ੧੦) ਦੀ ਸੇਵਾ ਕਰਾਈ ੬ ਕੱਤਕ ੧੯੬੧ ਬਿ:।

੫੫. ਵਡੀ ਪਰਕਰਮਾਂ–ਦੀਵਾਨ ਲਾਲ ਚੰਦ ਚੌਧਰੀ ਘਨੀਸ਼ਾਮ ਦਾਸ ਤੇ ਮਾਈ ਮਹਿਦੀ ਬਾਈ, ੪੦) ਦੀ ਸੇਵਾ ਕਰਾਈ ੧੬ ਨਵੰਬਰ ੧੯੦੪ ਰਾਹੀਂ ਦੀਵਾਨ ਠਾਕੁਰ ਸਿੰਘ ਹੈਦਰਾਬਾਦ ਸਿੰਧ ਸਰਬਰਾਹੀ ਭਾਈ ਗੁਰਬਖਸ਼ ਸਿੰਘ ਗਿਆਨੀ।

੫੬. ਵੱਡੀ ਪਰਕਰਮਾ–ਲੰਡਿਆਂ ਵਿਚ ਲਿਖਿਆ ਹੈ। ੧੦॥) ਦੀ ਸੇਵਾ ਕਰਾਈ।

੫੭. ਵੱਡੀ ਪਰਕਰਮਾਂ–ਭਾਈ ਭਗਵਾਨ ਸਿੰਘ ਸਪੁਤਰ ਭਾ: ਅਰਜਨ ਸਿੰਘ ਅਰੋੜਾ ਮਿਸਰੀ ਵਾਲਾ ਕਟੜਾ ਆਹਲੂ ਵਾਲੀਆਂ, ਅੰਮ੍ਰਿਤਸਰ ੧੦) ਦੀ ਸੇਵਾ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੫੮. ਵੱਡੀ ਪਰਕਰਮਾਂ–ਭਗਤ ਸਿੰਘ ਲੋਹਾਰ ਕਟੜਾ ਜੱਲ੍ਹੇ ਵਾਲੀਆਂ ਅੰਮ੍ਰਿਤਸਰ ੧੦੦) ਦੀ ਸੇਵਾ ਕਰਾਈ ੫ ਜੂਨ ੧੯੦੬।

੫੯. ਵਡੀ ਪਰਕਰਮਾਂ–ਭਾਈ ਹਰਨਾਮ ਸਿੰਘ ਦਰਜ਼ੀ ਲਾਹੌਰ ਵਾਲੇ ਨੇ ਆਪਣੇ ਸਪੁਤਰ ਸੰਤ ਸਿੰਘ ਦੀ ਯਾਦ ਵਿਚ ੫੦) ਦੀ ਸੇਵਾ ਕਰਾਈ ੪ ਜੂਨ ੧੯੦੬।

੬੦. ਵਡੀ ਪਰਕਰਮਾਂ–ਰਾਣੀ ਭਗਵਾਨ ਕੌਰ ਸਾਹਿਬ ਵਿਧਵਾ ਸ੍ਰ: ਦਿਆਲ ਸਿੰਘ ਮਜੀਠੀਆ ੧੦੦) ਦੀ ਸੇਵਾ ਕਰਾਈ, ੧੨ ਜੁਲਾਈ ੧੯੦੬।

੬੧. ਵਡੀ ਪਰਕਰਮਾਂ–ਲਾਲਾ ਲਾਲ ਚੰਦ ਸਪੁਤ੍ਰ ਲਾਲਾ ਨਰਾਇਣ ਦਾਸ ਖੱਤਰੀ ਰਾਜਾ ਸਾਂਸੀ ੧੫) ਦੀ ਸੇਵਾ ਕਰਾਈ ੨੫ ਅਕਤੂਬਰ ੧੯੦੬।

੬੨. ਵੱਡੀ ਪਰਕਰਮਾਂ–ਭਾਈ ਜਵੰਦ ਸਿੰਘ ਸਪੁੱਤਰ ਈਸ਼ਰ ਸਿੰਘ ਜ਼ਾਤ ਜੱਟ ਪਿੰਡ ਮਾਹਨਾ ਥਾਣਾ ਕਥੂ ਨੰਗਲ। ੬ ਤੱਸੂ ਮੁਰੱਬੇ ਰਾਹੀਂ ਸ੍ਰ: ਨਰੈਣ ਸਿੰਘ ਜੀ ਸਾਰਜੰਟ ਕੋਤਵਾਲੀ ਅੰਮ੍ਰਿਤਸਰ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੬੩. ਵਡੀ ਪਰਕਰਮਾਂ–ਭਾਈ ਨਿਹਾਲ ਸਿੰਘ ਕਿਸ਼ਨ ਸਿੰਘ ਪਿੰਡ ਢੰਧਾ ਰਿਆਸਤ

ਕਸ਼ਮੀਰ ੨੫) ਦੀ ਸੇਵਾ ਕਰਾਈ ਸੰ: ੧੯੬੪, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੬੪. ਵਡੀ ਪਰਕਰਮਾਂ–ਸ੍ਰ: ਚੰਦਾ ਸਿੰਘ ਰਸਾਲਦਾਰ ਨੇ ਸ੍ਰ: ਮਹਿਤਾਬ ਸਿੰਘ ਜਮਾਂਦਾਰ ਦੀ ਯਾਦਗਾਰ ਵਿਚ ੨੦) ਦਾ ਚਿੱਟਾ ਸੰਖ ਮਰਮਰ ਲਵਾਇਆ ੨੫ ਫਗਣ ੧੯੬੪ ਬਿ: ਵਿਚ।

੬੫. ਵਡੀ ਪਰਕਰਮਾਂ–ਸੁਖਾਨੀ ਮਲ ਸਪੁੱਤਰ ਸੋਭਾ ਰਾਮ ਨਾਰੰਗ ਪਾਕਪਟਨ ਜ਼ਿਲਾ ਮਿੰਟਗੁਮਰੀ ਨੇ ੫੦) ਦੀ ਸੇਵਾ ੧੯੬੪ ਵਿਚ ਕਰਾਈ।

੬੬. ਵਡੀ ਪਰਕਰਮਾਂ–ਬੀਬੀ ਤੁਲਸਾਂ ਸੁਪਤਨੀ ਸਖਾਨੀ ਮਲ ਸਪੁੱਤਰ ਸੋਭਾ ਰਾਮ, ੫੦) ਦਾ ਢਾਈ ਗਜ਼ ਚਿੱਟਾ ਪੱਥਰ ਲਵਾਇਆ।

੬੭. ਵਡੀ ਪਰਕਰਮਾਂ–ਸ: ਉਦੇ ਸਿੰਘ ਸਪੁੱਤਰ ਸ: ਭਗਵਾਨ ਸਿੰਘ ਪਿੰਡ ਬੋਹਤਰਾਂ ਜਿਲਾ ਲੁਧਿਆਨਾ। ੬੧) ਦੀ ਸੇਵਾ ਹੋਈ ਸੰ: ੧੯੬੪ ਬਿ: ਵਿਚ ਗਿਆਨੀ ਗੁਰਬਖਸ ਸਿੰਘ ਜੀ ਦੀ ਸਰਬਰਾਹੀ।

੬੮. ਵਡੀ ਪਰਕਰਮਾਂ–ਭਾਈ ਮਤਾਬ ਸਿੰਘ ਸਪੁੱਤਰ ਭਾਈ ਭਗਤ ਸਿੰਘ ਜਾਤ ਅਰੋੜਾ, ਮਰਾਲਾ ਤਸੀਲ ਖਾਰੀਆਂ ਜ਼ਿਲਾ ਗੁਜਰਾਤ। ੨੦) ਦੀ ਸੇਵਾ ਹੋਈ, ੩ ਸਾਵਨ ੧੯੬੪ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੬੯. ਵਡੀ ਪਰਕਰਮਾਂ–ਬਾਵਾ ਮੰਗਲ ਗਿਰੀ ਚੇਲਾ ਸਰਦਾਰ ਗਿਰੀ, ਅੰਮ੍ਰਿਤਸਰ। ੧੨) ਦੀ ਸੇਵਾ ਹੋਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੭੦. ਵਡੀ ਪਰਕਰਮਾ–ਸ: ਨਬੀਰ ਸਿੰਘ ਸੁਪੁੱਤਰ ਸਰਦਾਰ ਦੁਰਗਾ ਦਾਸ ਪੁਰੀ ਤਸੀਲਦਾਰ ਸੁਲਤਾਨ ਪੁਰ ਰਿਆਸਤ ਫਰੀਦਕੋਟ। ੨੧) ਦੀ ਸੇਵਾ ਹੋਈ, ਸੰਮਤ ੧੯੬੮, ਸਰਬ ਰਾਹੀ ਗੁਰਬਖਸ਼ ਸਿੰਘ ਗਿਆਨੀ।

੭੧. ਵੱਡੀ ਪਰਕਰਮਾਂ–ਰਾਏ ਬਹਾਦੁਰ ਰਾਏ ਹਰੀ ਸਿੰਘ ਜੀ ਸੰਗਤ ਪੁਰਾ, ਅੰਮ੍ਰਿਤਸਰ ੧੦੦) ਦਾ ੫ ਗਜ ਸੰਖ ਮਰਮਰ ਲਵਾਇਆ ਸੰਮਤ ੧੯੬੪, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੭੨. ਵੱਡੀ ਪਰਕਰਮਾਂ–ਸ੍ਰ: ਜੀਵਨ ਸਿੰਘ ਸਾਹਿਬ ਪਿੰਡ ਵਛੋਆ ਤਸੀਲ ਅਜਨਾਲਾ ਅੰਮ੍ਰਿਤਸਰ ੫੦) ਦੀ ਸੇਵਾ ੧੯੬੪ ਵਿਚ ਹੋਈ,ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੭੩. ਵੱਡੀ ਪ੍ਰਕਰਮਾਂ–ਭਾਈ ਨਰੈਣ ਸਿੰਘ ਸਪੁੱਤ੍ਰ ਭਾਈ ਖਜ਼ਾਨ ਸਿੰਘ ਜਿਲਾ ਲਾਹੌਰ, ੨੫) ਦੀ ਸੇਵਾ, ੧੯੬੪ ਵਿਚ ਹੋਈ , ਸਰਬਰਾਹੀ ਗਜਾਨੀ ਗੁਰਬਖਸ਼ ਸਿੰਘ ਜੀ।

੭੪. ਵੱਡੀ ਪਰਕਰਮਾਂ–ਮਹੰਤ ਘਨੱਯਾ ਸਿੰਘ ਸਪੁੱਤਰ ਮਹੰਤ ਲਛਮਣ ਦਾਸ ਜੀ ਮਾਲਕ ਸ਼ਫ਼ਾ ਖਾਨਾ ਨਰੰਕਾਰੀ ਅੰਮ੍ਰਿਤਸਰ। ੧੦) ਦੀ ਸੇਵਾ ੧੯੬੪ ਵਿਚ ਹੋਈ, ਸਰਬ

ਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ।

੭੫. ਵੱਡੀ ਪਰਕਰਮਾਂ—ਭਾ: ਠਾਕਰ ਸਿੰਘ ਸਪੁੱਤਰ ਭਾਈ ਸੰਤ ਸਿੰਘ ਰਾਮਗੜ੍ਹੀਆ ਮੁਰਾਦ ਪੁਰਾ ਤਸੀਲ ਤਰਨਤਾਰਨ ਜਿਲਾ ਅੰਮ੍ਰਿਤਸਰ । ੫੦) ਦੀ ਸੇਵਾ ਹੋਈ ੧੯੨੮ ਸਰਬ ਰਾਹੀ ਭਾਈ ਗੁਰਬਖਸ਼ ਸਿੰਘ ਜੀ ਗਿਆਨੀ ।

੭੬, ਵੱਡੀ ਪ੍ਰਕਰਮਾ ਭਾਈ ਆਤਮਾ ਸਿੰਘ ਸਪੁੱਤਰ ਭਾਈ ਗੁਰਦਿਤ ਸਿੰਘ ਦਤਾਲਾ ਜਿਲਾ ਜੇਹਲਮ । ੫੦) ਦਾ ੨॥ ਗਜ ਮੁਰਬਾ ਪੱਥਰ ਲਵਾਯਾ ਸੰ: ੧੯੬੪ ਬਿ: ਸਰਬ ਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ।

੭੭. ਵੱਡੀ ਪਰਕਰਮਾ—ਗੋਬਿੰਦਾ ਵਾਸੀ ਕਸਾਨਾ ਜਿਲਾ ਗੁਰਦਾਸ ਪੁਰ, ੫੦) ਦੀ ਸੇਵਾ ੧੯੫੮ ਵਿਚ ਹੋਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ।

੭੮. ਵਡੀ ਪਰਕਰਮਾਂ—ਭਾਈ ਨਰੈਣ ਸਿੰਘ ਵਾਸੀ ਕੁਰਸੀਆਂ ਜ਼ਿਲਾ ਰਾਵਲਪਿੰਡੀ । ੫) ਦੀ ਸੇਵਾ ੧੯੫੮ ਵਿਚ ਹੋਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ।

੭੯. ਵਡੀ ਪਰਕਰਮਾਂ—ਸ੍ਰ: ਮੋਹਕਮ ਸਿੰਘ ਜਿਲੇਦਾਰ ਸਪੁੱਤਰ ਸ: ਦੇਵਾ ਸਿੰਘ ਵਾਸੀ ਸੋਹਲ, ੨੦) ਦੀ ਸੇਵਾ ਹੋਈ, ੧੯੬੪ ਬਿ: ਸਰਬਰਾਹੀ ਗਜਾਨੀ ਗੁਰਬਖਸ਼ ਸਿੰਘ ਜੀ ।

੮੦. ਵਡੀ ਪਰਕਰਮਾਂ—ਹਾਕਮ ਸਿੰਘ ਸਪੁੱਤਰ ਭਾਈ ਭਗਵਾਨ ਸਿੰਘ ਦਤਾਲ ਜਿਲਾ ਜੇਹਲਮ, ੫੦) ਦਾ ੨॥ ਗਜ ਪੱਥਰ ਲਵਾਇਆ ੧੯੬੨ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ।

੮੧. ਵੱਡੀ ਪ੍ਰਕਰਮਾਂ—ਸਰਦਾਰ ਕੇਸਰ ਸਿੰਘ ਵਾਸੀ ਸਭਰਾਓਂ ਜ਼ਿਲਾ ਲਾਹੌਰ, ੫੦) ਦੀ ਸੇਵਾ ਹੋਈ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਸੰਮਤ ੧੮੬੮ ਬਿ: ।

੮੨. ਵੱਡੀ ਪ੍ਰਕਰਮਾਂ—ਭਾਈ ਨੱਥਾ ਸਿੰਘ ਸਪੁੱਤ੍ਰ ਭਾਈ ਆਸਾ ਸਿੰਘ ਅਰੋੜਾ ਹਜ਼ਾਰਾ ਜ਼ਿਲਾ ਮਿੰਟਗੁਮਰੀ, ੧੫) ਦੀ ਸੇਵਾ ੧੯੬੫ ਬਿ: ਵਿਚ ਹੋਈ, ਸਰਬ ਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ।

੮੩. ਵੱਡੀ ਪ੍ਰਕਰਮਾਂ—ਬਾਬੂ ਧਰਮ ਸਿੰਘ ਸਪੁੱਤ੍ਰ ਸ਼ੇਰ ਸਿੰਘ ਜੀ ਆਹਲੂਵਾਲੀਆ ਜ਼ਿਲਾ ਸਿਆਲ ਕੋਟ । ੧੧) ਦੀ ਸੇਵਾ ੧੯੬੫ ਬਿ: ਵਿਚ ਹੋਈ, ਸਰਬਰਾਹੀ ਗਿਆਨੀ ਗੁਹਬਖਸ਼ ਸਿੰਘ ਜੀ ਦੇ ਵੇਲੇ ।

੮੪. ਵੱਡੀ ਪ੍ਰਕਰਮਾਂ—ਲਾਲਾ ਬਾਲਕ ਰਾਮ ਤੇ ਦੇਵੀ ਦਾਸ ਵਾਸੀ ਜਬਰਪੁਰ ਜ਼ਿਲਾ ਜੇਹਲਮ, ੨੦) ਦੀ ਸੇਵਾ ਹੋਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ।

੮੫. ਵੱਡੀ ਪ੍ਰਕਰਮਾਂ—ਲਾਲਾ ਲਾਲ ਚੰਦ ਰਾਜਾਸਾਂਸੀ (ਅਮ੍ਰਿਤਸਰ) ਨੇ ੧੨॥) ਦੀ ਸੇਵਾ ੧੯੬੬ ਬਿ: ਵਿਚ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ।

੮੬. ਵੱਡੀ ਪ੍ਰਕਰਮਾਂ–ਸਰਦਾਰ ਤਲੋਕ ਸਿੰਘ ਸਾਹਿਬ ਸਬ ਇਨਸਪੈਕਟਰ ਪੁਲੀਸ ਥਾਨਾ ਚਹਾਂੜਾ ਨੇ ੨੫) ਦੀ ਸੇਵਾ ੧੯੬੬ ਬਿ: ਵਿਚ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੮੭. ਵੱਡੀ ਪ੍ਰਕਰਮਾਂ–ਮਲ ਸਿੰਘ ਮਜਦੂਰ ਕਾਰਖਾਨਾ ਇਮਾਰਤ ਅੰਮ੍ਰਿਤਸਰ ਜੀ। ੧੦) ਦੀ ਸੇਵਾ ੧੯੬੬ ਵਿਚ ਹੋਈ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੮੮. ਵੱਡੀ ਪਰਕਰਮਾਂ–ਸ: ਅਮਰ ਸਿੰਘ ਜ਼ੀ ਜੈਲਦਾਰ ਕਾਲਾ ਕਮਰਾ (ਜਾਲੰਧਰ) ੨੫) ਦੀ ਸੇਵਾ ਹੋਈ ੧੯੬੬ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੮੯. ਵੱਡੀ ਪਰਕਰਮਾਂ–ਗੋਬਿੰਦਾ ਮੱਲ ਅਰੋੜਾ ਨਵਾਂ ਕੋਟ (ਗੁਜ਼ਰਾਤ), ੩੦) ਦੀ ਸੇਵਾ ਹੋਈ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੯੦. ਵੱਡੀ ਪਰਕਰਮਾ–ਝੰਡਾ ਸਿੰਘ ਚੂਹੜ ਲਾਹੌਰ ੧੦) ਦੀ ਸੇਵਾ ਹੋਈ ੧੯੬੮ ਬਿ: ਵਿਚ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੯੧. ਵੱਡੀ ਪਰਕਰਮਾਂ–ਭਾਈ ਭਗਵਾਨ ਸਿੰਘ ਵਾਸੀ ਝਾਵਾਂ (ਹੁਸ਼ਿਆਰ ਪੁਰ) ੧੦) ਦੀ ਸੇਵਾ ਹੋਈ।

੯੨. ਵੱਡੀ ਪਰਕਰਮਾਂ–ਸ: ਹਾਕਮ ਸਿੰਘ ਜਮਾਦਾਰ ਰਸਾਲਾ ਨੰ: ੨੫ ਬੰਨੂੰ। ੫) ਦੀ ਸੇਵਾ ਹੋਈ, ਚੌਥਾਈ ਮੁਰੱਬਾ ਗਜ਼, ਗਿਆਨੀ ਗੁਰਬਖਸ਼ ਸਿੰਘ ਜੀ ਦੀ ਸਰਬਰਾਹੀ ਵਿਚ।

੯੩. ਵੱਡੀ ਪਰਕਰਮਾਂ–ਇਕਵਾਕ ਸਿੰਘ ਰਸਾਲਦਾਰ ਸਪੁੱਤਰ ਸ: ਬੁਧ ਸਿੰਘ ਚੇਤਨ ਪੁਰ ਅੰਮ੍ਰਿਤਸਰ ਟਹਿਲ ਕਰਾਈ ਸੰਮਤ ੧੯੬੮ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜ਼ੀ।

੯੪. ਵੱਡੀ ਪਰਕਰਮਾਂ–ਮਾਈ ਭਾਗੋ ਸੁਪਤਨੀ ਸ: ਇਕਵਾਕ ਸਿੰਘ ਜੀ। ਟਹਿਲ ਕਰਾਈ ਸੰਮਤ ੧੯੬੮ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜ਼ੀ।

੯੫. ਵੱਡੀ ਪਰਕਰਮਾਂ–ਸ: ਇਕਵਾਕ ਸਿੰਘ ਜੀ ਨੇ ਆਪਣੇ ਸੱਕੇ ਭਰਾਵਾਂ, ਲ਼ਾਭ ਸਿੰਘ, ਭਾਗ ਸਿੰਘ, ਦੀਵਾਨ ਸਿੰਘ ਤੇ ਸੇਵਾ ਸਿੰਘ ਦੀ ਯਾਦਗਾਰ ਵਿਚ ਸੇਵਾ ਕਰਾਈ। ਸੰਮਤ ੧੯੬੮ ਬਿ:। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੯੬. ਵੱਡੀ ਪਰਕਰਮਾਂ–ਭਾਈ ਲਾਲ ਸਿੰਘ ਮਿਤ ਸਿੰਘ ਪੋਤਰੇ ਭਾਈ ਵਸਾਵਾ ਸਿੰਘ ਰਾਮਗੜ੍ਹੀਏ ਕਾਹਲਪੁਰਾ ਹਾਲ ਵਾਸੀ ਕਟੜਾ ਜੱਲ੍ਹੇ ਵਾਲੀਆਂ ਅੰਮ੍ਰਿਤਸਰ, ੫੦) ਦੀ ਸੇਵਾ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੯੭. ਵੱਡੀ ਪਰਕਰਮਾਂ–ਗੰਡਾ ਸਿੰਘ ਸਪੁੱਤਰ ਭਾਈ ਭਗਵਾਨ ਸਿੰਘ ਸਰਨਾ ਖਤਰੀ ਵਾਸੀ ਨੰਦਾ (ਰਾਵਲ ਪਿੰਡੀ) ੧੦) ਦਾ ੧॥ ਫੂਢ ਗਜ ਸੰਗ ਮਰਮਰ ਲਵਾਇਆ ਸੰਮਤ

੧੯੬੬ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੯੮. ਵਡੀ ਪਰਕਰਮਾਂ—ਭਾਈ ਨਿਹਾਲ ਸਿੰਘ ਹੌਲਦਾਰ ਸਪੁੱਤਰ ਭਾ: ਗੁਰਦਿਤ ਸਿੰਘ ਜੱਟ ਵਾਸੀ ਸ਼ਾਹਜ਼ਾਦਪੁਰ (ਅੰਬਾਲਾ) ੨੦) ਦੀ ਸੇਵਾ ੧੯੬੯ ਵਿਚ ਹੋਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੯੯. ਵੱਡੀ ਪਰਕਰਮਾਂ—ਬੀਬੀ ਰਾਮ ਕੌਰ ਵਿਧਵਾ ਲਾ: ਭਗਵਾਨ ਦਾਸ ਕੰਧਾਰੀ ਨੇ ਆਪਨੇ ਪਤੀ ਦੀ ਯਾਦਗਾਰ ਵਿਚ ੬੦) ਦੀ ਸੇਵਾ ੧੯੬੬ ਵਿਚ ਕਰਾਈ। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੦੦. ਵੱਡੀ ਪਰਕਰਮਾਂ—ਸ: ਵੀਰ ਸਿੰਘ ਗੁਜਰਖਾਨ (ਰਾਵਲ ਪਿੰਡੀ) ੨੫।=) ਦੀ ਸੇਵਾ ੧੯੬੬ ਵਿਚ ਹੋਈ। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੦੧. ਵੱਡੀ ਪਰਕਰਮਾਂ—ਲਾਲਾ ਕਲਿਆਨ ਦਾਸ ਸਪੁੱਤਰ ਮੁਕੰਦ ਸ਼ਾਹ ਪਿੰਡੀ ਘੇਬ ਰਾਹੀਂ ਲਾਲਾ ਨਰੈਣ ਦਾਸ ਚੇਲਾ ਰਾਮ ਸ਼ਾਹੂਕਾਰ ਅੰਮ੍ਰਿਤਸਰ। ੧੦।।।–)।।। ਦੀ ਸੇਵਾ ੧੯੬੬ ਬਿ: ਵਿਚ ਹੋਈ।

੧੦੨. ਵੱਡੀ ਪਰਕਰਮਾਂ—ਸ: ਮੰਗਲ ਸਿੰਘ ਸਪੁੱਤਰ ਨੰਦ ਸਿੰਘ ਜੀ ਰਾਮਗੜ੍ਹੀਆ ਪੁਲਕੰਜਰੀ (ਲਾਹੌਰ) ੧੦੦) ਦੀ ਸੇਵਾ ਹੋਈ, ੫ ਗਜ ਮਰੱਬਾ ਪੱਥਰ ਲੱਗਾ, ਸੰਮਤ ੧੯੭੩ ਬਿ:, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੦੩. ਵੱਡੀ ਪਰਕਰਮਾਂ—ਸ੍ਰ: ਦਿਲਾਵਰ ਸਿੰਘ ਜੀ ਪੈਨਸ਼ਨਰ ਵਾਸੀ ਨਹਰੋਵਾ (ਅੰਬਾਲਾ) ੫੧) ਦੀ ਸੇਵਾ ਹੋਈ ੧੯੬੮ ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੦੪. ਵੱਡੀ ਪਰਕਰਮਾਂ—ਭਾਈ ਮੰਗਲ ਸਿੰਘ ਜੈਮਲ ਸਿੰਘ ਵਾਸੀ ਕਾਮੋਂ ਕੇ (ਗੁਜਰਾਂ ਵਾਲਾ) ੨੫।) ਦੀ ਸੇਵਾ ਹੋਈ।

੧੦੫..ਵਡੀ ਪਰਕਰਮਾਂ—ਲਾਲਾ ਗੁਰਦਿਤਾ ਮਲ ਸਪੁਤਰ ਭਾਈ ਚਤਰ ਸਿੰਘ ਜੀ ਅਰਜ਼ੀ ਨਵੀਸ ਮਲਹੋਤਰਾ ਵਾਸੀ ਚਕਵਾਲ (ਰਾਵਲਪਿੰਡੀ) ੧੨।।) ਦੀ ਸੇਵਾ ਹੋਈ ੧੯੬੯ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੦੬. ਵਡੀ ਪਰਕਰਮਾਂ—ਹਿੰਦੀ ਵਿਚ ਲਿਖਿਆ ਹੈ।

੧੦੭. ਵਡੀ ਪਰਕਰਮਾਂ—ਭਾਈ ਮੋਹਨ ਸਿੰਘ ਅਰੋੜਾ ਹਜਰਾ (ਮਿੰਟਗੁਮਰੀ) ਨੇ ਚਾਨਣ ਸਿੰਘ ਦੀ ਯਾਦਗਾਰ ਵਿਚ ਨਿਹਾਲ ਦੇਵੀ ਦੀ ਰਾਹੀਂ ੫੦) ਦੀ ੧੯੬੬ ਵਿਚ ਸੇਵਾ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੦੮. ਵਡੀ ਪਰਕਰਮਾਂ—ਭਾਈ ਫਤੇ ਸਿੰਘ ਜੀ ਸਪੁਤ੍ਰ ਕਾਹਨ ਸਿੰਘ ਵਾਸੀ ਡਢੇਰੋਂ (ਹੁਸ਼ਿਆਰਪੁਰ) ੧੦) ਦੀ ਸੇਵਾ ਕਰਾਈ।

੧੦੯. ਵਡੀ ਪਰਕਰਮਾਂ—ਭਾਈ ਬਾਲਾ ਸਿੰਘ ਵਾਸੀ ਗੰਗਾ ਵਾਲਾ (ਅਟਕ) ੧੦) ਦੀ ਸੇਵਾ ਕਰਾਈ ਅੱਧ ਗਜ਼।

੧੧੦. ਵਡੀ ਪਰਕਰਮਾਂ—ਭਾਈ ਮੀਂਹ ਸਿੰਘ ਕਲਰੀ (ਅਟਕ) ੫) ਦੀ ਸੇਵਾ ਕਰਾਈ ਚੌਥਾਈ ਗਜ਼।

੧੧੧. ਵਡੀ ਪਰਕਰਮਾਂ—ਹੇਮ ਰਾਜ ਸਪੁਤ੍ਰ ਨੰਦੂ ਮਲ ਵਾਸੀ ਜਮਾਲੀ (ਹੈਦਰਾਬਾਦ) ੬੪) ਦੀ ਸੇਵਾ ਕਰਾਈ ੩ ਗਜ਼।

੧੧੨. ਵਡੀ ਪਰਕਰਮਾਂ—ਲਾਲਾ ਠਾਕਰ ਦਾਸ ਸਪੁਤ੍ਰ ਭਾਈ ਗੁਰਦਿਤ ਸਿੰਘ ਜਾਤ ਮਹਾਜਨ ਵਾਸੀ ਕਲਰ ਜ਼ਿਲਾ ਰਾਵਲਪਿੰਡੀ ਤਸੀਲ ਕਹੂਟਾ ੧੦੫) ਦੀ ਸੇਵਾ ਕਰਾਈ ੫ ਗਜ਼ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੧੩. ਵਡੀ ਪਰਕਰਮਾਂ—ਮਾਈ ਪਰਮੇਸਰਾ ਦੇਵੀ ਵਾਸੀ, ਨਗਰੋਟਾ ਰਿਆਸਤ ਜੰਮੂ, ੫) ਦੀ ਸੇਵਾ ਸੰਮਤ ੧੯੭੦ ਵਿਚ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੧੪. ਵਡੀ ਪਰਕਰਮਾਂ—ਸ: ਭਗਵਾਨ ਸਿੰਘ ਪੈਨਸ਼ਨਰ ਰਸਾਲਦਾਰ ਪੂਨਾਂ ਗਵਰਮਿੰਟ ਹਾਊਸ ੬) ਦੀ ਸੇਵਾ ਸੰਮਤ ੧੯੭੦ ਵਿਚ ਕਰਾਈ। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੧੫. ਵਡੀ ਪਰਕਰਮਾਂ—ਭਾਈ ਸੁਖਦੇਵ ਸਿੰਘ ਸਪੁਤ੍ਰ ਹਾਕਮ ਸਿੰਘ ਤੇ ਬਸੰਤ ਕੌਰ ਵਾਸੀ ਛੌਨੀ ਵਡੀ ਹੁਸ਼ਿਆਰਪੁਰ, ੨੫) ਦੀ ਸੇਵਾ ੧੯੭੦ ਵਿਚ ਹੋਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ।

੧੧੬. ਵਡੀ ਪਰਕਰਮਾ—ਭਾਈ ਗੁਰਮੁਖ ਸਿੰਘ ਤੇ ਭਾਈ ਬੀਰ ਸਿੰਘ ਜੀ ਰਸਾਲਦਾਰ ਵਾਸੀ ਕੋਕਰੀ ਵਡੀ (ਫੀਰੋਜ਼ਪੁਰ) ੧੦੦) ਦੀ ਟਹਿਲ ਕਰਾਈ ੫ ਗਜ਼ ਸੰਮਤ ੧੯੬੭ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੧੭. ਵਡੀ ਪਰਕਰਮਾ—ਸ: ਕਾਹਨ ਸਿੰਘ ਸਪੁਤ੍ਰ ਸਰਦਾਰ ਹਾਕਮ ਸਿੰਘ ਸ਼ਾਹੂਕਾਰ ਵਾਸੀ ਗਵਾਰਾ (ਗੁਰਦਾਸ ਪੁਰ) ੪੫) ਦੀ ਟਹਿਲ ਕਰਾਈ, ਸੰਮਤ ੧੯੭੧ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੧੮. ਵਡੀ ਪਰਕਰਮਾ—ਮਾਈ ਆਤੋ ਸੁਪਤਨੀ ਸਰਦਾਰ ਨਥਾ ਸਿੰਘ ਸਾਹਿਬ ਭੰਗੀ ਸੂਬੇਦਾਰ ਮਿਲਟਰੀ ਵਾਸੀ ਰਕਿਆਬ (ਬਰਮਾ) ਤੇ ਸੁਪਤਨੀ ਸਰਦਾਰ ਧਿਆਨ ਸਿੰਘ ੧੫) ਦੀ ਸੇਵਾ ਕਰਾਈ ਪੌਣਾ ਗਜ਼ ਸੰਮਤ ੧੯੬੭ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੧੯. ਵਡੀ ਪਰਕਰਮਾ—ਬੀਬੀ ਕੇਸਰ ਦੇਵੀ ਵਿਧਵਾ ਸ: ਤਾਰਾ ਸਿੰਘ ਆਹਲੂਵਾਲੀਏ ਆਨਰੇਰੀ ਮੈਜਿਸਟਰੇਟ ਰਾਵਲਪਿੰਡੀ ੩੦) ਦੀ ਸੇਵਾ ਕਰਾਈ, ਸਰਬਰਾਹੀ ਗਿਆਨੀ

ਗੁਰਬਖਸ਼ ਸਿੰਘ ਜੀ।

੧੨੦. ਵਡੀ ਪਰਕਰਮਾ—ਭਾਈ ਕਲਿਆਨ ਸਿੰਘ ਜੀ ਵਾਸੀ ਮੀਆਂ ਅਹਮਦ (ਲਾਇਲਪੁਰ) ੩੧) ਦੀ ਸੇਵਾ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਸੰਮਤ ੧੯੬੭ ਬਿ:।

੧੨੧. ਵਡੀ ਪਰਕਰਮਾ—ਸ: ਤੇਜਾ ਸਿੰਘ ਜੀ ਸ਼ਾਹੂਕਾਰ ਵਾਸੀ ਸਰਾਏ ਨੌਰੰਗ (ਗੁਜਰਾਤ) ੧੦) ਦੀ ਸੇਵਾ ਕਰਾਈ ੧ ਗਜ਼ ਸੰਮਤ ੧੯੬੭ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੨੨. ਵਡੀ ਪਰਕਰਮਾ—ਸ: ਠਾਕਰ ਸਿੰਘ ਸਾਹਿਬ ਸਪੁਤ੍ਰ ਸ: ਰਾਮ ਸਿੰਘ ਜੀ ਭਗਵਾਲ (ਗੁਜਰਾਤ) ੫੦) ਦੀ ਸੇਵਾ ਸੰਮਤ ਬਿ: ੧੯੬੭ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੨੩. ਵਡੀ ਪਰਕਰਮਾ—ਭਾਈ ਨਿਹਾਲ ਸਿੰਘ ਸਪੁਤਰ ਭਾਈ ਮਿਤ ਸਿੰਘ ਪੋਤਰਾ ਭਾਈ ਆਸਾ ਸਿੰਘ ਅੰਮ੍ਰਿਤਸਰ ੧੬) ਦੀ ਸੇਵਾ ਸੰਮਤ ੧੯੬੭, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੨੩. ਵਡੀ ਪਰਕਰਮਾ—ਬਾਲਕ ਰਾਮ ਲਾਲਾ ਦੇਵੀ ਦਾਸ ਜਬਰ ਪੁਰ (ਜੇਹਲਮ) ੫੦) ਦੀ ਸੇਵਾ ਸੰਮਤ ੧੯੭੧, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੨੫. ਵਡੀ ਪ੍ਰਕਰਮਾ—ਵਸਾਵਾ ਸਿੰਘ ਸਪੁਤ੍ਰ ਭਾਈ ਅਤਰ ਸਿੰਘ ਮਿਸਤਰੀ ਵਾਸੀ ਡਲਵਾਲੀ ੩੦) ਦੀ ਸੇਵਾ ਸੰਮਤ ੧੯੬੭ ਬਿ:, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੨੬. ਵਡੀ ਪਰਕਰਮਾ—ਸੰਤ ਸਿੰਘ ਸਪੁਤ੍ਰ ਸ: ਨਿਹਾਲ ਸਿੰਘ ਖੱਤਰੀ ਮਰਵਾਹਾ ਦਬਵਾਲ(ਕੈਮਲਪੁਰ) ੨੫) ਦੀ ਸੇਵਾ ੧੯੭੧ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੨੭. ਵਡੀ ਪਰਕਰਮਾ—ਸ: ਨਥਾ ਸਿੰਘ ਸਪੁਤ੍ਰ ਸ: ਗੋਪਾਲ ਸਿੰਘ ਜੀ ਤੇ ਸੁਪਤਨੀ ਭਾਗਵੰਤੀ ਜਾਤ ਮਹਾਜਨ ਵਾਸੀ ਕਲਰ ਬਾਬਾ ਖੇਮ ਸਿੰਘ ਵਾਲਾ (ਰਾਵਲਪਿੰਡੀ) ੫੦) ਦੀ ਸੇਵਾ ਸੰਮਤ ੧੯੭੨, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੨੮. ਵਡੀ ਪਰਕਰਮਾ—ਮਿਲਟਰੀ ਪੋਲੀਸ ਰੰਗੂਨ ਜ਼ਿਲਾ ਐਕਾਬ ਮੁਲਕ ਬਰਮਾਂ ਦੇ ਸਿਖਾਂ ਨੇ ੩੦) ਦੀ ਟਹਿਲ ਕਰਾਈ, ਸੰਮਤ ੧੯੬੭ ਬਿ:, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੨੯. ਵਡੀ ਪਰਕਰਮਾਂ—ਸ: ਪਰਦੁਮਨ ਸਿੰਘ ਸਪੁਤਰ ਸਰਦਾਰ ਮੇਹਰ ਸਿੰਘ ਅਕਾਲ ਗੜ (ਗੁਰਜਾਂ ਵਾਲਾ) ਨੇ ਆਪਣੇ ਕਾਕੇ ਮਹਿੰਦਰ ਸਿੰਘ ਦੇ ਜਨਮ ਦੀ ਯਾਦਗਾਰ ਵਿਚ ੨੬ ਸਾਵਨ ਸੰਮਤ ੧੯੭੧ ਨੂੰ ੨੫) ਦੀ ਸੇਵਾ ਕਰਾਈ, ਸਰਬਰਾਹੀ ਗਿਆਨੀ

ਗੁਰਬਖਸ਼ ਸਿੰਘ ਜੀ।

੧੩੦. ਵਡੀ ਪਰਕਰਮਾ—ਕਾਂਸ਼ੀ ਰਾਮ ਵਾਸੀ ਮੀਆਂ ਵਾਲੀ ੨੫) ਦੀ ਸੇਵਾ ਕਰਾਈ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਸੰਮਤ ੧੯੭੧।

੧੩੧. ਵਡੀ ਪਰਕਰਮਾ—ਭਾਈ ਜਵੰਦ ਸਿੰਘ ਸਰੂਪ ਸਿੰਘ ਜੀ ਅਰੋੜੇ ਵਾਸੀ ਨੂਰਪੁਰ (ਸ਼ਾਹਪੁਰ) ਨੇ ਆਪਣੇ ਲੜਕੇ ਇੰਦਰ ਜੀਤ ਸਿੰਘ ਦੀ ਯਾਦਗਾਰ ਵਿਚ ੨੫) ਦੀ ਸੇਵਾ ਕਰਾਈ। ਸੰਮਤ ੧੯੭੨ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੩੨. ਸ੍ਰ: ਈਸ਼ਰ ਸਿੰਘ ਜਗੀਰਦਾਰ ਰੰਗੀਲਪੁਰਾ (ਅੰਬਾਲਾ) ਨੇ ਆਪਣੀ ਸੁਪਤਨੀ ਬੀਬੀ ਸਾਹਬ ਕੌਰ ਦੀ ਯਾਦਗਾਰ ਵਿਚ ੧੦੩) ਦੀ ਸੇਵਾ ਕਰਾਈ ੧੯੬੭ ਸੰਮਤ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੩੩. ਵਡੀ ਪਰਕਰਮਾ—ਸਰਦਾਰ ਸਿੰਘ ਵਿਦਯਾਰਥੀ ਲੁਧਿਆਨਾ, ੩) ਦੀ ਸੇਵਾ ੧੯੬੭ ਸੰਮਤ। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੩੪. ਵਡੀ ਪਰਕਰਮਾ—ਕੇਸਰਾ ਦੇਵੀ ਸੁਪਤਨੀ ਬਾਬੂ ਹਰਨਾਮ ਸਿੰਘ ਜੀ (ਲੁਧਿਆਨਾ) ੩) ਦੀ ਸੇਵਾ ਕਰਾਈ ਸੰਮਤ ੧੯੬੭ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੩੫. ਵਡੀ ਪਰਕਰਮਾ—ਮਾਈ ਬੁਧਾਂ ਤੇ ਰੰਗੀਲ ਚੰਦ ਵਾਸੀ ਮੰਗਲੋਟ (ਬਹਾਵਲਪੁਰ) ਨੇ ੫੦) ਦੀ ਸੰ: ੧੯੬੭ ਬਿ: ਵਿਚ ਸੇਵਾ ਕਰਾਈ,ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੩੬. ਵਡੀ ਪਰਕਰਮਾ—ਮੂਲ ਸਿੰਘ ਸਪੁਤਰ ਸਰਦਾਰ ਸੁਰੈਣ ਸਿੰਘ ਜੀ ਇਨਸ-ਪੈਕਟਰ ਪੋਲੀਸ ਥਾਨਾ ਪੋਲੀਸ ਜੰਡਿਆਲਾ (ਅੰਮ੍ਰਿਤਸਰ) ਨੇ ੨੦) ਦੀ ਸੇਵਾ ਸੰਮਤ ੧੯੭੨ ਬਿ: ਵਿਚ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੩੭. ਵਡੀ ਪਰਕਰਮਾ—ਬਾਵਾ ਮੂਲ ਸਿੰਘ ਬੇਦੀ ਅਹਿਲਕਾਰ ਰਿਆਸਤ ਫਰੀਦ ਕੋਟ ਨੇ ੪੫) ਦੀ ਸੇਵਾ ਸੰਮਤ ੧੯੭੨ ਬਿ: ਵਿਚ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੩੮. ਵਡੀ ਪਰਕਰਮਾ—ਭਾਈ ਤਾਰਾ ਸਿੰਘ ਸਬ ਇਨਸਪੈਕਟਰ ਪੋਲੀਸ ਸਪੁਤ੍ਰ ਸਰਦਾਰ ਅਮੀਰ ਸਿੰਘ ਸੂਬੇਦਾਰ ਢੁਡਿਆਲਾ (ਜੇਹਲਮ) ਨੇ ੫੦) ਦੀ ਸੇਵਾ ਸੰਮਤ ੧੯੬੮ ਬਿ: ਵਿਚ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੩੯. ਵਡੀ ਪਰਕਰਮਾ—ਭਾਈ ਗੋਪਾਲ ਸਿੰਘ ਸਪੁਤਰ ਭਾਈ ਜੀਵਨ ਸਿੰਘ ਚਕਰੀਆਂ ਵਾਲਾ ਸਦਰ ਬਾਜ਼ਾਰ ਰਾਵਲਪਿੰਡੀ ਨੇ ੧੦) ਦੀ ਸੇਵਾ ਕਰਾਈ, ਸੰਮਤ ੧੯੭੨ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੪੦. ਵਡੀ ਪਰਕਰਮਾ—ਭਾਈ ਗੰਡਾ ਸਿੰਘ ਸਪੁਤਰ ਭਾਈ ਮੂਲਾ ਸਿੰਘ ਭਾਟੀਆ (ਗੁਜਰਾਤ) ਨੇ ੧੦) ਦੀ ਸੇਵਾ ਕਰਾਈ ਸੰਮਤ ੧੯੭੨ ਬਿ: ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੪੧. ਵਡੀ ਪਰਕਰਮਾ—ਭਾਈ ਕਿਸ਼ਨ ਸਿੰਘ ਨੰਬਰਦਾਰ ਤੇ ਭਾਈ ਰਾਮ ਸਿੰਘ ਕੰਬੋ ਵਾਸੀ ਫਤਿਆਬਾਦ (ਅੰਮ੍ਰਿਤਸਰ) ਨੇ ੨੫) ਦੀ ਸੇਵਾ ਕਰਾਈ ਸੰਮਤ ੧੯੬੫ ਬਿ: ਵਿਚ। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੪੨. ਵਡੀ ਪਰਕਰਮਾ—੫੭ ਹੌਲਦਾਰ ਸੁੰਦਰ ਸਿੰਘ, ਅਰਜਨ ਸਿੰਘ, ਬਿਸ਼ਨ ਸਿੰਘ, ਲਛਮਨ ਸਿੰਘ, ਨੰਦ ਸਿੰਘ, ਜਗਤ ਸਿੰਘ, ਨੌਰੰਗ ਸਿੰਘ ੫੮ ਹਰਨਾਮ ਸਿੰਘ, ਗੁਲਾਬ ਸਿੰਘ, ਸੋਹਨ ਸਿੰਘ, ਪਾਖਰ ਸਿੰਘ, ਸਰਵਨ ਸਿੰਘ, ਹਰੀ ਸਿੰਘ, ਦਰਬਾਰਾ ਸਿੰਘ, ਕਾਹਨ ਸਿੰਘ. ਘਸੀਟਾ ਸਿੰਘ, ਰਾਮ ਸਿੰਘ, ਖੋਜਾ ਸਿੰਘ, ਰਾਹੀਂ ਰਸਾਲਦਾਰ ਭੋਲਾ ਸਿੰਘ, ੨੦) ਦੀ ਸੇਵਾ ਕਰਾਈ ਸੰਮਤ ੧੯੭੨ ਬਿ: ਵਿਚ। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੪੩. ਵਡੀ ਪਰਕਰਮਾ—ਇਸ ਤੋਂ ਅਗੇ ਕੋਈ ੭ ਗਜ਼ ਪਥਰ ਟੁਟਿਆ ਹੋਇਆ ਹੈ ਜਿਸ ਦੀ ਸੇਵਾ ਹੋਣੀ ਯੋਗ ਹੈ।

੧੪੪. ਵਡੀ ਪਰਕਰਮਾ—ਹਾਸ਼ੀਏ ਉਪਰ ਨਾਮ ਹੈ, ਅੰਦਰੋਂ ਟੁਟਿਆ ਹੋਇਆ ਹੈ।

੧੪੫. ਵਡੀ ਪਰਕਰਮਾ—ਦੇਵਾ ਸਿੰਘ ਸਪੁਤਰ ਭਾਈ ਗੁਲਾਬ ਸਿੰਘ ਜੱਟ ਵਾਸੀ ਠੇਹਰ (ਗੁਰਦਾਸ ਪੁਰ) ਨੇ ੫੦) ਦੀ ਸੇਵਾ ਕਰਾਈ, ਸੰਮਤ ੧੯੬੮ ਬਿ: ਵਿਚ। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੪੬. ਵਡੀ ਪਰਕਰਮਾਂ—ਸਰਦਾਰ ਮੀਤ ਸਿੰਘ ਸਾਹਿਬ ਜਮਾਦਾਰ ਪਲਟਨ ਨੰ: ੪੭ ਵਾਸੀ ਪਨੀਆਨਾ (ਪਟਿਆਲਾ ਸਟੇਟ) ਨੇ ੩੫) ਦੀ ਸੇਵਾ ਕਰਾਈ ਸੰਮਤ ੧੯੬੯ ਬਿ:। ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੪੭. ਵਡੀ ਪਰਕਰਮਾ—ਬਿਸ਼ਨ ਸਿੰਘ ਮੁਨਸ਼ੀ ਰਾਮ ਵਾਸੀ ਕਾਹਨਾ (ਅੰਮ੍ਰਿਤਸਰ) ੨੫) ਦੀ ਸੇਵਾ ਕਰਾਈ ਸੰਮਤ ੧੯੭੦ ਬਿ: ਵਿਚ,ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੪੮. ਵਡੀ ਪਰਕ ਰਮਾ—ਭਾਈ ਚੰਦਾ ਸਿੰਘ ਨੰਬਰਦਾਰ ਵਾਸੀ ਭਗਨ (ਗੁਰਦਾਸ ਪੁਰ) ੧੦) ਸੇਵਾ ਕਰਾਈ ਸੰਮਤ ੧੯੭੦ ਬਿ: ਵਿਚ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੪੯. ਵਡੀ ਪਰਕਰਮਾ—ਸ: ਵਜ਼ੀਰ ਸਿੰਘ ਸਾਹਿਬ ਪੈਨਸ਼ਨਰ ਜੱਟ ਸਪੁਤਰ ਸ: ਵੀਰ ਸਿੰਘ ਜਾਤ ਨਾਰੰਗ ਵਾਸੀ ਅਕਾਲਗੜ (ਗੁਜਰਾਂ ਵਾਲਾ) ਨੇ ੨੫) ਦੀ ਸੇਵਾ ਕਰਾਈ ਸੰਮਤ ੧੯੭੦ ਬਿ: ਵਿਚ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਵਿਖੇ।

੧੫੦. ਵਡੀ ਪਰਕਰਮਾ—ਅਤਰ ਕੌਰ ਤੇ ਮੱਯਾ ਕੌਰ ਬਾਬੂ ਹਰਨਾਮ ਸਿੰਘ ਵਾਸੀ ਬਾਸੀਆਂ ਦੀਆਂ ਸੁਪਤਨੀਆਂ ੪) ਦੀ ਸੇਵਾ ਕਰਾਈ, ਸੰਮਤ ੧੯੭੦ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਵਿਖੇ।

੧੫੧. ਵਡੀ ਪਰਕਰਮਾ—ਸਰਦਾਰ ਸੁਰੈਨ ਸਿੰਘ ਸਪੁਤਰ ਸ: ਬੂਟਾ ਸਿੰਘ ਜੀ ਸਫੈਦ ਪੋਸ਼ ਹਰਚੋਕੇ ਤਸੀਲ ਚੂਨੀਆਂ (ਲਾਹੌਰ) ਨੇ ੪੧) ਦੀ ਸੇਵਾ ਕਰਾਈ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੫੨. ਵਡੀ ਪਰਕਰਮਾ—ਸ: ਕਿਸ਼ਨ ਸਿੰਘ ਜੀ ਸੂਬੇਦਾਰ ਪਲਟਨ ਨੰ: ੫੮ (ਲਾਹੌਰ) ਨੇ ੭੦) ਦੀ ਸੇਵਾ ਕਰਾਈ ਸੰਮਤ ੧੯੭੦ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਵਿਖੇ।

੧੫੩. ਵਡੀ ਪਰਕਰਮਾ—ਭਾਈ ਗਿਆਨ ਸਿੰਘ ਨੇ ਆਪਣੇ ਲੜਕੇ ਭਾਈ ਇਕਬਾਲ ਸਿੰਘ ਵਲੋਂ ਉਸ ਦੀ ਮਾਤਾ ਦੀ ਯਾਦਗਾਰ ਵਿਚ ੧੦) ਦੀ ਸੇਵਾ ਕਰਾਈ ਸੰਮਤ ੧੯੭੦ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਵਿਖੇ।

੧੫੪. ਵਡੀ ਪਰਕਰਮਾਂ—ਬਾਵਾ ਗਿਰਧਾਰੀ ਲਾਲ ਪ੍ਰਸਿਧ ਬਾਵਾ ਉੱਤਮ ਸਿੰਘ ਭੱਲਾ ਪਟਿਆਲਾ ਖਾਸ ਨੇ ੧੦) ਦੀ ਸੇਵਾ ਕਰਾਈ ਸੰਮਤ ੧੯੭੦ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਵਿਖੇ।

੧੫੫. ਵਡੀ ਪਰਕਰਮਾਂ—ਭਾਈ ਪਰੀਤਮ ਸਿੰਘ ਸਪੁਤਰ ਭਾਈ ਉਸ਼ਨਾਕ ਸਿੰਘ ਰਾਮਗੜ੍ਹੀਆ ਗੰਡੀਵਿੰਡ ਨੇ ੧੮) ਦੀ ਸੇਵਾ ਕਰਾਈ ਸੰਮਤ ੧੯੭੧ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਵਿਖੇ।

੧੫੬. ਵਡੀ ਪਰਕਰਮਾਂ—ਭਾਈ ਜਵਾਲਾ ਸਿੰਘ ਤੇ ਬੀਬੀ ਜੈ ਕੌਰ ਪਿੰਡ ਕੋਹਟਾ (ਲਾਹੌਰ) ਨੇ ੫੦) ਦੀ ਸੇਵਾ ਕਰਾਈ ਸੰਮਤ ੧੯੭੧ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਵਿਖੇ।

੧੫੭. ਵਡੀ ਪਰਕਰਮਾ—ਭਾਈ ਮਨੋਹਰ ਸਿੰਘ ਨੇ ਆਪਨੀ ਸੁਪਤਨੀ ਸ਼ਿਵਦੇਵੀ ਦੀ ਯਾਦਗਾਰ ਵਿੱਚ ੧੦) ਦੀ ਸੇਵਾ ਕਰਾਈ ਸੰਮਤ ੧੯੭੧ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਵਿਖੇ।

੧੫੮. ਵਡੀ ਪਰਕਰਮਾ—ਭਾਈ ਅਰੂੜ ਸਿੰਘ ਭਲਵਾਨ ਰਿਆਸਤ ਨਾਭਾ ਨੇ ੧੦) ਦੀ ਸੇਵਾ ਕਰਾਈ ਸੰਮਤ ੧੯੭੧ ਬਿ: ਵਿਚ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਵਿਖੇ।

੧੫੯. ਦੂਖ ਭੰਜਨੀ ਸਾਹਿਬ ਦੇ ਪਾਰ ਵਲ—ਇਹਨਾਂ ਪੌੜੀਆਂ ਦੀ ਸੇਵਾ ਦਾ ਕੰਮ

ਸਰਬਰਾਹੀ ਸ੍ਰ: ਚੈਂਚਲ ਸਿੰਘ ਜੀ ਸਮੇਂ ਸੰਮਤ ੧੯੬੩ ਬਿ: ਵਿਚ ਪਰਾਰੰਭ ਹੋਇਆ ਸੀ।

੧੬੦. ਦੁਖ ਭੰਜਨੀ ਸਾਹਿਬ ਦੇ ਪਾਰ ਵਲ—ਭਾਈ ਹੁਕਮ ਸਿੰਘ ਸਪੁਤਰ ਭਾਈ ਨਰੈਣ ਸਿੰਘ ਵਾਸੀ ਪਸ਼ੌਰ ਨੇ ਰਾਹੀਂ ਲਾਲਾ ਉਤਮ ਚੰਦ ਗੋਬਿੰਦ ਰਾਮ ੧੦੧) ਦੀ ਸੇਵਾ ਕਰਾਈ।

੧੬੧. ਦੁਖ ਭੰਜਨੀ ਸਾਹਿਬ ਦੇ ਪਾਰ ਵਲ—ਭਾਈ ਧੰਨਾ ਸਿੰਘ ਗੋਕਲ ਚੰਦ ਮੇਹਰ ਸਿੰਘ ਜਾਤ ਅਰੋੜੇ ਪਿੰਡ ਦੀਪ ਸਿੰਘ ਵਾਲਾ ਰਿਆਸਤ ਫਰੀਦਕੋਟ ਨੇ ੧੦੦) ਦੀ ਸੇਵਾ ਕਰਾਈ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ਵਿਖੇ ਸੰ: ੨੮ ਮਾਰਚ ੧੯੦੨ ਈਸਵੀ।

੧੬੨. ਦੁਖ ਭੰਜਨੀ ਸਾਹਿਬ ਦੇ ਪਾਰ ਵਲ—ਭਾਈ ਧੰਨਾ ਸਿੰਘ ਸਪੁਤਰ ਲਾ: ਦੀਵਾਨ ਚੰਦ ਤੇ ਗੋਕਲ ਚੰਦ ਸਪੁਤ੍ਰ ਭਾਈ ਧੰਨਾ ਸਿੰਘ ਅਤੇ ਮੇਹਰ ਸਿੰਘ ਸਪੁਤ੍ਰ ਗੋਕਲ ਚੰਦ ਪਿੰਡ ਦੀਪ ਸਿੰਘ ਵਾਲਾ ਨੇ ੫੦) ਦੀ ਸੇਵਾ ਕਰਾਈ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ ੨੮ ਮਾਰਚ ੧੯੦੨ ਈਸਵੀ।

੧੬੩. ਦੁਖ ਭੰਜਨੀ ਸਾਹਿਬ ਦੇ ਪਾਰ ਵਲ—ਹਿੰਦੀ ਵਿਚ ਲਿਖਿਆ ਹੈ, ੫੦) ਦੀ ਸੇਵਾ ਕਰਾਈ ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ, ੨੮ ਮਾਰਚ ੧੯੦੨।

੧੬੪. ਦੁਖ ਭੰਜਨੀ ਸਾਹਿਬ ਦੇ ਪਾਰ ਵੱਲ—ਭਾਈ ਚਤ੍ਰ ਸਿੰਘ ਗਿੱਲ ਸਪੁਤ੍ਰ ਭਾਈ ਮੰਗਲ ਸਿੰਘ ਵਾਸੀ ਕਾਲਿਆਂ ਵਾਲੀ ਰਿਆਸਤ ਫਰੀਦਕੋਟ, ੧੦੦) ਦੀ ਸੇਵਾ ਕਰਾਈ, ਸਰਬਰਾਹੀ ਗਿਆਨੀ ਗੁਰਬਖਸ਼ ਸਿੰਘ ਜੀ।

੧੬੫. ਦੁਖ ਭੰਜਨੀ ਸਾਹਿਬ ਦੇ ਪਾਰ ਵਲ—ਭਾਈ ਬੂਟਾ ਸਿੰਘ ਸਪੁਤ੍ਰ ਭਾਈ ਗੁਰਦਿਤ ਸਿੰਘ ਅਤੇ ਭਾਈ ਕਿਸ਼ਨ ਸਿੰਘ ਸਪੁਤ੍ਰ ਭਾਈ ਬੂਟਾ ਸਿੰਘ ਵਾਸੀ ਕੂਨਕੇ ਹਾਲ ਵਸਨੀਕ ਦੀਪ ਸਿੰਘ ਵਾਲਾ ਰਿਆਸਤ ਫਰੀਦਕੋਟ, ੧੦੧) ਦੀ ਸੇਵਾ ਕਰਾਈ, ਸੰਮਤ ੧੯੬੯ ਸਰਬਰਾਹੀ ਗਜਾਨੀ ਗੁਰਬਖਸ਼ ਸਿੰਘ ਜੀ।

੧੬੬. ਦੁਖ ਭੰਜਨੀ ਸਾਹਿਬ ਦੇ ਪਾਰ ਵਲ—ਮਾਈ ਰਾਜੋ ਸੁਪਤਨੀ ਸੁੰਦਰ ਮਾਂਹਨਾ, ੧੦੦) ਦੀ ਸੇਵਾ ਕਰਾਈ, ੨੨ ਫਰਵਰੀ ੧੯੦੬।

੧੬੭. ਦੁਖ ਭੰਜਨੀ ਸਾਹਿਬ ਦੇ ਪਾਰ ਵਲ—ਭਾਈ ਹਾਕਮ ਸਿੰਘ ਅਰੋੜਾ ਚੋਟਾਲਾ (ਜੇਹਲਮ) ੪੦) ਦੀ ਸੇਵਾ ਕਰਾਈ, ੧੩ ਅਪਰੈਲ ੧੯੦੬।

੧੬੮. ਦੁਖ ਭੰਜਨੀ ਸਾਹਿਬ ਦੇ ਪਾਰ ਵਲ—ਭਾਈ ਪਰੇਮ ਸਿੰਘ ਕਲੇਰ ਮਾਂਗਟ ੬੦) ਦੀ ਸੇਵਾ ਕਰਾਈ, ਸੰਮਤ ੧੯੬੭ ਨੂੰ।

੧੬੯. ਦੁਖ ਭੰਜਨੀ ਸਾਹਿਬ ਦੇ ਪਾਰ ਵਲ—ਮਾਲਨ ਦੇਵੀ ਵਿਧਵਾ ਸੁਪਤਨੀ ਬੂੜਾ ਮੱਲ ਬਕਾਲ ਗਿੱਦੋਵਾਲ (ਜਲੰਧਰ) ਨੇ ੧੦) ਦੀ ਸੇਵਾ ਕਰਾਈ ਸੰ: ੧੯੬੯ ਬਿ: ਵਿਚ।

੧੭੦. ਦੁਖ ਭੰਜਨੀ ਸਾਹਿਬ ਦੇ ਪਾਰ —ਭਾਈ ਭਗਵਾਨ ਸਿੰਘ ਪੋਲੀਸ ਸਾਰਜੰਟ (ਅੰਮ੍ਰਿਤਸਰ) ਨੇ ੧੦) ਦੀ ਸੇਵਾ ਕਰਾਈ।

੧੭੧. ਦੁਖ ਭੰਜਨੀ ਸਾਹਿਬ ਦੇ ਪਾਰ ਵਲ—ਯਾਦਗਾਰ ਸ੍ਰਦਾਰ ਭਾਗ ਸਿੰਘ ਸੁਰਗ ਵਾਸੀ ਪਿੰਡ ਕਾਹਮਾ ਜਿਲਾ ਜਲੰਧਰ ਵਾਲੇ ਨੇ ੧੦) ਦੀ ਸੇਵਾ ਕਰਾਈ, ਸੰਮਤ ੧੯੭੧ ਬਿ: ਵਿਚ।

੧੭੨. ਦੁਖ ਭੰਜਨੀ ਸਾਹਿਬ ਦੇ ਪਾਰ ---ਯਾਦਗਾਰ ਸ੍ਰਦਾਰ ਰਤਨ ਸਿੰਘ ਸਪੁਤ੍ਰ ਸ੍ਰਦਾਰ ਮੇਹਰ ਸਿੰਘ ਪਿੰਡ ਕਾਹਮਾ ਜਿਲਾ ਜਲੰਧਰ ਨੇ ੧੦) ਦੀ ਸੇਵਾ ਸੰ: ੧੯੭੧ ਵਿਚ ਕਰਾਈ।

੧੭੩. ਦੁਖ ਭੰਜਨੀ ਸਾਹਿਬ ਦੇ ਪਾਰ ---ਭਾਈ ਵਸਾਵਾ ਸਿੰਘ ਜੱਟ ਨੇ ਸ੍ਰਦਾਰ ਜਵਾਹਰ ਸਿੰਘ ਪਿੰਡ ਕਾਹਮਾ ਜਿਲਾ ਜਲੰਧਰ ਦੀ ਯਾਦਗਾਰ ਵਿਚ ੧੦) ਦੀ ਸੇਵਾ ਕਰਾਈ, ਸੰਮਤ ੧੯੬੭ ਬਿ:।

੧੭੪. ਦੁਖ ਭੰਜਨੀ ਸਾਹਿਬ ਦੇ ਪਾਰ---ਬਾਵਾ ਕਾਂਸ਼ੀ ਗਿਰ ਚੇਲਾ ਬਾਵਾ ਮੰਗਲ ਗਿਰ ਬਠਿੰਡਾ (ਪਟਿਆਲਾ ਸਟੇਟ) ਵਾਲੇ ਨੇ ੭) ਦੀ ਸੇਵਾ ਕਰਾਈ ਸੰ: ੧੯੬੮ ਬਿ:।

੧੭੫. ਦੁਖ ਭੰਜਨੀ ਸਾਹਿਬ ਦੇ ਪਾਰ---ਬਖਸ਼ੀ ਕਾਂਸ਼ੀ ਸਿੰਘ ਸਪੁਤ੍ਰ ਭਾਈ ਹਰੀ ਸਿੰਘ ਤਸੀਲ ਗੁਜਰਖਾਨ ਵਾਲੇ ਨੇ ੫) ਦੀ ਸੇਵਾ ਕਰਾਈ ਸੰਮਤ ੧੯੬੮ ਬਿ:।

੧੭੬. ਦੁਖ ਭੰਜਨੀ ਸਾਹਿਬ ਦੇ ਪਾਰ---ਭਾਈ ਨਿਹਾਲ ਸਿੰਘ ਹੌਲਦਾਰ ਸ਼ਾਹਜ਼ਾਦ-ਪੁਰ (ਅੰਬਾਲਾ) ਨੇ ੨੦) ਦੀ ਸੇਵਾ ਕਰਾਈ ਸੰ: ੧੯੬੮ ਬਿ: ਨੂੰ।

੧੭੭. ਦੁਖਭੰਜਨੀ ਸਾਹਿਬ ਦੇ ਪਾਰ---ਸ੍ਰ: ਅਰਜਨ ਸਿੰਘ ਜੀ ਅਕਾਲਗੜ੍ਹ ਨੇ ੨੫) ਦੀ ਸੇਵਾ ਕਰਾਈ ਸੰ: ੧੯੬੮ ਬਿ: ਨੂੰ।

੧੭੮. ਦੁਖ ਭੰਜਨੀ ਸਾਹਿਬ ਦੇ ਪਾਰ---ਲਾਲਾ ਹੀਰਾ ਨੰਦ ਜੀ ਸੋਂਦੀ ਰਾਵਲਪਿੰਡੀ ਵਾਲੇ ਨੇ ੨੫) ਦੀ ਸੇਵਾ ਕਰਾਈ ਸੰਮਤ ੧੯੬੪ ਬਿ: ਨੂੰ।

੧੭੯. ਦੁਖ ਭੰਜਨੀ ਸਾਹਿਬ ਦੇ ਪਾਰ---ਲਾਲਾ ਹੀਰਾ ਨੰਦ ਜੀ ਰਾਹੀਂ ਭਾਈ ਭਗਤ ਸਿੰਘ ਨਿਆਜ਼ੀ ਰਾਵਲ ਪਿੰਡੀ ਵਾਲੇ ਨੇ ੨੫) ਦੀ ਟਹਿਲ ਕਰਾਈ ਸੰਮਤ ੧੯੬੪ ਬਿ: ਨੂੰ।

੧੮੦. ਦੁਖ ਭੰਜਨੀ ਸਾਹਿਬ ਦੇ ਪਾਰ ---ਭਾਈ ਸੰਪੂਰਨ ਸਿੰਘ ਸਪੁਤ੍ਰ ਭਾਈ ਹਰੀ ਸਿੰਘ ਗੁੰਥੀ ਮੁਗਲ ਪੜੀ ਜ਼ਿਲਾ ਰਾਵਲ ਪਿੰਡੀ ਵਾਲੇ ਨੇ ਰਾਹੀਂ ਭਾਈ ਜਗਤ ਸਿੰਘ ੧੦੧) ਦੀ ਸੇਵਾ ਕਰਾਈ ਸੰ: ੧੯੭੨ ਬਿ: ਨੂੰ।

੧੮੧. ਦੁਖ ਭੰਜਨੀ ਸਾਹਿਬ ਦੇ ਪਾਰ ---ਦੀਵਾਨ ਨਵਲ ਰਾਇ ਸਪੁਤ੍ਰ ਲਾ: ਸਹਜ

ਰਾਮ, ਚੰਦੀ ਬਾਈ ਸੁਪਤਨੀ ਨਵਲ ਰਾਇ, ਦੀਵਾਨ ਗੋਦਾਸ ਵਲਦ ਦੀਵਾਨ ਬਿਸ਼ਨ ਦਾਸ, ਮੂਲ ਬਾਈ ਸੁਪਤਨੀ ਦੀਵਾਨ ਗੁਰਦਾਸ ਮੱਲ, ਦੇਵੀ ਬਾਈ ਨੇ ਸੇਵਾ ਕਰਾਈ। ਸੇਵਾ ਦੀ ਰਕਮ ਨਹੀਂ ਲਿਖੀ ਹੋਈ।

੧੮੨. ਦੁਖਭੰਜਨੀ ਸਾਹਿਬ ਦੇ ਪਾਰ–ਹਰੀ ਚੰਦ ਸਪੁੱਤ੍ਰ ਗੋਪੀ ਚੰਦ ਪਸਾਰੀ ਰਾਵਲਪਿੰਡੀ ਵਾਲੇ ਨੇ ੧੦) ਦੀ ਸੇਵਾ ਕਰਾਈ ਸੰਮਤ ੧੯੬੧ ਬਿ: ਨੂੰ।

੧੮੩. ਦੁਖਭੰਜਨੀ ਸਾਹਿਬ ਦੇ ਪਾਰ–ਬੀਬੀ ਰਾਮ ਰੱਖੀ ਸਪੁੱਤ੍ਰੀ ਲਾਲਾ ਕਰਮ ਚੰਦ ਰਾਵਲਪਿੰਡੀ ਵਾਲੇ ਨੇ ੧੦) ਦੀ ਸੇਵਾ ਕਰਾਈ ਸੰਮਤ ੧੯੬੧ ਨੂੰ ॥

੧੮੪. ਦੁਖਭੰਜਨੀ ਸਾਹਿਬ ਦੇ ਪਾਰ–ਭਾਈ ਹਰੀ ਸਿੰਘ, ਮਾਈ ਰੂਪ ਕੌਰ ਗਲੀ ਲਾਹੌਰੀਆਂ ਕਟੜਾ ਕਰਮ ਸਿੰਘ ਅੰਮ੍ਰਿਤਸਰ ਰਾਹੀਂ ਭਾਈ ਚੰਦਾ ਸਿੰਘ ਜੀ ਦੀ ੩੦੦) ਦੀ ਟਹਿਲ ਕਰਾਈ ੧੧ ਪੋਹ ੧੯੫੯ ਬਿ: ਨੂੰ ॥

੧੮੫. ਦੁਖ ਭੰਜਨੀ ਸਾਹਿਬ ਦੇ ਪਾਰ ਵੱਲ–ਮਾਈ ਸੇਵਾਂ ਸੁਪਤਨੀ ਸੋਢੀ ਮਾਨ ਸਿੰਘ ਨੌਸ਼ੈਹਰਾ ਭੜਾਣਾ ਨੇ ੧੦) ਦੀ ਸੇਵਾ ਕਰਾਈ, ਸੰਮਤ ੧੯੭੨ ਬਿ: ਵਿਚ।

੧੮੬. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਭਾਈ ਕਰਮ ਚੰਦ ਪਿੰਡ ਸੋਤਰੀ ਜ਼ਿਲਾ ਰਾਵਲਪਿੰਡੀ ਨੇ ੯੦) ਦੀ ਸੇਵਾ ਕਰਾਈ। ੨੦ ਨਵੰਬਰ ੧੯੦੨ ਈਸਵੀ।

੧੮੭. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਦੀਵਾਨ ਆਲਮ ਚੰਦ ਸੁਪ੍ਰੰਟੈਂਡੰਟ ਪੋਲੀਸ ਕਸ਼ਮੀਰ ਸਪੁੱਤ੍ਰ ਦੀਵਾਨ ਗੋਪਾਲ ਦਾਸ ਸਾਹਿਬ ਜੰਮੂੰ ਨੇ ੨੫) ਦੀ ਸੇਵਾ ਕਰਾਈ। ੧੯੦੧ ਈਸਵੀ।

੧੮੮. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਦੀਵਾਨ ਦਾਦੂ ਮਲ ਹੈਦਰਾ ਬਾਦ ਸਪੁੱਤ੍ਰ ਦੀਵਾਨ ਗੋਪਾਲ ਦਾਸ ਸਾਹਿਬ ਜੰਮੂੰ ਨੇ ੨੫) ਦੀ ਸੇਵਾ ਕਰਾਈ। ੩ ਮਈ ੧੯੦੧ ਈ:।

੧੮੯. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਟੇਕ ਚੰਦ ਸਪੁੱਤ੍ਰ ਲਾਲਾ ਗੋਪਾਲ ਦਾਸ ਹੈਦਰਾ ਬਾਦ ਸਿੰਧ ਮੁਲਾਜ਼ਮ ਕਸ਼ਮੀਰ ਨੇ ੨੫) ਦੀ ਸੇਵਾ ਕਰਾਈ। ੧ ਮਈ ੧੯੦੧ ਈ:।

੧੯੦. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਦੀਵਾਨ ਪਹਿਲਾਜ ਰਾਇ ਸਪੁੱਤ੍ਰ ਦੀਵਾਨ ਗੋਪਾਲ ਦਾਸ ਜੀ ਨੇ ੨੫) ਦੀ ਸੇਵਾ ਕਰਾਈ। ੧ ਮਈ ੧੯੦੧ ਈ:।

੧੯੧. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਦੀਵਾਨ ਸਿੰਘਾ ਰਾਮ ਸਪੁੱਤ੍ਰ ਦੀਵਾਨ ਗੋਪਾਲ ਦਾਸ ਜੀ ਨੇ ੨੫) ਦੀ ਸੇਵਾ ਕਰਾਈ। ੧ ਮਈ ੧੯੦੧ ਈ:।

੧੯੨. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਦੀਵਾਨ ਦੌਲਤ ਰਾਮ ਸਪੁੱਤ੍ਰ ਦੀਵਾਨ ਗੋਪਾਲ ਦਾਸ ਜੀ ਨੇ ੨੫) ਦੀ ਸੇਵਾ ਕਰਾਈ ੧ ਮਈ ੧੯੦੧ ਈ:।

੧੯੩. ਦੁਖ ਭੰਜਨੀ ਸਾਹਿਬ ਦੇ ਪਾਰ ਵੱਲ–ਦੀਵਾਨ ਗੋਪਾਲ ਦਾਸ ਜੀ ਸਪੁੱਤ੍ਰ ਦੀਵਾਨ ਭਾਵਨ ਦਾਸ ਜੀ ਸਾਬਕ ਸੁਪ੍ਰੰਟੈਂਡੈਂਟ ਪੋਲੀਸ ਤੇ ਐਸਿਸਟੰਟ ਫੋਟੋਗ੍ਰਾਫਰ ਰਿਆਸਤ ਕਸ਼ਮੀਰ ਸਿੰਧ ਹੈਦਰਾਬਾਦ ਨਿਵਾਸੀ ਨੇ ੫੦) ਦੀ ਸੇਵਾ ਕਰਾਈ। ੧੯ ਅਕਤੂਬਰ ੧੮੯੯ ਮੁਤਾਬਕ ੪ ਕਤਕ ਸੰਮਤ ੧੯੫੬ ਬਿ:।

੧੯੪. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਭਾਈ ਸੰਘਨ ਮਲ ਸਪੁੱਤਰ ਭਾਈ ਡਾਮੂ ਮਲ ਅਤੇ ਭਾਈ ਰਾਮਨ ਮਲ ਸਿੰਧ ਹੈਦਰਾਬਾਦ ਬੰਬਈ ਵਾਲੇ ਨੇ ੨੫) ਦੀ ਸੇਵਾ ਕਰਾਈ। ੨੪ ਅਪ੍ਰੈਲ ੧੯੦੧ ਈ:।

੧੯੫. ਦੁਖ ਭੰਜਨੀ ਸਾਹਿਬ ਦੇ ਪਾਰ ਵਲ--ਪੰਡਤ ਸੁੰਦਰ ਲਾਲ ਪਾਠਕ ਨਾਜ਼ਮ ਮਹਿਕਮਾਂ ਜੰਗਲਾਤ ਰਿਆਸਤ ਪਟਿਆਲਾ ਨੇ ੫੦) ਦੀ ਸੇਵਾ ਕਰਾਈ। ੨੧ਜੁਲਾਈ ੧੯੦੧ ਈ:।

੧੯੬. ਦੁਖ ਭੰਜਨੀ ਸਾਹਿਬ ਦੇ ਪਾਰ ਵਲ--ਪੰਡਤ ਲਾਲ ਜੀ ਪਾਠਕ ਦਰਬਾਰੀ ਰਿਆਸਤ ਪਟਿਆਲਾ ਨੇ ੨੫) ਦੀ ਸੇਵਾ ਕਰਾਈ। ੨੦ ਜੁਲਾਈ ੧੮੯੯ ਈ:।

੧੯੭. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਭਾਈ ਗਿਆਨ ਸਿੰਘ ਸਪੁੱਤ੍ਰ ਭਾਈ ਅਤਰ ਸਿੰਘ ਅਰੋੜਾ ਭਾਈ ਕੇ ਮਾਂਗਟ (ਗੁਜਰਾਤ) ਨੇ ੧੦੦) ਦੀ ਸੇਵਾ ਕਰਾਈ। ਸੰਮਤ ੧੯੫੫ ਬਿ:।

੧੯੮. ਦੁਖ ਭੰਜਨੀ ਸਾਹਿਬ ਦੇ ਪਾਰ ਵੱਲ–ਭਾਈ ਬਚਨ ਸਿੰਘ ਸਪੁੱਤਰ ਭਾਈ ਬਿਸਨ ਸਿੰਘ ਮਰਵਾਹਾ ਖੱਤ੍ਰੀ, ਪਿੰਡ ਬੰਦਾ (ਰਾਵਲ ਪਿੰਡੀ) ਨੇ ੪੫) ਦੀ ਸੇਵਾ ਕਰਾਈ ਸੰਮਤ ੧੯੫੫ ਬਿ:।

੧੯੯. ਦੁਖ ਭੰਜਨੀ ਸਾਹਿਬ ਦੇ ਪਾਰ ਵੱਲ–ਭਾਈ ਮੂਲ ਸਿੰਘ ਸਪੁੱਤ੍ਰ ਭਾਈ ਪਿਆਰਾ ਸਿੰਘ ਖੱਤ੍ਰੀ ਪਿੰਡ ਬੰਦਾ ਜ਼ਿਲਾ ਰਾਵਲ ਪਿੰਡੀ ਨੇ ੧੧੬) ਦੀ ਸੇਵਾ ਕਰਾਈ। ੩੦ ਚੇਤ੍ਰ ਸੰਮਤ ੧੯੫੧ ਬਿ:।

੨੦੦. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਭਾਈ ਆਸਾ ਸਿੰਘ ਪਿੰਡ ਬੰਦਾ (ਰਾਵਲ ਪਿੰਡੀ) ਨੇ ੧੫) ਦੀ ਸੇਵਾ ਕਰਾਈ। ੫ ਚੇਤ ਸੰਮਤ ੧੯੫੧ ਬਿ:।

੨੦੧. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਭਾਈ ਹਰੀ ਸਿੰਘ ਸਪੁੱਤਰ ਲਾਲਾ ਘਨੱਯਾ ਸ਼ਾਹ ਪਿੰਡ ਬੰਦਾ (ਰਾਵਲ ਪਿੰਡੀ) ਨੇ ੫੦) ਦੀ ਸੇਵਾ ਕਰਾਈ। ੨੯ ਅਗਸਤ ੧੯੦੨ ਈ:।

੨੦੨. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਸ੍ਰ: ਜੋਧ ਸਿੰਘ ਜੀ ਦਫੇਦਾਰ ਰਸਾਲਾ ਨੰ: ੧੩ ਨੇ ਆਪਣੇ ਪਿਤਾ ਸਰਦਾਰ ਨਰੈਣ ਸਿੰਘ ਪਿੰਡ ਬੰਦਾ (ਰਾਵਲਪਿੰਡੀ) ਦੀ ਯਾਦ-

ਗਾਰ ਵਿੱਚ ੨੦) ਦੀ ਸੇਵਾ ਕਰਾਈ। ੩੦ ਜੁਲਾਈ ੧੯੦੧ ਈ: ।

੨੦੩. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਬਾਵਾ ਸੰਗਤ ਦਾਸ ਉਦਾਸੀ ਪਰਮ ਹੰਸ ਚੇਲਾ ਬਾਵਾ ਗੁਰਬਤ ਬੇਦੀ ਜੀ, ਫੀਰੋਜ਼ ਪੁਰ ਮੀਰ ਅਲੀ ਖਾਂ (ਹਿੰਦ) ਨੇ ੧੦੦) ਦੀ ਸੇਵਾ ਕਰਾਈ। ਮਹੀਨਾ ਅਸੂ ਸੰਮਤ ੧੯੪੮ ਬਿ: ।

੨੦੪. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਸਰਦਾਰ ਰਾਜਿੰਦਰ ਸਿੰਘ ਜੀ ਸਪੁੱਤਰ ਸਰਦਾਰ ਰਣਜੋਧ ਸਿੰਘ ਸਾਹਿਬ ਮਜੀਠਾ ਨੇ ੨੦੦) ਦੀ ਸੇਵਾ ਕਰਾਈ। ਦਸੰਬਰ ੧੮੯੦ ਈ: ।

੨੦੫. ਦੁਖ ਭੰਜਨੀ ਸਾਹਿਬ ਦੇ ਪਾਰ ਵਲ–ਲਾਲਾ ਹੁਕਮ ਚੰਦ ਜੀ ਸੈਕੰਡ ਕਲਰਕ ਕਮਿਸ਼ਨਰ ਡੇਰਾਜਾਤ ਤੇ ਬਾਬਾ ਰਾਮ ਦਾਸ ਜੀ ਨੇ ੧੦੦) ਦੀ ਸੇਵਾ ਕਰਾਈ ਮਹੀਨਾ ਹਾੜ ਸੰਮਤ ੧੯੪੬ ਬਿ: ।

ਸੰਪੂਰਣ

ਜ਼ਮੀਮਾ ਤਵਾਰੀਖ ਅੰਮ੍ਰਿਤਸਰ
ਸ੍ਰੀ ਹਰੀ ਮੰਦਰ ਸਾਹਿਬ ਦਾ ਪ੍ਰਬੰਧ !
ਪੁਰਾਣਾ ਤੇ ਨਵਾਂ !

ਚੂੰਕਿ ਇਸ ਤ੍ਵਾਰੀਖ ਅੰਮ੍ਰਿਤਸਰ ਦੀ ਛਪਾਈ ਸੰਪੂਰਨ ਹੁੰਦਿਆਂ ਤੱਕ ਬਹੁਤ ਸਾਰੇ ਜ਼ਰੂਰੀ ਸਮਾਚਾਰ ਅਜੇਹੇ ਗੁਜ਼ਰੇ ਹਨ ਜਿਨ੍ਹਾਂ ਦਾ ਇਸ ਤਵਾਰੀਖ ਵਿਚ ਦਰਜ ਹੋਣਾ ਜ਼ਰੂਰੀ ਹੈ ਅਰ ਸ੍ਰੀ ਮਾਨ ਮੇਰੇ ਕਾਬਲੇ ਫ਼ਖ਼ਰ ਬਜ਼ੁਰਗ ਬਾਬਾ ਗਜਾਨ ਸਿੰਘ ਜੀ ਗੁਰਪੁਰੀ ਵੱਲ ਪਜਾਨਾ ਕਰ ਚੁਕੇ ਹਨ। ਇਸ ਲਈ ਦਾਸ ਨੇ ਅਤੀ ਅਦਬ ਸਹਿਤ ਏਹ ਜ਼ਮੀਮਾ ਇਸ ਪੁਸਤਕ ਨਾਲ ਸ਼ਾਮਲ ਕਰ ਦਿੱਤਾ ਹੈ, ਤਾਕਿ ਸੱਜਣ ਜਨ ਆਪਣੇ ਪਿਆਰੇ ਅੰਮ੍ਰਿਤਸਰ ਦੀ ਪੁਰਾਤਨ ਤਵਾਰੀਖ ਪੜ੍ਹਦਿਆਂ ਹੋਯਾਂ ਤਾਜ਼ੇ ਹਾਲਾਤ ਦੇ ਆਨੰਦ ਤੋਂ ਵਾਂਜੇ ਨਾਂ ਰਹਿਣ।

ਪੰਥ ਦਾ ਦਾਸ—ਹਮੀਰ ਸਿੰਘ ਗਿਆਨੀ,
ਸਕੱਤ੍ਰ ਸਿੱਖ ਇਤਿਹਾਸ ਕਮੇਟੀ ਪਟਿਆਲਾ

ਸ੍ਰੀ ਦਰਬਾਰ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਜੋਤੀ ਜੋਤ ਸਮਾਉਣ ਤੋਂ ਬਾਦ ਸਿੱਖ ਕੌਮ ਦੇ ਹਾਲਾਤ ਇੱਕ ਰਸ ਨਾ ਰਹਿੰਦਿਆਂ ਹੋਇਆਂ ਭੀ ਕਿਸੇ ਖਾਸ ਇਤਰਾਜ਼ ਤੋਂ ਉੱਚਾ ਰਿਹਾ। ਸਿੱਖ ਧਰਮ ਦੇ ਵੈਰੀਆਂ ਨੇ ਮਜ਼੍ਹਬੀ ਤਅੱਸਬ ਦੇ ਜੋਸ਼ ਵਿਚ ਸ੍ਰੀ ਦਰਬਾਰ ਸਾਹਿਬ ਦੀ ਬੇਅਦਬੀ ਕਰਨ ਦੇ ਕਈ ਵਾਰੀ ਯਤਨ ਕੀਤੇ ਪਰ ਸਿੱਖ ਕੌਮ ਛੇਤੀ ਹੀ ਓਹਨਾਂ ਬੇਅਦਬੀਆਂ ਨੂੰ ਦੂਰ ਕਰਨ ਦੇ ਉਪਰਾਲੇ ਕਰ ਲੈਂਦੀ ਰਹੀ ! ਉਪ੍ਰੰਤ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਸਾਹਿਬ ਬਹਾਦੁਰ ਦੇ ਸਮੇਂ ਇਸ ਈਸ੍ਵਰੀ ਮੰਦਰ ਦੀ ਬੇਅੰਦਾਜ਼ ਸੇਵਾ ਹੋਈ ਤੇ ਸ਼ੋਭਾ ਵਧੀ ਅਰ ਪ੍ਰਬੰਧ ਡਾਢਾ ਸੁੰਦਰ ਰਿਹਾ ! ਫੇਰ ਜਦੋਂ ਅੰਗਰੇਜ਼ੀ ਰਾਜ ਦਾ ਅਮਲ ਅਰੰਭ ਹੋਇਆ ਤਾਂ ਪੰਜਾਬ ਸਰਕਾਰ ਵੱਲੋਂ ਸਿੱਖਾਂ ਦੇ ਇਸ ਕੇਂਦ੍ਰੀਯ ਮੰਦਰ ਦਾ ਪ੍ਰਬੰਧ ਇੱਕ ਕਮੇਟੀ ਦੇ ਹਵਾਲੇ ਕੀਤਾ ਗਿਆ, ਜਿਸ ਵਿਚ ਹੇਠ ਲਿਖੇ ਮੈਂਬਰ ਨੀਯਤ ਕੀਤੇ ਗਏ :–

(੧) ਰਾਜਾ ਤੇਜਾ ਸਿੰਘ (੨) ਸ੍ਰਦਾਰ ਸ਼ਮਸ਼ੇਰ ਸਿੰਘ ਸੰਧਾਂਵਾਲੀਆ (੩) ਰਾਜਾ ਸੂਰਤ ਸਿੰਘ ਮਜੀਠਾ (੪) ਸ੍ਰਦਾਰ ਭਗਵਾਨ ਸਿੰਘ ਸਪੁੱਤ੍ਰ ਜ਼ਮਾਂਦਾਰ ਖੁਸ਼ਾਲ ਸਿੰਘ (੫) ਗਿਆਨੀ ਪਰਦੁਮਨ ਸਿੰਘ ਜੀ ਅੰਮ੍ਰਿਤਸਰ (੬) ਜਨਰਲ ਗੁਲਾਬ ਸਿੰਘ ਭਾਗੋ ਵਾਲੀਆ (੭) ਸ੍ਰ: ਜੈਮਲ ਸਿੰਘ ਖੰਡਾ (੮) ਸ੍ਰਦਾਰ ਸਰਦੂਲ ਸਿੰਘ ਮਾਨ (੯) ਰਾਇ ਮੂਲ ਸਿੰਘ ਆਨਰੇਰੀ ਮੁਜਿਸਟ੍ਰੇਟ (੧੦) ਸ੍ਰਦਾਰ ਰਾਜਾ ਸਿੰਘ ਮਾਨ।

ਕੁਝ ਚਿਰ ਬਾਦ ਇਸ ਕਮੇਟੀ ਦੇ ਕੁਝ ਮੈਂਬਰ ਚਲਾਣਾ ਕਰ ਗਏ ਤੇ ਕੁਝ ਮੈਂਬਰ ਬਦਲ

ਦਿੱਤੇ ਗਏ ਅਤੇ ਹੇਠ ਲਿਖੀ ਦੂਜੀ ਕਮੇਟੀ ਸਥਾਪਨ ਹੋਈ:-

(੧) ਰਾਜਾ ਹਰਬੰਸ ਸਿੰਘ ਸ਼ੇਖੂ ਪੁਰਾ (੨) ਰਾਜਾ ਸਾਹਿਬ ਦਿਆਲ ਕਿਸ਼ਨ ਕੌਟ (੩) ਸਰਦਾਰ ਅਜੀਤ ਸਿੰਘ ਅਟਾਰੀ (੪) ਸਰਦਾਰ ਠਾਕਰ ਸਿੰਘ ਸੰਧਾਂ ਵਾਲੀਆ (੫) ਕਪਤਾਨ ਗੁਲਾਬ ਸਿੰਘ ਅਟਾਰੀ (੬) ਸਰਦਾਰ ਅਰਜਨ ਸਿੰਘ ਬਾਹਲ (੭) ਰਾਇ ਕਲਜਾਨ ਸਿੰਘ ਅੰਮ੍ਰਿਤਸਰ (੮) ਸ੍ਰ: ਅਤਰ ਸਿੰਘ ਭਦੌੜ (੯) ਸ੍ਰ: ਜਗਤ ਸਿੰਘ ਜੀਂਦ।

ਇਸ ਕਮੇਟੀ ਵੱਲੋਂ ਇਕ ਸੱਜਨ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧਕ (ਸਰਬ੍ਰਾਹ ਯਾ ਮੈਨੇਜਰ) ਨੀਯਤ ਕੀਤਾ ਜਾਂਦਾ ਸੀ, ਜੋ ਕਮੇਟੀ ਦੀ ਰਾਇ ਅਰ ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੀ ਆਗਯਾ ਅਨੁਸਾਰ ਸਾਰੇ ਕਾਰਜ ਨਜਿੱਠਦਾ ਸੀ! ਕੁਝ ਚਿਰ ਬਾਦ ਇਸ ਕਮੇਟੀ ਦੇ ਕੁਝ ਮੈਂਬਰ ਘਟ ਗਏ, ਜਿਨ੍ਹਾਂ ਦੀ ਥਾਂ ਪੂਰੀ ਕਰਨ ਦਾ ਕੋਈ ਯਤਨ ਨਾਂ ਕੀਤਾ ਗਿਆ ਅਰ ਇਸ ਤਰ੍ਹਾਂ ਹੌਲੀ ਹੌਲੀ ਏਹ ਕਮੇਟੀ ਖੁਦ ਹੀ ਸਮਾਪਤ ਹੋ ਗਈ ਅਤੇ ਸਰਬ੍ਰਾਹ ਹੀ ਸਾਰਾ ਕੰਮ ਡਿਪਟੀ ਕਮਿਸ਼ਨਰ ਦੇ ਹੁਕਮ ਅਨੁਸਾਰ ਚਲਾਉਣ ਲੱਗ ਪਿਆ!

ਏਹ ਹਾਲਤ ਲਗ ਭਗ ੩੫-੪੦ ਸਾਲ ਤੱਕ ਜਾਰੀ ਰਹਿਣ ਦੇ ਬਾਦ ਸਿੱਖ ਪੰਥ ਦੇ ਅੰਦਰ ਇਸ ਪ੍ਰਬੰਧ ਸੰਬੰਧੀ ਇਤਰਾਜ਼ ਹੋਣੇ ਸ਼ੁਰੂ ਹੋ ਗਏ ਅਰ ਅਵਾਜ਼ ਉੱਠਣ ਲੱਗੀ ਕਿ ਉਪ੍ਰੋਕਤ ਕਮੇਟੀ ਇਕ ਤਾਂ ਨਾਮਜਦਗੀ ਨਾਲ ਬਣਾਈ ਗਈ ਸੀ ਅਰ ਓਹ ਭੀ ਇਕ ਗ਼ੈਰ ਸਿੱਖ ਸ੍ਰਕਾਰ ਵੱਲੋਂ, ਇਸ ਲਈ ਅਸੂਲਨ ਉਸ ਉੱਤੇ ਸਿੱਖ ਪ੍ਰਸੰਨ ਨਹੀਂ ਹੋ ਸਕਦੇ ਸਨ, ਪਰ ਓਹ ਕਮੇਟੀ ਭੀ ਹੱਟ ਚੁਕੀ ਹੈ, ਤੇ ਸਾਰਾ ਪ੍ਰਬੰਧ ਡਿਪਟੀ ਕਮਿਸ਼ਨਰ ਦੇ ਹੁਕਮ ਹੇਠ ਹੈ ਅਰ ਸਰਬ੍ਰਾਹ ਦੀ ਕੋਈ ਜ਼ੁੰਮੇਵਾਰੀ ਸਿੱਖ ਕੌਮ ਅੱਗੇ ਨਹੀਂ, ਜਿਸ ਕਰ ਕੇ ਸਰਬ੍ਰਾਹ ਅਨੇਕਾਂ ਕੰਮ ਅਜੇਹੇ ਕਰਦਾ ਰਹਿੰਦਾ ਹੈ ਜੋ ਸਿੱਖ ਕੌਮ ਨੂੰ ਹਾਨੀ ਪੁਚਾਉਣ ਵਾਲੇ ਹਨ। ਇਸ ਲਈ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਵਿਚ ਸਿੱਖ ਕੌਮ ਦੀ ਆਵਾਜ਼ ਨੂੰ ਭੀ ਕੁਝ ਦਖਲ ਹੋਣਾ ਚਾਹੀਦਾ ਹੈ।

ਸਿੱਖ ਕੌਮ ਦੀ ਏਹ ਆਵਾਜ਼ ਹੌਲੀ ਹੌਲੀ ਵਧੇਰੇ ਜ਼ੋਰਦਾਰ ਹੁੰਦੀ ਗਈ! ਇਥੋਂ ਤੱਕ ਕਿ ਲਗ ਭਗ ਵੀਹ ਸਾਲ ਹੋਰ ਗੁਜ਼ਰ ਗਏ! ਅਜੇ ਭੀ ਸਿੱਖਾਂ ਦੀ ਮੰਗ ਪਹਿਲੇ ਪਹਿਲ ਏਹੋ ਸੀ ਕਿ ਸ੍ਰਦਾਰ ਅਰੂੜ ਸਿੰਘ ਸਰਬ੍ਰਾਹ-ਜਿਸ ਉਤੇ ਕਿ ਸਿੱਖ ਕੌਮ ਸਖਤ ਨਰਾਜ਼ ਹੋ ਚੁਕੀ ਸੀ- ਬਦਲ ਦਿਤਾ ਜਾਵੇ ਤੇ ਉਸ ਪਾਸੋਂ ਪਿਛਲਾ ਸਾਰਾ ਹਿਸਾਬ ਲੀਤਾ ਜਾਵੇ।

ਜਦ ਸਿੱਖਾਂ ਦੀ ਏਹ ਮੰਗ ਪੂਰੀ ਨਾ ਹੋਈ ਤਾਂ ਨਰਾਜ਼ਗੀ ਦੀ ਅੱਗ ਬਹੁਤ ਜ਼ੋਰ ਨਾਲ ਭੜਕ ਉੱਠੀ! ਅਰ ਇਕ ਦਿਨ ਕੁਝ ਸ਼ੁੱਧ ਹੋਏ ਹੋਏ ਸਿੰਘਾਂ ਦੇ ਸ੍ਰੀ ਦਰਬਾਰ ਸਾਹਿਬ ਤੇ ਅਕਾਲ ਤਖਤ ਕੜਾਹ ਪ੍ਰਸ਼ਾਦ ਲੈਕੇ ਹਾਜ਼ਰ ਹੋਣ ਸਮੇਂ ਅਕਾਲ ਤਖਤ ਦੇ ਪੁਜਾਰੀਆਂ ਦੇ ਚਲੇ ਜਾਣ ਪਰ ਉਥੋਂ ਦਾ ਪ੍ਰਬੰਧ ਪੰਥ ਨੇ ਸੰਭਾਲ ਲਿਆ। ਏਹ ਹਾਲ ਸੰਨ ੧੯੨੦ ਈਸਵੀ ਦਾ ਹੈ। ਏਹਨਾਂ ਹੀ ਦਿਨਾਂ ਵਿਚ ਖਾਲਸਾ ਕਾਲਜ ਅੰਮ੍ਰਿਤਸਰ ਦਾ ਪ੍ਰਬੰਧ ਸਰਕਾਰ ਦੇ ਹੱਥੋਂ

ਸਿਖ ਕੌਮ ਨੂੰ ਦੁਆਉਣ ਲਈ ਕਾਲਜ ਤੇ ਸਕੂਲ ਦੇ ਵਿਦਯਾਰਥੀਆਂ ਅਰ ਪ੍ਰੋਫੈਸਰਾਂ ਵਿਚ ਬੜਾ ਜੋਸ਼ ਫੈਲਿਆ ਹੋਇਆ ਸੀ। ਉਨ੍ਹਾਂ ਨੇ ਰੰਜ ਵਿਚ ਆ ਕੇ ਹੜਤਾਲ ਕੀਤੀ ਹੋਈ ਸੀ। ਇਸ ਸਮੇਂ ਖਾਲਸਾ ਕਾਲਜ ਦੇ ਕੁਝ ਪ੍ਰੋਫੈਸਰਾਂ ਨੇ ਬੜੀ ਦੀਰਘ ਵਿਚਾਰ ਨਾਲ ਫੈਸਲਾ ਕੀਤਾ ਕਿ ਜੇਕਰ ਸ੍ਰੀ ੧੦੮ ਹਜ਼ੂਰ ਮਹਾਰਾਜਾ ਅਧਿਰਾਜ ਸਰ ਭੂਪੇਂਦ੍ਰ ਸਿੰਘ ਸਾਹਿਬ ਮਹਿੰਦਰ ਬਹਾਦੁਰ ਵਾਲੀਏ ਰਿਆਸਤ ਪਟਿਆਲਾ ਜਤਨ ਕਰਨ ਤਾਂ ਖਾਲਸਾ ਕਾਲਜ ਸੰਬੰਧੀ ਪੰਥ ਦੀ ਔਕੜ ਸ਼ੀਘਰ ਦੂਰ ਹੋ ਸਕਦੀ ਹੈ। ਇਸ ਲਈ ਪ੍ਰੋਫੈਸਰ ਸਾਹਿਬਾਨ ਨੇ ਪਟਯਾਲੇ ਪੁੱਜ ਕੇ ਸ੍ਰੀ ੧੦੮ ਹਜ਼ੂਰ ਜੀ ਦੀ ਸੇਵਾ ਵਿਚ ਸਾਰੇ ਹਾਲ ਪ੍ਰਗਟ ਕੀਤੇ। ਸ੍ਰੀ ੧੦੮ ਹਜ਼ੂਰ ਜੀ ਨੇ ਪੰਥ ਦੀ ਸੇਵਾ ਹਿਤ ਉਸੇ ਦਮ ਕਮਰ ਕਸਾ ਕਰ ਲੀਤਾ, ਅਰ ਆਪਣੇ ਵਜ਼ੀਰ ਆਜ਼ਮ ਦੀਵਾਨ ਬਹਾਦੁਰ ਸਰ ਦਯਾ ਕਿਸ਼ਨ ਕੌਲ ਨੂੰ ੧੦੪ ਦਰਜੇ ਦੇ ਸਖਤ ਬੁਖਾਰ ਦੀ ਹਾਲਤ ਵਿਚ ਭੀ ਨਾਲ ਲੈ ਕੇ ਪ੍ਰੋਫੈਸਰ ਸਾਹਿਬਾਨ ਸਣੇ ਲਾਹੌਰ ਪੁਜ ਗਏ। ਲਾਟ ਸਾਹਿਬ ਤੇ ਹੋਰ ਵਡੇ ਸਰਕਾਰੀ ਕਰਮ ਚਾਰੀਆਂ ਨੂੰ ਲੰਮੀਆਂ ਵਿਚਾਰਾਂ ਦੇ ਬਾਦ ਕਾਇਲ ਤੇ ਮਜਬੂਰ ਕਰਕੇ ਸ੍ਰੀ ਹਜ਼ੂਰ ਜੀ ਨੇ ਪੂਰਨ ਕਾਮਯਾਬੀ ਪ੍ਰਾਪਤ ਕਰ ਲਈ ਤੇ ਖਾਲਸਾ ਕਾਲਜ ਦਾ ਪ੍ਰਬੰਧ ਸਰਕਾਰ ਦੇ ਹਥੋਂ ਲੈ ਕੇ ਸਿੱਖ ਕੌਮ ਦੀ ਸੁਤੰਤ੍ਰ ਕਮੇਟੀ ਦੇ ਹਵਾਲੇ ਕਰ ਦਿਤਾ। ਸ੍ਰੀ ਹਜ਼ੂਰ ਮਹਾਰਾਜਾ ਸਾਹਿਬ ਬਹਾਦੁਰ ਦੀ ਇਸ ਪੰਥ ਸੇਵਾ ਲਈ ਸਾਰੇ ਪੰਥ ਤੇ ਸਾਰੇ ਮੁਲਕ ਵਿਚ ਸ੍ਰੀ ਜੀ ਦਾ ਵੱਡਾ ਜੱਸ ਹੋਯਾ। ਇਸੇ ਮੌਕੇ ਨੂੰ ਗ਼ਨੀਮਤ ਜਾਣਕੇ ਸ੍ਰੀ ਹਜ਼ੂਰ ਜੀ ਨੇ ਲਾਟ ਸਾਹਿਬ ਆਦਿਕਾਂ ਨਾਲ ਸ੍ਰੀ ਦਰਬਾਰ ਸਾਹਿਬ ਦੇ ਪ੍ਰਬੰਧ ਲਈ ਭੀ ਗੱਲ ਬਾਤ ਕੀਤੀ, ਅਰ ਸਿੱਖ ਕੌਮ ਦੇ ਸਭ ਤੋਂ ਵੱਡੇ ਮਹਾਰਾਜਾ ਹੋਣ ਦੀ ਹੈਸੀਅਤ ਵਿਚ ਪੂਰਾ ਜ਼ੋਰ ਦੇਕੇ ਸ੍ਰੀ ਦਰਬਾਰ ਸਾਹਿਬ ਦਾ ਪ੍ਰਬੰਧ ਭੀ ਸਰਕਾਰ ਦੇ ਹੱਥੋਂ ਹਟਾਕੇ ਸਿੱਖ ਕੌਮ ਦੀ ਕਮੇਟੀ ਨੂੰ ਦੁਆ ਦਿੱਤਾ। ਚੂੰਕਿ ਉਸ ਵੇਲੇ ਤੱਕ ਸਾਰੀ ਸਿੱਖ ਕੌਮ ਵੱਲੋਂ ਕੋਈ ਕਮੇਟੀ ਗੁਰਦ੍ਵਾਰਿਆਂ ਦੇ ਪ੍ਰਬੰਧ ਲਈ ਨਹੀਂ ਚੁਣੀ ਜਾ ਚੁਕੀ ਸੀ, ਇਸ ਲਈ ਫਿਲ ਹਾਲ ਸ੍ਰੀ ਹਜ਼ੂਰ ਜੀ ਦੀ ਪ੍ਰਵਾਨਗੀ ਅਨੁਸਾਰ ੩੬ ਚੋਣਵੇਂ ਸਿੱਖਾਂ ਦੇ ਨਾਮ ਇਸ ਕਮੇਟੀ ਲਈ ਨਾਮਜ਼ਦ ਕੀਤੇ ਗਏ।

ਉਸ ਤੋਂ ਦੂਸਰੇ ਦਿਨ ੧ ਮੱਘਰ ਸੰਮਤ ੧੯੭੭ ਵਾਲੇ ਦਿਨ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਮ੍ਹਣੇ ਸਿਖ ਕੌਮ ਦੀ ਇਕ ਭਾਰੀ ਇਕੱਤ੍ਰਤਾ ਹੋਈ। ਜਿਸ ਵਿਚ ਦੂਰ ਨੇੜੇ ਹਰ ਇਲਾਕੇ ਤੋਂ ਆਏ ਹੋਏ ਗੁਰ ਸਿੱਖ ਲਗ ਭਗ ਵੀਹ ਹਜ਼ਾਰ ਦੀ ਗਿਣਤੀ ਵਿਚ ਸ਼ਾਮਲ ਹੋਏ। ਸ੍ਰੀ ੧੦੮ ਹਜ਼ੂਰ ਮਹਾਰਾਜਾ ਭੂਪੇਂਦ੍ਰ ਸਿੰਘ ਸਾਹਿਬ ਬਹਾਦੁਰ ਪਟਿਆਲਾ ਪਤੀ ਜੀ ਦੀ ਇਸ ਪੰਥ ਸੇਵਾ ਲਈ ਸਾਰੀ ਕੌਮ ਵਲੋਂ ਸ੍ਰੀ ਜੀ ਦਾ ਧੰਨਵਾਦ ਕੀਤਾ ਗਿਆ। ਅਰ ਦੋ ਦਿਨ ਦੀ ਸੋਚ ਵਿਚਾਰ ਦੇ ਬਾਦ ਸ੍ਰੀ ਹਜ਼ੂਰ ਜੀ ਦੇ ਨਾਮਜ਼ਦ ਕੀਤੇ ਹੋਏ ੩੬ ਮੈਂਬਰਾਂ ਦੇ ਨਾਲ ਪੰਥ ਵਲੋਂ ਚੁਣੇ ਹੋਏ ੧੩੯ ਮੈਂਬਰ ਹੋਰ ਰਲਾਕੇ ਕੁੱਲ ੧੭੫ ਸੱਜਨਾਂ ਦੀ ਵੱਡੀ ਕਮੇਟੀ ਸਾਰੇ ਦੇਸ ਦੇ ਗੁਰਦਵਾਰਿਆਂ ਦੇ ਪ੍ਰਬੰਧ ਲਈ ਬਣਾਈ ਗਈ, ਜਿਸਦਾ ਨਾਮ "ਸ੍ਰੋਮਣੀ ਗੁਰਦ੍ਵਾਰਾ ਪ੍ਰਬੰਧਕ ਕਮੇਟੀ" ਰਖਿਆ ਗਿਆ!

ਖਾਲਸਾ ਕਾਲਜ ਤੇ ਦਰਬਾਰ ਸਾਹਿਬ ਦੇ ਦੋਹਾਂ ਮਹਾਨ ਮੁਆਮਲਿਆਂ ਦੇ ਫੈਸਲੇ ਬਾਬਤ ਇਸ ਸਮੇਂ ਦੇ ਪ੍ਰਸਿਧ ਕਵੀ ਤੇ ਇਤਿਹਾਸ ਕਾਰ ਸ੍ਰੀ ਮਾਨ ਗਿਆਨੀ ਕਰਤਾਰ ਸਿੰਘ ਜੀ ਕਲਾਸ ਵਾਲੀਏ (ਸਾਬਕ ਗ੍ਰੰਥੀ ਪਲਟਨ ੪੭ ਸਿੱਖ) ਹਾਲ ਗ੍ਰੰਥੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ (ਕਰਤਾ ਬੰਦਾ ਬਹਾਦੁਰ, ਸਿਦਕ ਖਾਲਸਾ, ਤੇਗ ਖਾਲਸਾ, ਰਾਜ ਖਾਲਸਾ, ਜੀਵਨ

ਸੁਧਾਰ, ਬੀਰ ਸਪੁਤ੍ਰ, ਖੂਨਿ ਸ਼ਹੀਦਾਂ, ਦਸਮੇਸ਼ ਪ੍ਰਕਾਸ਼, ਅਕਾਲੀ ਜੋਤ, ਆਦਿਕ) ਆਪਣੇ ਗ੍ਰੰਥ 'ਸੁਧਾਰ ਖਾਲਸਾ' ਵਿੱਚ (ਜਿਸ ਵਿੱਚ ਕਿ ਸਿੱਖ ਪੰਥ ਵੱਲੋਂ ਗੁਰਦੁਆਰਾ ਸੁਧਾਰ ਸੰਬੰਧੀ ਹੋਈਆਂ ਕੋਸ਼ਸ਼ਾਂ ਤੇ ਕੁਰਬਾਨੀਆਂ ਦਾ ਵਿਸਤਾਰ ਪੂਰਬਕ ਵਰਣਨ ਹੈ) ਇਸ ਪ੍ਰਕਾਰ ਲਿਖਦੇ ਹਨ :—

{ ੧੨ ਨਵੰਬਰ ਅਰਥਾਤ ੨੯ ਕੱਤਕ ਮਹਾਰਾਜਾ ਸਾਹਿਬ ਪਟਿਆਲੇ ਨੇ ਲਾਹੌਰ ਆਵਣਾ }

ਵੱਡੀ ਪੰਥ ਦੀ ਲੋੜ ਇਹ ਸਮਝ ਕਰਕੇ,
ਪਟਲੇਸ਼ ਲਾਹੌਰ ਵਿੱਚ ਆਇ ਗਏ ।
ਓਥੇ ਫੇਰ ਕੌਂਸਲ ਸਾਰੀ ਹੋਈ ਕੱਠੀ,
ਸਾਰੇ ਫੈਸਲੇ ਸਮਝ ਸਮਝਾਇ ਗਏ ।
ਕਾਲਜ ਪੰਥ ਦੇ ਕੀਤਾ ਹਵਾਲੇ ਜਾਇ,
ਸੋਚ ਨਿਯਮ ਕਈ ਉਲਟਾਇ ਗਏ ।
ਅਕਲ ਕੀਤੀ ਪੰਜਾਬ ਗਵਰਨਰ ਨੇ,
ਸਾਰੇ ਦੁੱਖ ਤੇ ਗਿਲੇ ਮਿਟਾਇ ਗਏ ।
ਗਵਰਮਿੰਟ ਨੇ ਹੱਥ ਹਟਾਇ ਲਿਆ,
ਮਦਦ ਦੇਨੀ ਇਕਰਾਰ ਠਹਿਰਾਇ ਗਏ ।
ਚੰਗਾ ਫੈਸਲਾ ਹੋਯਾ ਕਰਤਾਰ ਸਿੰਘਾ,
ਆਪੋ ਵਿੱਚ ਪ੍ਰੇਮ ਦਿਖਾਇ ਗਏ ।

{ ਸ੍ਰੀ ਦਰਬਾਰ ਸਾਹਿਬ ਆਦਿ ਗੁਰਦੁਆਰਿਆਂ ਦਾ ਪੂਰਾ ਇੰਤਜ਼ਾਮ ਪੰਥ ਦੇ ਹਵਾਲੇ ਹੋਣ । }

ਮਹਾਰਾਜ ਪਟਿਆਲੇ ਨੇ ਦਿਨ ਓਸੇ,
ਇਹ ਭੀ ਫੈਸਲਾ ਸੋਹਣਾ ਕਰਾਇ ਦਿੱਤਾ ।
ਸ੍ਰੀ ਅੰਮ੍ਰਿਤਸਰ ਦਰਬਾਰ ਸਾਹਿਬ.
ਵੱਲ ਲਾਟ ਦਾ ਧਯਾਨ ਦਵਾਇ ਦਿੱਤਾ ।
ਤੁਸੀਂ ਪੰਥ ਨੂੰ ਦੇ ਅਖਤਯਾਰ ਦਿਓ,
ਇਹ ਭੀ ਝੇੜਾ ਸੀ ਪਿਆ ਮੁਕਾਇ ਦਿੱਤਾ ।
ਦੂਜੇ ਦਿਨ ਹੀ ਛੱਤੀਆਂ ਮੈਂਬਰਾਂ ਦੀ,
ਚਾ ਕਮੇਟੀ ਦੇ ਤਾਈਂ ਬਨਾਇ ਦਿੱਤਾ ।
ਬੰਦੋ ਬਸਤ ਇਹ ਕਰਨ ਦਰਬਾਰ ਸਾਹਿਬ,
ਇੱਕ ਕਰ ਐਲਾਨ ਜਤਾਇ ਦਿੱਤਾ ।
ਝੇੜਾ ਚਿਰਾਂ ਦਾ ਇਹ ਕਰਤਾਰ ਸਿੰਘਾ
ਮਹਾਰਾਜ ਪਟਯਾਲੇ ਚੁਕਾਇ ਦਿੱਤਾ ।

ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਰਸਤੇ ਵਿੱਚ ਕਈ ਪਾਸਿਆਂ ਵੱਲੋਂ ਭਾਂਤ ਭਾਂਤ ਦੀਆਂ ਸਖ਼ਤ ਰੁਕਾਵਟਾਂ ਪੇਸ਼ ਆਈਆਂ, ਪਰ ਸਤਿਗੁਰੂ ਦੀ ਕ੍ਰਿਪਾ ਨਾਲ ਸਭ ਔਕੜਾਂ ਦੂਰ

ਹੁੰਦੀਆਂ ਗਈਆਂ । ਸ੍ਰੀ ਦਰਬਾਰ ਸਾਹਿਬ ਦੇ ਖ਼ਜ਼ਾਨੇ ਦੀਆਂ ਚਾਬੀਆਂ ਸੰਬੰਧੀ ਭੀ ਭਾਰੀ ਮੁਸ਼ਕਲ ਪੇਸ਼ ਆਈ, ਏਥੋਂ ਤੱਕ ਕਿ ਕਮੇਟੀ ਦੇ ਪ੍ਰੈਜ਼ੀਡੈਂਟ ਤੇ ਹੋਰ ਬਹੁਤ ਸਾਰੇ ਮੁਖੀ ਸੇਵਾਦਾਰਾਂ ਨੂੰ ਕੈਦ ਭੀ ਹੋਣਾ ਪਿਆ, ਪਰ ਥੋੜੇ ਹੀ ਦਿਨਾਂ ਬਾਦ ਅਕਾਲ ਪੁਰਖ ਦੀ ਕ੍ਰਿਪਾ ਨਾਲ ਚਾਬੀਆਂ ਕਮੇਟੀ ਨੂੰ ਮਿਲ ਗਈਆਂ ਤੇ ਸੇਵਾਦਾਰਾਂ ਦੀਆਂ ਕੈਦਾਂ ਭੀ ਮਨਸੂਖ਼ ਹੋ ਗਈਆਂ ! ਉਸ ਤੋਂ ਬਾਦ ਭੀ ਹੋਰ ਹੋਰ ਗੁਰਦਵਾਰਿਆਂ ਸੰਬੰਧੀ ਕਮੇਟੀ ਨੂੰ ਬਹੁਤ ਕੁਝ ਯਤਨ ਕਰਨੇ ਪਏ, ਜਿਨ੍ਹਾਂ ਦਾ ਹਾਲ ਬਹੁਤ ਲੰਬਾ ਹੋਣ ਕਰਕੇ ਤੇ ਓਹ ਹਾਲਾਤ ਸ੍ਰੀ ਅੰਮ੍ਰਿਤਸਰ ਦੇ ਇਤਿਹਾਸ ਤੋਂ ਭਿੰਨ ਹੋਣ ਕਰਕੇ ਇੱਥੇ ਦਰਜ ਨਹੀ ਕੀਤੇ ਜਾ ਸਕੇ ! ਇਸ ਵੇਲੇ (ਸੰ: ੧੯੨੩) ਸ੍ਰੀ ਹਰਿ ਮੰਦਰ ਸਾਹਿਬ ਤੇ ਸਾਰੇ ਸੰਬੰਧਤ ਗੁਰਦੁਆਰਿਆਂ ਦਾ ਪ੍ਰਬੰਧ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਧੀਨ ਹੈ, ਇਸ ਕਮੇਟੀ ਦਾ ਸਿੱਖ ਪੰਥ ਵਿੱਚ ਬੜਾ ਭਾਰਾ ਮਾਨ ਤੇ ਅਸਰ ਹੈ ਅਰ ਕਮੇਟੀ ਤਮਾਮ ਦੁਨੀਆਂ ਦੇ ਸਿੱਖ ਗੁਰਦੁਆਰਿਆਂ ਦਾ ਪ੍ਰਬੰਧ ਸਦਾ ਲਈ ਹਾਸਲ ਕਰਨ ਵਾਸਤੇ ਹਰ ਪ੍ਰਕਾਰ ਦੇ ਯਤਨ ਕਰ ਰਹੀ ਹੈ ।

ਵਾਹਿਗੁਰੂ ਨੇ ਚਾਹਿਆ ਤਾਂ ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਮੁਫੱਸਲ ਇਤਿਹਾਸ ਵੱਖਰਾ ਲਿਖਨ ਦਾ ਯਤਨ ਕੀਤਾ ਜਾਵੇਗਾ !

ਕਾਰ ਸੇਵਾ

ਸ੍ਰੀ ਅੰਮ੍ਰਿਤ ਸਰੋਵਰ ਦੀ ਜਦ ਤੋਂ ਰਚਨਾ ਹੋਈ ਸੀ, ਤਦ ਤੋਂ ਹੁਣ ਤੱਕ ਸਾਰੇ ਸਰੋਵਰ ਦੀ ਗਾਰ ਕੱਢਣ ਦੀ ਸੇਵਾ ਦਾ ਸਮਾਂ ਸਿੱਖ ਸੰਗਤਾਂ ਨੂੰ ਨਹੀਂ ਮਿਲਿਆ ਸੀ ! ਸ੍ਰੀ ਮਹਾਰਾਜਾ ਸ਼ੇਰ ਸਿੰਘ ਸਾਹਿਬ ਬਹਾਦੁਰ ਨੇ ਸੰਗਤਾਂ ਦੇ ਉਤਸ਼ਾਹ ਤੇ ਆਪਣੇ ਫ਼ਰਜ਼ ਨੂੰ ਮੁੱਖ ਰੱਖਦੇ ਹੋਏ ਸੇਵਾ ਆਰੰਭ ਕਰਾਈ ਸੀ, ਪਰ ਇਕ ਨੁੱਕਰ ਦੀ ਸੇਵਾ ਹੀ ਮਸਾਂ ਅਜੇ ਹੋਈ ਸੀ ਕਿ ਮਹਾਰਾਜਾ ਸਾਹਿਬ ਨੂੰ ਗੁਰਪੁਰੀ ਤੋਂ ਸੱਦਾ ਆ ਗਿਆ ਅਰ ਬਾਕੀ ਸੇਵਾ ਵਿੱਚੇ ਰਹਿ ਗਈ ! ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਸਾਰੇ ਸਿੱਖ ਪੰਥ ਅਰ ਕ੍ਰੋੜਾਂ ਗੁਰੂ ਪ੍ਰੇਮੀਆਂ ਦੀ ਸ਼ਰਧਾ ਤੇ ਲਾਲਸਾ ਨੂੰ ਵੇਖ ਕੇ ਇਸ ਅਦੁਤੀ ਸੇਵਾ ਦੇ ਪੂਰਨ ਕਰਨ ਲਈ ਗੁਰਮਤਾ ਪਾਸ ਕੀਤਾ ਅਤੇ ਇਕ ਸਬ ਕਮੇਟੀ ਨੀਯਤ ਕਰ ਦਿੱਤੀ, ਜਿਸ ਵਿੱਚ ਸ੍ਰੀ ਮਾਨ ਗੁਰਮੁਖ ਪਜਾਰੇ ਸੰਤ ਭਾਈ ਸਾਮ ਸਿੰਘ ਜੀ ਤੇ ਸ੍ਰੀ ਮਾਨ ਗੁਰਮੁਖ ਪਜਾਰੇ ਸੰਤ ਭਾਈ ਗੁਰਮੁਖ ਸਿੰਘ ਜੀ ਆਦਿ ਸ਼ਾਮਲ ਕੀਤੇ ! ਇਸ ਕਾਰ ਸੇਵਾ ਕਮੇਟੀ ਦਾ ਕਾਰਜ ਸਰਦਾਰ ਐਸ. ਐਸ. ਚਰਨ ਸਿੰਘ ਜੀ 'ਸਹੀਦ' ਅੰਮ੍ਰਿਤਸਰ ਵਾਸੀ ਦੀ ਸਕੱਤ੍ਰੀ ਹੇਠ ਆਰੰਭ ਹੋਇਆ ਤੇ ਡਾਕਟਰ ਭਗਵਾਨ ਸਿੰਘ ਜੀ ਦੀ ਸਕੱਤ੍ਰੀ ਹੇਠ ਸਮਾਪਤ ਹੋਇਆ । ਸ਼ਿਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਸਕੱਤ੍ਰ ਉਸ ਸਮੇਂ ਸ੍ਰਦਾਰ ਬਹਾਦੁਰ ਸਰਦਾਰ ਮਤਾਬ ਸਿੰਘ ਜੀ ਤੇ ਭਗਤ ਜਸਵੰਤ ਸਿੰਘ ਜੀ ਸਨ, ਜਿਨ੍ਹਾਂ ਨੇ ਬੜੀ ਮੇਹਨਤ ਨਾਲ ਸੇਵਾ ਕੀਤੀ !

੧੭ ਜੂਨ ੧੯੨੩ ਮੁਤਾਬਕ ੪ ਹਾੜ ੧੯੮੦ ਨੂੰ ੩–੪ ਲੱਖ ਗੁਰ ਸਿੱਖਾਂ ਦਾ ਇਕੱਠ ਸ੍ਰੀ ਅੰਮ੍ਰਿਤਸਰ ਵਿਖੇ ਇਸ ਸੇਵਾ ਦੇ ਆਰੰਭ ਕਰਨ ਲਈ ਹੋਇਆ ! ਸ੍ਰੀ ਅੰਮ੍ਰਿਤ ਸਰੋਵਰ ਦੇ ਵਿਚਕਾਰ ਬੰਨ੍ਹ ਮਾਰਕੇ ਇੱਕ ਪਾਸੇ ਦਾ ਜਲ ਬਿਲਕੁਲ ਸੁਕਾ ਦਿੱਤਾ ਗਿਆ ਸੀ ਤੇ ਦੂਜੇ ਪਾਸੇ ਥੋੜਾ ਜਲ ਸੰਗਤਾਂ ਦੇ ਇਸ਼ਨਾਨ ਲਈ ਰਹਿਣ ਦਿੱਤਾ ਗਿਆ ਸੀ । ਅੰਮ੍ਰਿਤ ਵੇਲੇ ਪਿੱਪਲੀ ਸਾਹਿਬ ਗੁਰਦਵਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਭੋਗ ਪਾਕੇ ਮਹੱਲਾ ਆਰੰਭ ਹੋਯਾ, ਜਿਸ

ਦੀ ਸ਼ਾਨ ਤੇ ਸਿੱਖਾਂ ਦੀ ਤਾਦਾਦ ਦਾ ਅੰਦਾਜ਼ਾ ਇਸੇ ਗੱਲੋਂ ਲੱਗ ਸਕਦਾ ਹੈ ਕਿ ਉਹ ਜਲੂਸ ਸਵੇਰੇ ੭-੮ ਬਜੇ ਅਰੰਭ ਹੋ ਕੇ ਲੌਢੇ ਵੇਲੇ ੩-੪ ਬਜੇ ਬੜੀ ਕਠਿਨਤਾ ਨਾਲ ਸਮਾਪਤ ਹੋ ਸਕਿਆ ! ਸਿੱਖ ਪੰਥ ਦੇ ਸੇਵਾ ਭਾਵ ਤੇ ਜੋਸ਼ ਨੂੰ ਦੇਖ ਕੇ ਧਰਤੀ ਅਕਾਸ਼ ਵਾਹ ਵਾਹ ਕਰ ਰਹੇ ਅਰ ਚੱਕ੍ਰਿਤ ਹੋ ਰਹੇ ਸਨ ! ਇਕ ਨਿਰਧਨ ਕਿਰਤੀ ਸਿੱਖ ਤੋਂ ਲੈ ਕੇ ਸਭ ਤੋਂ ਵੱਡੇ ਸਿੱਖ ੧੦੮ ਹਜ਼ੂਰ ਪਟਿਆਲਾ ਪਤੀ ਤੱਕ ਨੂੰ ਗੁਰੂ ਦੇ ਤਾਲ ਦੀ ਸੇਵਾ ਕਰਦੇ ਵੇਖ ਕੇ ਤਮਾਮ ਦੁਨੀਆਂ ਧੰਨ ਧੰਨ ਆਖ ਰਹੀ ਸੀ ! ਸ੍ਰੀ ਹਜ਼ੂਰ ਮਹਾਰਾਜਾ ਅਧਿਰਾਜ ਸਰ ਭੂਪੇਂਦ੍ਰ ਸਿੰਘ ਸਾਹਿਬ ਮਹਿੰਦਰ ਬਹਾਦੁਰ ਪਟਿਆਲਾ ਪਤੀ ਜੀ ਇਸ ਦਿਨ ਅੰਮ੍ਰਿਤ ਵੇਲੇ ਸ੍ਰੀ ਅੰਮ੍ਰਿਤਸਰ ਜੀ ਪੁੱਜ ਗਏ ਸਨ। ਸ੍ਰੀ ਜੀ ਪਹਿਲਾਂ ਪਿਪਲੀ ਸਾਹਿਬ ਹਾਜ਼ਰ ਹੋ ਕੇ ਗੁਰੂ ਕੇ ਦੀਵਾਨ ਦੇ ਦਰਸ਼ਨ ਕਰਕੇ ਸੰਗਤਾਂ ਦੀਆਂ ਖੁਸ਼ੀਆਂ ਲੈਂਦੇ ਤੇ ਪ੍ਰੇਮੀਆਂ ਦੇ ਦਿਲਾਂ ਵਿਚ ਉਤਸ਼ਾਹ ਭਰਦੇ ਹੋਏ ਬੇਸ਼ੁਮਾਰ ਜੈ ਕਾਰਿਆਂ ਦੀ ਧੁਨੀ ਵਿਚ ਸ੍ਰੀ ਦਰਬਾਰ ਸਾਹਿਬ ਪਹੁੰਚੇ ਅਰ ਨਿਯਮਾਨੁਸਾਰ ਦਰਸ਼ਨ, ਭੇਟਾ, ਅਰਦਾਸੇ ਤੇ ਸਿਰੋ ਪਾਓ ਆਦਿ ਤੋਂ ਬਾਦ ਸ੍ਰੀ ਜੀ ਨੇ ਸ੍ਰੀ ਅਕਾਲ ਤਖਤ ਸਾਹਿਬ ਦੇ ਹਜ਼ੂਰ ਅੰਮ੍ਰਿਤ ਛਕਣ ਦੀ ਅਭਿਲਾਸ਼ਾ ਪ੍ਰਗਟ ਕੀਤੀ, ਜਿਸ ਪਰ ਪੰਥ ਵੱਲੋਂ ਜੈਕਾਰਿਆਂ ਦੀ ਧੁਨੀ ਦੁਆਰਾ ਪ੍ਰਵਾਨਗੀ ਅਨੁਸਾਰ ਪੰਜ ਪਿਆਰੇ ਚੁਣੇ ਜਾਕੇ ਸ੍ਰੀ ਜੀ ਨੂੰ ਅੰਮ੍ਰਿਤ ਛਕਾਯਾ ਗਿਆ। ਸਿੱਖ ਪੰਥ ਦੀ ਸੁਭਾਗ ਸਾਜਨਾ ਦੇ ਦਿਨ ਤੋਂ ਲੈ ਕੇ ਹੁਣ ਤੱਕ ਸ਼ਾਇਦ ਏਹ ਪਹਿਲਾ ਮੌਕਾ ਸੀ ਕਿ ਸਿੱਖਾਂ ਦੇ ਇਕ ਸਭ ਤੋਂ ਵੱਡੇ ਵਾਲੀਏ ਰਿਆਸਤ ਨੇ ਅਕਾਲ ਤਖਤ ਹਾਜ਼ਰ ਹੋਕੇ ਅੰਮ੍ਰਿਤ ਛਕਿਆ। ਸਖਤ ਕੜਕਦੀ ਗਰਮੀ ਦੇ ਦਿਨ ਸ੍ਰੀ ਹਜ਼ੂਰ ਜੀ ਦੋ ਬਜੇ ਤੱਕ ਬਿਨਾਂ ਅੰਨ ਜਲ ਗੁਰੂ ਦੇ ਹਜ਼ੂਰ ਹਾਜ਼ਰ ਰਹੇ। ਸਿੱਖ ਪੰਥ ਦੀ ਖੁਸ਼ੀ ਦਾ ਕੋਈ ਅੰਤ ਸ਼ੁਮਾਰ ਨਹੀਂ ਸੀ। ਸ੍ਰੀ ਜੀ ਦੇ ਅੰਮ੍ਰਿਤ ਛਕਣ ਦੇ ਸਮੇਂ ਤੱਕ ਪੰਜ ਸਿੰਘ ਸੇਵਾ ਦਾ ਕਾਰਜ ਅਰੰਭ ਕਰ ਚੁਕੇ ਸਨ। ਜਦ ਸ੍ਰੀ ਹਜ਼ੂਰ ਜੀ ਸੇਵਾ ਲਈ ਸਰੋਵਰ ਵੱਲ ਚੱਲੇ ਤਾਂ ਸ਼ਿਰੋਮਣੀ ਕਮੇਟੀ ਦੇ ਵਡੇ ਸੇਵਾਦਾਰ ਤੇ ਸਾਰਾ ਪੰਥ ਨਾਲ ਹੋ ਪਿਆ। ਏਹ ਨਜ਼ਾਰਾ ਸ਼ਾਇਦ ਸਾਰੇ ਸੰਸਾਰ ਵਿਚ ਪਹਿਲਾ ਹੀ ਸੀ ਕਿ ਇਕ ਵੱਡਾ ਤਾਜਦਾਰ ਕਲਗੀ ਜਿਗਾ ਲਗਾਈ, ਸਿਰ ਤੇ ਟੋਕਰੀ ਅਰ ਮੋਢੇ ਕਹੀ ਉਠਾਈ ਬੇਸ਼ੁਮਾਰ ਸੰਗਤ ਸਮੇਤ ਗੱਜਵੇਂ ਜੈਕਾਰਿਆਂ ਦੇ ਦਰਮਿਆਨ ਗੁਰੂ ਦੇ ਤਾਲ ਦੀ ਗਾਰ ਕੱਢਣ ਜਾ ਰਿਹਾ ਸੀ। ਮਹਾਰਾਜਾ ਸਾਹਿਬ ਨੇ ਸਿਰ ਤੋਂ ਪੈਰਾਂ ਤੱਕ ਪਵਿੱਤ੍ਰ ਗਾਰ ਨਾਲ ਲਿੱਬੜੇ ਤੇ ਸ਼ਾਹੀ ਸੀਸ ਉਤੇ ਗਾਰ ਦੀ ਟੋਕਰੀ ਚੁੱਕ ਕੇ ਅਕਾਲ ਤਖਤ ਵੱਲ ਆਉਂਦੇ ਲੱਖਾਂ ਸਿਖਾਂ ਦੇ ਨੇਤ੍ਰਾਂ ਵਿੱਚੋਂ ਪ੍ਰੇਮ ਦੇ ਆਂਸੂ ਵਗ ਤੁਰੇ ਅਰ ਸਿਖਾਂ ਦੀ ਪਵਿੱਤ੍ਰਤਾ ਦਾ ਮਹਾਂ ਉੱਚ ਦ੍ਰਿਸ਼ਜ ਪ੍ਰਤੱਖ ਨਜ਼ਰ ਆਉਣ ਲੱਗ ਪਿਆ।

ਸ੍ਰੀ ਅਕਾਲ ਤਖਤ ਸਾਹਿਬ ਪੁੱਜਕੇ ਸਰਦਾਰ ਬਹਾਦੁਰ ਸਰਦਾਰ ਮਹਿਤਾਬ ਸਿੰਘ ਜੀ ਪ੍ਰੈਜ਼ੀਡੈਂਟ ਸ਼ਿਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਨੇ ਇਕ ਬੜੀ ਅਸਰ ਭਰੀ ਤਕਰੀਰ ਕਰਕੇ ਸ੍ਰੀ ਹਜ਼ੂਰ ਜੀ ਦਾ ਧੰਨਵਾਦ ਕੀਤਾ ਅਰ ਸਾਰੇ ਪੰਥ ਵੱਲੋਂ ਮਹਾਰਾਜਾ ਸਾਹਿਬ ਪਰ ਖੁਸ਼ੀਆਂ ਪ੍ਰਗਟ ਕੀਤੀਆਂ ਤੇ ਇਕ ਡਾਢੀ ਸੁੰਦਰ ਸੁਨਹਿਰੀ ਦਸਤੇ ਵਾਲੀ ਸ੍ਰੀ ਸਾਹਿਬ ਬਤੌਰ ਸਿਰੋਪਾਉ ਸ੍ਰੀ ਹਜ਼ੂਰ ਜੀ ਨੂੰ ਪਹਿਨਾਈ। ਜਿਸ ਦੇ ਉੱਤਰ ਵਿਚ ਸ੍ਰੀ ਹਜ਼ੂਰ ਜੀ ਨੇ ਅਕਾਲ ਤਖਤ ਦੇ ਚਬੂਤਰੇ ਪਰ ਖੜੇ ਹੋ ਕੇ ਪੰਥ ਨੂੰ ਮੁਖ਼ਾਤਬ ਕਰ ਕੇ ਡਾਢੀ ਪ੍ਰੇਮ ਭਿੰਨੀ ਤਕਰੀਰ ਕੀਤੀ, ਜੋ ਨਿਰਸੰਦੇਹ ਸਦੀਆਂ ਤੀਕ ਯਾਦਗਾਰ ਰਹੇਗੀ, ਅਤੇ ਚਾਲੀ ਹਜ਼ਾਰ ਦਮੜਾ ਅੰਮ੍ਰਿਤ ਸਰੋਵਰ

ਦੇ ਜੰਗਲੇ ਅਤੇ ਗੁਰੂ ਕੇ ਲੰਗਰ ਵਾਸਤੇ ਭੇਟਾ ਕਰ ਕੇ ਪੰਥ ਪਾਸੋਂ ਵਿਦਿਆ ਹੋ ਕੇ ਸ੍ਰੀ ਹਜ਼ੂਰ ਜੀ ਸਾਰਾ ਰਸਤਾ ਉਸੇ ਗਾਰ ਭਰੀ ਅਵਸਥਾ ਵਿਚ ਮੋਟਰ ਵਿਚ ਖਲੋਤੇ ਪਬਲਕ ਨੂੰ ਦਰਸ਼ਨ ਦੇਂਦੇ ਤੇ ਸੰਗਤਾਂ ਦੀਆਂ ਖੁਸ਼ੀਆਂ ਲੈਂਦੇ ਸਟੇਸ਼ਨ ਨੂੰ ਰਵਾਨਾ ਹੋ ਗਏ। ਸਾਰੇ ਸਿਖ ਮਹਾਰਾਜਿਆਂ ਵਿਚੋਂ ਕੇਵਲ ਸ੍ਰੀ ਹਜ਼ੂਰ ਪਟਲੇਸ਼੍ਵਰ ਜੀ ਨੇ ਹੀ ਖੁਦ ਗੁਰੂ ਦੇ ਦਰਬਾਰ ਹਾਜ਼ਰ ਹੋ ਕੇ ਆਪ ਨੇ ਸੀਸ ਤੇ ਟੋਕਰੀ ਚੁੱਕੀ, ਤੇ ਸੇਵਾ ਕੀਤੀ, ਅਤੇ ਹੋਰਨਾਂ ਰਾਜਿਆਂ ਮਹਾਰਾਜਿਆਂ ਲਈ ਪੂਰਨੇ ਪਾ ਦਿੱਤੇ।

ਕਾਰ ਸੇਵਾ ਲਗ ਭਗ ਤਿੰਨ ਹਫਤੇ ਹੁੰਦੀ ਰਹੀ। ਵੱਡੀ ਵੱਡੀ ਦੂਰ ਤੋਂ ਸੰਗਤਾਂ ਆਉਂਦੀਆਂ ਤੇ ਸੇਵਾ ਕਰਦੀਆਂ ਰਹੀਆਂ, ਸਿਖ ਪੰਥ ਦੇ ਤਮਾਮ ਫਿਰਕੇ ਸੇਵਾ ਲਈ ਹਾਜ਼ਰ ਹੋਏ। ਹਿੰਦੂਆਂ ਤੇ ਮੁਸਲਮਾਨਾਂ ਨੇ ਬੜੀ ਬੜੀ ਗਿਣਤੀ ਵਿਚ ਆ ਕੇ ਸੇਵਾ ਕੀਤੀ। ਲੱਖਾਂ ਰੁਪਏ ਲੰਗਰ ਤੇ ਸੰਗਤਾਂ ਦੀ ਰਿਹਾਇਸ਼ ਪਰ ਖਰਚ ਹੋ ਗਏ। ਅੰਮ੍ਰਿਤਸਰ ਨਿਵਾਸੀਆਂ ਨੇ ਆਪਣੇ ਧੰਨ ਭਾਗ ਜਾਣਕੇ ਵਧ ਵਧ ਕੇ ਸੰਗਤਾਂ ਦੀ ਖਿਦਮਤ ਕੀਤੀ। ਗੱਲ ਕੀ ਕਾਰ ਸੇਵਾ ਦੇ ਹੋਣ ਨਾਲ ਸਿੱਖੀ ਸਪਿਰਿਟ ਦਾ ਐਸਾ ਨਜ਼ਾਰਾ ਦੁਨੀਆਂ ਨੂੰ ਨਜ਼ਰ ਆਯਾ ਜੋ ਕਈ ਸਦੀਆਂ ਤਕ ਨਹੀਂ ਭੁੱਲੇਗਾ। ਏਹ ਸੇਵਾ ੧੭ ਜੂਨ ੧੯੨੩ ਨੂੰ ਅਰੰਭ ਹੋਈ ਤੇ ੮ ਜੁਲਾਈ ੧੯੨੩ ਨੂੰ ਸਮਾਪਤ ਹੋਈ। ਕਾਰ ਸੇਵਾ ਦਾ ਸਾਰਾ ਇਤਿਹਾਸ ਵੱਖਰਾ ਲਿਖਿਆ ਜਾਵੇਗਾ। ਜਿਨ੍ਹਾਂ ਜਿਨ੍ਹਾਂ ਪ੍ਰੇਮੀਆਂ ਨੇ ਇਸ ਸੇਵਾ ਵਿਚ ਹਿੱਸਾ ਲਿਆ, ਓਹਨਾਂ ਉਤੇ ਅਕਾਲ ਪੁਰਖ ਦੀਆਂ ਬਰਕਤਾਂ ਵਰ੍ਹਨਗੀਆਂ।

ਕਾਰ ਸੇਵਾ ਦੇ ਨਾਲ ਹੀ ਹੋਰ ਭੀ ਅਨੇਕ ਪ੍ਰਕਾਰ ਦੀ ਸੇਵਾ ਹੋ ਚੁਕੀ ਹੈ। ਵਡੀ ਪ੍ਰਕਰਮਾ ਨੂੰ ਚਾਰੇ ਪਾਸਿਓਂ ਇਕੋ ਜੇਹੀ ਕਰਨ ਲਈ ਝੰਡਾ ਬੁੰਗਾ ਪਿਛੇ ਹਟਾਇਆ ਗਿਆ ਤੇ ਪੌਣੇ ਦਰੁਸਤ ਕੀਤੇ ਗਏ ਹਨ, ਸੰਗਤਾਂ ਵੱਲੋਂ ਸੇਵਾ ਬੜੇ ਪ੍ਰੇਮ ਤੇ ਉਤਸ਼ਾਹ ਨਾਲ ਹੋ ਰਹੀ ਹੈ। ਗੁਰੂ ਕੇ ਲੰਗਰ ਦਾ ਪ੍ਰਬੰਧ ਬੜੇ ਵੱਡੇ ਪੈਮਾਨੇ ਤੇ ਕੀਤਾ ਗਿਆ ਹੈ। ਸਰੋਵਰ ਦੇ ਅੰਦਰ ਜੋ ਕਦੀ ਕਦੀ ਕੋਈ ਪ੍ਰਾਣੀ ਡੁੱਬਕੇ ਕਾਲ ਵੱਸ ਹੋ ਜਾਂਦਾ ਸੀ, ਉਸ ਦੇ ਬਚਾਓ ਲਈ ਜੰਗਲਾ ਲਾਇਆ ਜਾ ਰਿਹਾ ਹੈ। ਹੋਰ ਪ੍ਰਬੰਧ ਵਿਚ ਬੀ ਯਥਾ ਯੋਗ ਸੁਧਾਰ ਹੋ ਰਹੇ ਹਨ। ਸਤਿਗੁਰੂ ਆਪਣੀ ਪਿਆਰੀ ਸੰਗਤ ਨੂੰ ਸੇਵਾ ਦਾ ਪ੍ਰੇਮ ਤੇ ਬਲ ਦਿਨੋ ਦਿਨ ਸਵਾਯਾ ਬਖਸ਼ ਕੇ ਸੇਵਾ ਲੈ ਰਹੇ ਹਨ।

ਵਾਹਿਗੁਰੂ ਜੀ ਕਾ ਖਾਲਸਾ
ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

ਵਿਗਜ਼ਾਪਨ

ਨਿਮਨ ਲਿਖਤ ਪੁਸਤਕਾਂ ਸ੍ਰੀ ਮਾਨ ਪੰਥ ਰਤਨ ਬਾਬਾ ਗਯਾਨ ਸਿੰਘ ਜੀ ਗਯਾਨੀ ਰਚਿਤ ਅਤਿ ਸੁੰਦਰ ਸ਼ਕਲ ਵਿਚ ਪ੍ਰਕਾਸ਼ਤ ਕਰਨ ਦਾ ਪ੍ਰਬੰਧ ਪਟਿਆਲਾ ਗਵਰਨਮੈਂਟ ਵੱਲੋਂ ਕੀਤਾ ਗਿਆ ਹੈ :–

ਗੁਰਮੁਖੀ

੧. ਤਵਾਰੀਖ ਗੁਰੂ ਖਾਲਸਾ
੨. ਤਵਾਰੀਖ ਸ਼ਮਸ਼ੇਰ ਖਾਲਸਾ
੩. ਤਵਾਰੀਖ ਰਾਜ ਖਾਲਸਾ
੪. ਤਵਾਰੀਖ ਸਰਦਾਰ ਖਾਲਸਾ
੫. ਤਵਾਰੀਖ ਪੰਥ ਖਾਲਸਾ
੬. ਸੂਰਜ ਪ੍ਰਕਾਸ਼ ਵਾਰਤਕ ੩ ਭਾਗ
੭. ਪੰਥ ਪ੍ਰਕਾਸ਼
੮. ਰਾਮਾਇਣ ਭਾ: ਮਨੀ ਸਿੰਘ ਜੀ
੯. ਤਵਾਰੀਖ ਲਾਹੌਰ
੧੦. ਤਵਾਰੀਖ ਸ੍ਰੀ ਅੰਮ੍ਰਿਤਸਰ ਜੀ
੧੧. ਪਤਿਤ ਪਾਵਨ
੧੨. ਗੁਰਧਾਮ ਸੰਗ੍ਰਹਿ
੧੩. ਭੂਪੇਂਦ੍ਰਾ ਨੰਦ
੧੪. ਗੁਰਪੁਰਬ ਪ੍ਰਕਾਸ਼
੧੫. ਰਿਪੁਦਮਨ ਪ੍ਰਕਾਸ਼ ੫ ਭਾਗ
੧੬. ਅਨਿਕ ਪ੍ਰਕਾਰ
੧੭. ਦੋਹਾਵਲੀ
੧੮. ਪ੍ਰਸ਼ਨੋਤਰੀ
੧੯. ਕਥਾ ਪੂਰਨਮਾਸ਼ੀ
੨੦. ਨਿਰਮਲ ਪੰਥ ਪ੍ਰਦੀਪਕਾ
੨੧. ਅੰਮ੍ਰਿਤ ਪ੍ਰਕਾਸ਼
੨੨. ਕੰਵਲ ਫੂਲ ਮਾਲਾ
੨੩. ਫੂਲ ਮਾਲਾ ਰਾਮਾਇਣ
੨੪. ਗਰਬ ਗੰਜਨੀ (ਟੀਕਾ ਜਪੁ ਸਾਹਿਬ ਜੀ)
੨੫. ਗਰਬ ਗੰਜਨੀ ਕ੍ਰਿਤ ਭਾਈ ਮਨੀ ਸਿੰਘ ਜੀ
੨੬. ਨੀਤੀ ਪ੍ਰਕਾਸ਼
੨੭. ਇਤਿਹਾਸ ਭਾਈ ਰੂਪ ਚੰਦ
੨੮. ਜੀਵਨ ਗਯਾਨੀ ਗਯਾਨ ਸਿੰਘ ਜੀ

–ਉਰਦੂ–

੧. ਤਵਾਰੀਖ ਗੁਰੂ ਖਾਲਸਾ
੨. " ਸ਼ਮਸ਼ੇਰ ਖਾਲਸਾ
੩. " ਰਾਜ ਖਾਲਸਾ
੪. " ਸਰਦਾਰ ਖਾਲਸਾ
੫. " ਪੰਥ ਖਾਲਸਾ
੬. ਸਵਾਨਿਹ ਉਮਰੀ ਗਿਆਨੀ ਗਿਆਨ ਸਿੰਘ ਜੀ
੭. ਤਵਾਰੀਖ ਲਾਹੌਰ
੮. " ਸ੍ਰੀ ਅੰਮ੍ਰਿਤਸਰ ਜੀ
੯. ਗੁਰ ਧਾਮ ਸੰਗ੍ਰਹਿ
੧੦. ਗਰਬ ਗੰਜਨੀ ਟੀਕਾ ਜਪੁ ਸਾਹਿਬ ਜੀ

Nanakshahi
- 0522